ਸਾਹਿਬ ਮੇਰਾ ਮਿਹਰਵਾਨੁ

ਪੰਥ ਰਤਨ
ਗਿਆਨੀ ਸੰਤ ਸਿੰਘ ਜੀ ਮਸਕੀਨ ਦੇ ਲੈਕਚਰ



ISBN : 81-7601-832-5

ਪਹਿਲੀ ਐਡੀਸ਼ਨ ਅਗਸਤ 2007

ਭੇਟਾ : **80-00**

ਪ੍ਰਕਾਸ਼ਕ:-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ/ਫੈਕਸ : 91-183-2542346, 2547974, 2557973

Web site: www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਤਤਕਰਾ

★★★

ਸਮਰਪਣ

ਪੰਥ ਰਤਨ ਗਿ. ਸੰਤ ਸਿੰਘ ਜੀ ਮਸਕੀਨ

ਦੀ

ਪਵਿੱਤਰ ਆਤਮਾ ਨੂੰ ਸਮਰਪਣ

—ਸੰਪਾਦਕ

ਸੰਪਾਦਕੀ

ਸਿੱਖ-ਪੰਥ ਦੇ ਮਹਾਨ ਅਨੁਭਵੀ ਵਿਦਵਾਨ, ਪੰਥ-ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਵਿਸ਼ਾਲ ਗਿਆਨ ਭੰਡਾਰ ਦੇ ਸਾਗਰ, ਸਿੱਖ ਸੰਗਤਾਂ ਦੇ ਦਿਲਾਂ ਦੀ ਧੜਕਣ, ਜਿਹਨਾਂ ਨੇ ਸੰਸਾਰ ਭਰਮਣ ਕਰਕੇ ਦੁਨੀਆਂ ਦੇ ਕੋਨੇ-ਕੋਨੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਇਹਨਾਂ ਦੀ ਬਦੌਲਤ ਜਿਹਨਾਂ ਮੁਲਕਾਂ ਵਿਚ ਹਾਲੇ ਸਿੱਖੀ ਦਾ ਪ੍ਰਚਾਰ ਨਹੀਂ ਸੀ ਹੋ ਰਿਹਾ, ਉਹਨਾਂ ਮੁਲਕਾਂ ਵਿਚ ਵੀ ਸਿੱਖ ਧਰਮ ਦੇ ਪ੍ਰਚਾਰ ਦੇ ਕੇਂਦਰ ਬਣ ਗਏ। ਮਸਕੀਨ ਜੀ ਜਿਥੇ ਜਿਥੇ ਵੀ ਗਏ, ਸੰਗਤਾਂ ਨੇ ਭਰਪੂਰ ਮਾਣ ਸਤਿਕਾਰ ਨਾਲ ਨਿਵਾਜਿਆ। ਫਿਰ ਸੰਗਤਾਂ ਨੇ ਮਸਕੀਨ ਜੀ ਦੇ ਅਨਮੋਲ ਬਚਨਾਂ ਨੂੰ ਰਿਕਾਰਡ ਕਰਕੇ ਸੰਭਾਲਿਆ। ਐਸੇ ਵਿਦਵਾਨ ਕੁਦਰਤ ਕਈ ਸਦੀਆਂ ਬਾਅਦ ਹੀ ਪੈਦਾ ਕਰਦੀ ਹੈ। ਸਿੱਖ ਪੰਥ ਵਲੋਂ ਜਿਤਨਾ ਸਤਿਕਾਰ ਮਸਕੀਨ ਜੀ ਨੂੰ ਮਿਲਿਆ, ਸ਼ਾਇਦ ਕਿਸੇ ਵਿਰਲੇ ਨੂੰ ਹੀ ਮਿਲਿਆ ਹੋਵੇ।

ਅਜੋਕੇ ਯੁੱਗ ਵਿਚ ਐਸੇ ਸਾਧਨ ਮੌਜੂਦ ਹਨ ਕਿ ਕਿਸੇ ਮਹਾਨ ਵਿਅਕਤੀ ਦੇ ਵਿਚਾਰ ਸਦੀਆਂ ਤੱਕ ਸੰਭਾਲੇ ਜਾ ਸਕਦੇ ਹਨ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਹਨਾਂ ਤੋਂ ਮਾਰਗ-ਦਰਸ਼ਨ ਕਰ ਸਕਣ। ਮਸਕੀਨ ਜੀ ਆਪਣੀ ਮਿਸਾਲ ਆਪ ਹੀ ਸਨ, ਇਹਨਾਂ ਦੀ ਕਿਸੇ ਦੂਸਰੇ ਵਿਦਵਾਨ ਨਾਲ ਤੁਲਨਾ ਨਹੀਂ ਹੋ ਸਕਦੀ।

ਗੁਰਸਿੱਖਾਂ ਦੇ ਮਹਾਨ ਉਪਰਾਲੇ ਸਦਕਾ ਅੱਜ ਵੀ ਹਰ ਰੋਜ਼ ਮਸਕੀਨ ਜੀ ਦੇ ਵਿਚਾਰ ਤੁਸੀਂ ਈ.ਟੀ.ਸੀ. ਚੈਨਲ 'ਤੇ ਸਰਵਣ ਕਰ ਸਕਦੇ ਹੋ। ਇਹ ਉਸ ਮਹਾਨ ਵਿਦਵਾਨ ਪ੍ਰਤੀ ਸ਼ਰਧਾਂਜਲੀ ਹੈ। ਦਾਸ ਨੇ ਮਸਕੀਨ ਜੀ ਦੇ ਵਿਚਾਰਾਂ ਨੂੰ ਰਿਕਾਰਡ, ਫਿਰ ਇਹ ਸਿਦਕ ਨਾਲ ਮਹਿਸੂਸ ਕੀਤਾ ਗਿਆ ਕਿ ਇਹਨਾਂ ਕੈਸਟਾਂ ਤੋਂ ਲਿਖਤੀ ਰੂਪ ਵਿਚ ਉਤਾਰਾ ਕਰਕੇ, ਇਹਨਾਂ ਨੂੰ ਛਪਾਈ ਦਾ ਜਾਮਾ ਪਹਿਨਾਇਆ ਜਾ ਸਕੇ। ਇਸ ਨਾਲ ਇਹ ਵਿਚਾਰ ਘਰ-ਘਰ ਤੇ ਸਾਰੀ ਦੁਨੀਆਂ ਤੱਕ ਪਹੁੰਚ ਸਕਣਗੇ।

ਧਾਰਮਿਕ ਸਾਹਿਤ ਵਿਚ ਇਕ ਮੁਕਾਮ ਹਾਸਲ ਕਰਨ ਵਾਲੀ ਸੰਸਾਰ ਪ੍ਰਸਿੱਧ ਫ਼ਰਮ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ, ਇਹਨਾਂ ਨੇ ਇਸ ਪਾਸੇ ਖ਼ਾਸ ਧਿਆਨ ਦਿੱਤਾ ਹੈ। ਇਹਨਾਂ ਦੀ ਦਿਲੀ ਤਮੰਨਾ ਹੈ ਕਿ ਮਸਕੀਨ ਜੀ ਦੇ ਵਿਚਾਰਾਂ ਨੂੰ ਕੈਸਟਾਂ ਤੋਂ ਲਿਖਤੀ ਉਤਾਰਾ ਕਰਵਾ ਕੇ ਪੁਸਤਕਾਂ ਦੇ ਰੂਪ ਵਿਚ ਸੰਗਤਾਂ ਦੇ ਕਰ-ਕਮਲਾਂ ਤੱਕ ਪਹੁੰਚਾਣ।

ਇਸੇ ਲੜੀ ਦੀ ਇਹ ਹੱਥਲੀ ਪੁਸਤਕ 'ਸਾਹਿਬ ਮੇਰਾ ਮਿਹਰਵਾਨੁ' ਹਾਜ਼ਰ ਹੈ। ਇਸ ਵਿਚ ਮਸਕੀਨ ਜੀ ਦੇ ਨੌਂ ਲੈਕਚਰ ਹਨ : ਸਾਹਿਬ ਮੇਰਾ ਮਿਹਰਵਾਨੁ, ਗੁਰ ਕੈ ਸਬਦਿ ਭਰੇ ਭੰਡਾਰਾ, ਤੇਰੇ ਚਾਕਰਾਂ ਪਾ ਖਾਕ, ਸਿਮਰਉ ਸਿਮਰਿ ਸਿਮਰਿ ਸੁਖ ਪਾਵਉ, ਜਿਉ ਹਰਿ ਭਾਵੈ ਤਿਉ ਰਖੀਐ, ਗਗਨ ਮੈ ਥਾਲੁ, ਕਹਿ ਕਬੀਰ ਸੋ ਭਰਮੈ ਨਾਹੀ, ਸਫਲੁ ਜਨਮੁ ਭਗਤਾ ਕਾ ਕੀਤਾ, ਸਾਚਾ ਸਾਹਿਬ ਵਿਸਰਿਆ, ਆਸ ਹੈ ਕਿ ਇਸ ਉਪਰਾਲੇ ਨੂੰ ਸਿੱਖ ਸੰਗਤਾਂ ਭਰਪੂਰ ਹੁੰਗਾਰਾ ਦੇਣਗੀਆਂ।

ਮਨਜਿੰਦਰ ਸਿੰਘ

ਸੰਪਾਦਕ

ਬੀ1/284, ਮਕਸੂਦਾਂ,

ਜਲੰਧਰ

ਸਾਹਿਬ ਮੇਰਾ ਮਿਹਰਵਾਨੁ

ਤਿਲੰਗ ਮਹਲਾ ੫ ਘਰੁ ੩ ॥

ਮਿਹਰਵਾਨੁ ਸਾਹਿਬ ਮਿਹਰਵਾਨੁ ॥

ਸਾਹਿਬ ਮੇਰਾ ਮਿਹਰਵਾਨੁ ॥ ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥

ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥ ੧ ॥

ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥

ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥ ੨ ॥

ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥

ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥ ੩ ॥

ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥

ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥ ੪ ॥ ੩ ॥

(ਅੰਗ ੭੨੪)

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਨਮਾਨ ਯੋਗ ਗੁਰੂ ਰੂਪ ਸਾਧਸੰਗਤਿ ਜੀਉ!

ਤਿਲੰਗ ਰਾਗ ਦੇ ਅੰਦਰ ਪੰਜਵੇਂ ਗੁਰੂ ਨਾਨਕ ਇਹ ਬਖ਼ਸ਼ਿਸ਼ ਭਰਿਆ ਹੁਕਮਨਾਮਾ ਅੱਜ ਸਾਡੇ ਸਾਹਮਣੇ ਰੱਖ ਰਹੇ ਹਨ। ਇਸ ਵਿਚ ਮਨੁੱਖ ਦੀ ਮੂਲ ਸਮੱਸਿਆ ਨੂੰ ਲਿਆ ਹੈ। ਸਮੱਸਿਆ ਚਿੰਤਾ ਹੈ ਤੇ ਚਿੰਤਾ ਕਰਕੇ ਮਨ ਡੋਲਦਾ ਹੈ। ਹਜ਼ਾਰਾਂ ਤਰ੍ਹਾਂ ਦੀਆਂ ਚਿੰਤਾਵਾਂ ਵਿਚ ਪ੍ਰਬਲ ਚਿੰਤਾ ਹੈ ਰਿਜ਼ਕ ਦੀ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਫ਼ੁਰਮਾਣ ਹੈ-

ਸਭੁ ਕਿਛੁ ਬਹੁਤੋ ਬਹੁਤੁ ਉਪਾਇਆ ॥

(ਅੰਗ ੧੦੪)

ਮਨੁੱਖਾਂ ਨੂੰ ਜਿੰਨਾ ਆਕਸੀਜਨ ਚਾਹੀਦਾ ਹੈ, ਅਰਬਾਂ ਖਰਬਾਂ ਗੁਣਾ ਜ਼ਿਆਦਾ ਹੈ।

ਮਨੁੱਖ ਨੂੰ ਜਿੰਨਾ ਪਾਣੀ ਚਾਹੀਦਾ ਹੈ ਜਾਂ ਸਾਰੇ ਜੀਵਾਂ ਨੂੰ ਜਿੰਨਾ ਪਾਣੀ ਚਾਹੀਦਾ ਹੈ, ਅਨੰਤ ਗੁਣਾ ਜ਼ਿਆਦਾ ਹੈ। ਜਿਊਣ ਵਾਸਤੇ ਜਿੰਨੀ ਪਵਨ ਚਾਹੀਦੀ ਹੈ ਸਵੱਛ, ਅਨੰਤ ਗੁਣਾ ਜ਼ਿਆਦਾ ਹੈ। ਇਸੇ ਤਰੀਕੇ ਨਾਲ ਰਹਿਣ ਨੂੰ ਜਿੰਨੀ ਜ਼ਮੀਨ ਚਾਹੀਦੀ ਹੈ, ਅਨੰਤ ਗੁਣਾ ਜ਼ਿਆਦਾ ਹੈ। ਇਕ ਚੌਥਾਈ ਧਰਤੀ ਦੇ ਉਤੇ ਮਨੁੱਖ ਰਹਿ ਰਹੇ ਹਨ ਤੇ ਬਾਕੀ ਧਰਤੀ ਗ਼ੈਰ-ਆਬਾਦ ਹੈ। ਹਿੰਦੁਸਤਾਨ ਨਾਲੋਂ ਸਾਡੇ ਤਿੰਨ ਗੁਣਾ ਵੱਡਾ ਹੈ ਕੈਨੇਡਾ ਜਿਸ ਦੀ ਕੁਲ ਆਬਾਦੀ ਢਾਈ ਤਿੰਨ ਕਰੋੜ ਹੈ। ਹਜ਼ਾਰਾਂ ਮੀਲ ਤੱਕ ਜ਼ਮੀਨ ਖ਼ਾਲੀ ਪਈ ਹੈ। ਜੰਗਲ ਹੀ ਜੰਗਲ ਹੈ। ਖਾਣ ਨੂੰ ਜਿੰਨਾ ਭੋਜਨ ਚਾਹੀਦਾ ਹੈ, ਅਨੰਤ ਗੁਣਾ ਜ਼ਿਆਦਾ ਹੈ। ਫਿਰ ਮਨੁੱਖੀ ਦੁਨੀਆਂ ਵਿਚ ਇਹ ਹਫੜਾ ਦਫੜੀ, ਚਿੰਤਾ ਅਤੇ ਫਿਰ ਕਿਤੇ ਕਿਤੇ ਭੁੱਖਮਰੀ। ਇਹਨਾਂ ਹਾਲਤਾਂ ਨੂੰ ਦੇਖਕੇ ਮਨ ਡੋਲਦਾ ਹੈ।

ਸ਼ਬਦ ਵਿਚ ਮੂਲ ਉਪਦੇਸ ਹੈ-

ਤੂ ਕਾਹੇ ਡੋਲਹਿ ਪ੍ਰਾਣੀਆ॥

(ਅੰਗ ੭੨੪)

ਮਨ ਡੋਲਦਾ ਹੈ। ਭਰੋਸਾ ਨਹੀਂ ਬੱਝਦਾ। ਰਿਜ਼ਕ ਦੇ ਸੰਬੰਧ ਵਿਚ ਤਾਂ ਭਰੋਸਾ ਬੱਝਦਾ ਹੀ ਨਹੀਂ। ਮੈਂ ਕਿਤੇ ਵੀ ਚਲਾ ਜਾਵਾਂ, ਪਵਣ ਹਰ ਥਾਂ ਮੌਜੂਦ ਹੈ। ਮੈਨੂੰ ਹਵਾ ਕਮਾਉਣ ਵਾਸਤੇ ਯਤਨ ਨਹੀਂ ਕਰਨਾ ਪੈਂਦਾ। ਇਹ ਠੀਕ ਹੈ ਹਵਾ ਤੋਂ ਬਿਨਾਂ ਮੈਂ ਇਕ ਸੈਕਿੰਡ ਵੀ ਨਹੀਂ ਜੀਅ ਸਕਦਾ, ਪਰ ਹਵਾ ਲਈ ਮੈਨੂੰ ਕੁਝ ਮਿਹਨਤ ਨਹੀਂ ਕਰਨੀ ਪੈਂਦੀ। ਇਹ ਤਾਂ ਵਿਆਪਕ ਹੈ। ਇਸਦੀ ਮੈਨੂੰ ਕੋਈ ਚਿੰਤਾ ਨਹੀਂ। ਪਵਣ ਦੇ ਪ੍ਰਤੀ ਮੈਂ ਨਿਸਚਿੰਤ ਹਾਂ, ਮਨ ਨਹੀਂ ਡੋਲਦਾ। ਦੂਸਰਾ ਹੈ ਪਾਣੀ। ਕਿਉਂਕਿ ਮਨੁੱਖ ਦੇਖ ਰਿਹਾ ਹੈ ਕਿ ਪਾਣੀ ਦੇ ਦਰਿਆ ਪਏ ਚੱਲਦੇ ਹਨ। ਪਾਣੀ ਦੀ ਬਾਰਿਸ਼ ਹੁੰਦੀ ਹੈ। ਮੈਂ ਕਿਤੇ ਵੀ ਚਲਾ ਜਾਵਾਂ, ਮੈਨੂੰ ਇਹ ਚਿੰਤਾ ਵੀ ਨਹੀਂ ਕਿ ਪਾਣੀ ਮਿਲੇਗਾ ਕਿ ਨਹੀਂ। ਪਰ ਮੈਂ ਕਿਤੇ ਵੀ ਹੋਵਾਂ, ਇਹ ਚਿੰਤਾ ਹੈ ਕਿ ਰੋਟੀ ਮਿਲੇਗੀ ਕਿ ਨਹੀਂ। ਰੋਟੀਆਂ ਦੀ ਬਾਰਿਸ਼ ਨਹੀਂ ਹੁੰਦੀ। ਰੋਟੀਆਂ ਦੇ ਦਰਿਆ ਨਹੀਂ ਚੱਲਦੇ। ਰੋਟੀ ਵਿਆਪਕ ਨਹੀਂ ਹੈ। ਇਸੇ ਚਿੰਤਾ ਕਰਕੇ ਮਨ ਡੋਲਦਾ ਹੈ।

ਚਿੰਤਾਤੁਰ ਮਨੁੱਖ ਚਿੰਤਨ ਨਹੀਂ ਕਰ ਸਕਦਾ। ਜਪੁ ਜੀ ਪੜ੍ਹੇਗਾ ਉਸਦੇ ਵਿਚ ਚਿੰਤਾ ਚੱਲੇਗੀ, ਗੁਰੂ ਦਾ ਚਿੰਤਨ ਨਹੀਂ ਚੱਲੇਗਾ। ਚਿੰਤਾਤੁਰ ਮਨੁੱਖ ਗੁਰਦੁਆਰੇ ਬੈਠਾ ਹੈ, ਗੁਰੂ ਦਾ ਚਿੰਤਨ ਨਹੀਂ ਚੱਲੇਗਾ, ਰੋਟੀ ਦੀ ਚਿੰਤਾ ਚੱਲੇਗੀ। ਚਿੰਤਾਤੁਰ ਮਨੁੱਖ ਦੇ ਹੱਥ ਵਿਚ ਗੁਟਕਾ ਹੈ, ਪ੍ਰਭੂ ਦਾ ਚਿੰਤਨ ਨਹੀਂ ਚੱਲੇਗਾ, ਰੋਟੀ ਦੀ ਚਿੰਤਾ ਚੱਲੇਗੀ। ਕੁਝ ਅਜਿਹੀਆਂ ਕਹਾਵਤਾਂ ਵੀ ਹਨ ਕਿ ਜਿਨ੍ਹਾਂ ਦੀ ਕੋਠੀ ਦਾਣੇ ਤਿਨ੍ਹਾਂ ਦੇ ਕਮਲੇ ਵੀ ਸਿਆਣੇ। ਜਿਨ੍ਹਾਂ ਦੇ ਘਰ ਰੋਟੀਆਂ ਬਹੁਤ ਜ਼ਿਆਦਾ ਹਨ, ਪਾਗਲ ਵੀ ਸਿਆਣੇ ਸਮਝੇ ਜਾਂਦੇ ਹਨ। ਤੁਸੀਂ ਕਦੀ ਸੁਣਿਆ ਹੈ ਕਿ ਜਿਨ੍ਹਾਂ ਦੇ ਘਰ ਪਾਣੀ ਜ਼ਿਆਦਾ ਹੈ ਤੇ ਉਹ ਸਿਆਣੇ ਹਨ। ਜਿਨ੍ਹਾਂ ਦੇ ਘਰ ਹਵਾ ਬਥੇਰੀ ਹੈ ਤੇ ਸਿਆਣੇ ਬਥੇਰੇ ਹਨ। ਇਹ ਸੁੱਤੇ ਸਿੱਧ ਉਪਲੱਬਧ ਹੈ। ਪ੍ਰਕਿਰਤੀ ਚਾਹੁੰਦੀ ਹੈ,

ਪ੍ਰਮਾਤਮਾ ਚਾਹੁੰਦਾ ਹੈ ਕਿ ਮਨੁੱਖ ਰੋਟੀ ਲਈ ਥੋੜਾ ਉੱਦਮ ਕਰੇ। ਹੱਥ ਪੈਰ ਚਲਾਵੇ। ਇਹ ਆਪਣੀ ਜ਼ਿਦਗੀ ਨੂੰ ਹਰਕਤ ਦੇ ਵਿਚ ਲਿਆਵੇ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥

(ਅੰਗ ੫੨੨)

ਮਨੁੱਖ ਅਜਿਹਾ ਚਾਹੁੰਦਾ ਹੈ ਜਿਵੇਂ ਪਾਣੀ ਦੀ ਬਾਰਿਸ਼ ਹੁੰਦੀ ਹੈ, ਪਾਣੀ ਦੇ ਦਰਿਆ ਹੁੰਦੇ ਹਨ, ਰੋਟੀਆਂ ਦੀ ਵੀ ਬਾਰਿਸ਼ ਹੋਵੇ, ਰੋਟੀਆਂ ਦੇ ਵੀ ਦਰਿਆ ਹੋਣ। ਸਾਹਿਬ ਕਹਿੰਦੇ ਹਨ-

ਨਾ ਕਰਿ ਚਿੰਤ ਚਿੰਤਾ ਹੈ ਕਰਤੇ॥

(ਅੰਗ ੧੦੭੦)

ਤੂੰ ਚਿੰਤਾ ਨਾ ਕਰ। ਤੂੰ ਜਿਸਦੇ ਘਰ ਵਿਚ ਮਹਿਮਾਨ ਹੈਂ, ਮਾਲਕ ਨੂੰ ਚਿੰਤਾ ਕਰਨ ਦੇ, ਤੂੰ ਤਾਂ ਮਹਿਮਾਨ ਹੈਂ। ਅੱਜ ਹੈ ਤੇ ਕੱਲ ਨਹੀਂ। ਪ੍ਰਮਾਤਮਾ ਦੀ ਬਣਾਈ ਹੋਈ ਇਹ ਸਰਾਂ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਚਿੰਤਾ ਕਰ ਰਿਹਾ ਹੈ।

ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ॥

(ਅੰਗ ੪੬੭)

ਪ੍ਰਿਥਵੀ ਨੂੰ ਕਿਵੇਂ ਥੰਮ੍ਹ ਕੇ ਰੱਖਣਾ ਹੈ? ਸੂਰਜ ਨੂੰ ਕਿਵੇਂ ਗਰਦਿਸ਼ ਦੇ ਵਿਚ ਰੱਖਣਾ ਹੈ? ਪਵਣ ਨੂੰ ਕਿਵੇਂ ਵਿਆਪਕ ਰੱਖਣਾ ਹੈ? ਸੂਰਜ ਤੇ ਜ਼ਮੀਨ ਦੀ ਵਿੱਥ ਕਿੰਨੀ ਕੁ ਰੱਖਣੀ ਹੈ? ਯਕੀਨ ਜਾਣੋ, ਜੇਕਰ ਇਹ ਥੋੜੀ ਜਿਹੀ ਵਿੱਥ ਘੱਟ ਜਾਵੇ ਤਾਂ ਇਹ ਜ਼ਮੀਨ ਜੱਲ ਕੇ ਰਾਖ ਹੋ ਜਾਵੇਗੀ। ਇਹ ਸਭ ਕੁਝ ਪ੍ਰਭੂ ਨੇ ਨਾਪ ਤੋਲ ਕੇ ਰੱਖਿਆ ਹੈ। ਉਸਨੂੰ ਚਿੰਤਾ ਹੈ। ਤੂੰ ਚਿੰਤਨ ਕਰ। ਇਸ ਹਿਸਾਬ ਨਾਲ ਸਾਰੀ ਮਨੁੱਖਤਾ ਨੂੰ ਵੰਡਾਂਗੇ ਤਾਂ ਦੋ ਹਿੱਸਿਆਂ ਵਿਚ ਤਕਸੀਮ ਹੋਵੇਗੀ— ਇਕ ਉਹ ਜਗਤ ਜੋ ਵਾਸ਼ਨਾ ਵਿਚ ਜੀਅ ਰਿਹਾ ਹੈ ਤੇ ਦੂਜਾ ਉਹ ਜਗਤ ਜੋ ਪ੍ਰਾਰਥਨਾ ਵਿਚ ਜੀਅ ਰਿਹਾ ਹੈ।

ਅਰਦਾਸ ਦੇ ਵਿਚ ਜੇਕਰ ਮੰਗ ਆ ਗਈ ਤਾਂ ਅਰਦਾਸ ਅਰਦਾਸ ਨਹੀਂ ਹੈ। ਅਰਦਾਸ ਉਹ ਅਰਦਾਸ ਹੈ ਜਿਸਦੇ ਵਿਚ ਧੰਨਵਾਦ ਹੈ। ਉਹ ਬੁਲੰਦੀਆਂ 'ਤੇ ਲੈ ਜਾਵੇਗੀ। ਜਿਸ ਵਿਚ ਮੰਗ ਹੈ, ਉਹ ਥੱਲੇ ਲੈ ਜਾਏਗੀ। ਮੰਗਤੇ ਦਾ ਸਿਰਫ਼ ਹੱਥ ਹੀ ਥੱਲੇ ਨਹੀਂ ਹੁੰਦਾ, ਮੰਗਤੇ ਦੀ ਅਕਲ ਵੀ ਥੱਲੇ ਹੁੰਦੀ ਹੈ। ਕਦੀ ਤੁਸੀਂ ਮੰਗਤੇ ਲੋਕਾਂ ਵਿਚ ਅਜ਼ੀਮ ਮਨੁੱਖ ਨਹੀਂ ਦੇਖੋਗੇ। ਮੰਗਤੇ ਦੀ ਅਣਖ ਵੀ ਥੱਲੇ ਹੋ ਜਾਂਦੀ ਹੈ, ਗ਼ੈਰਤ ਵੀ ਥੱਲੇ ਹੋ ਜਾਂਦੀ ਹੈ। ਉਸਦਾ ਆਚਾਰ ਕਿਰਦਾਰ ਵੀ ਨੀਵਾਂ ਹੋ ਜਾਂਦਾ ਹੈ। ਮੰਗਤਿਆਂ ਦੇ ਬਾਰੇ ਮੈਂ ਭਾਰਤ ਦੇ ਕਿਸੇ ਲੇਖਕ ਦਾ ਇਕ ਬੜਾ ਪ੍ਰਬਲ ਤੇ ਲੰਮਾ ਲੇਖ ਪੜ੍ਹਿਆ ਸੀ ਕਿ ਇਹ ਮੰਗਤੇ ਕਰਦੇ ਕੀ ਹਨ? ਦੁਰਾਚਾਰੀ ਹਨ, ਸ਼ਰਾਬੀ ਹਨ, ਕਾਤਲ ਹਨ, ਰੋਜ਼ ਲੜਦੇ ਹਨ ਅਤੇ ਸਵੇਰੇ ਸਵੇਰੇ ਮਾਸੂਮ ਬਣਕੇ ਮੰਗਦੇ

ਹਨ। ਉੱਚੇ ਆਚਰਣ ਦੀ ਉਮੀਦ ਕਰ ਨਹੀਂ ਸਕਦੇ।

ਗੁਰੂ ਗ੍ਰੰਥ ਸਾਹਿਬ ਜੀ ਦੇ ਬੋਲ ਮੈਂ ਤੁਹਾਡੇ ਸਾਹਮਣੇ ਰੱਖਾਂ-

ਮਮਾ ਮਾਗਨਹਾਰ ਇਆਨਾ॥

(ਅੰਗ ੨੫੮)

ਮੰਗਣ ਵਾਲਾ ਮੂਰਖ ਹੈ, ਨਾਦਾਨ ਹੈ, ਬੇਵਕੂਫ਼ ਹੈ। ਇਹ ਥੋੜ੍ਹੀ ਗੱਲ ਨਹੀਂ। ਇਕਬਾਲ ਤਾਂ ਇਥੋਂ ਤੱਕ ਕਹਿੰਦਾ ਹੈ -

ਖ਼ੁਦੀ ਕੋ ਕਰ ਬੁਲੰਦ ਇਤਨਾ ਕਿ ਹਰ ਤਕਦੀਰ ਸੇ ਪਹਿਲੇ
ਖ਼ੁਦਾ ਬੰਦੇ ਸੇ ਖ਼ੁਦ ਪੂਛੇ ਬਤਾ ਤੇਰੀ ਰਜ਼ਾ ਕਿਆ ਹੈ।

ਦੱਸ ਤਾਂ ਸਹੀ ਤੇਰੀ ਚਾਹਤ ਕੀ ਹੈ? ਤੈਨੂੰ ਚਾਹੀਦਾ ਕੀ ਹੈ? ਤੇਰੀ ਮਰਜ਼ੀ ਕੀ ਹੈ? ਖ਼ੁਦਾ ਪੁੱਛੇ। ਮੈਂ ਖ਼ੁਦਾ ਨੂੰ ਆਖਾਂ, ਇਹ ਚਾਹੀਦਾ ਹੈ, ਇਹ ਚਾਹੀਦਾ ਹੈ। ਇਹ ਕਿਹੋ ਜਿਹਾ ਖ਼ੁਦਾ ਹੈ, ਜਿਸਨੂੰ ਮੇਰੀਆਂ ਲੋੜਾਂ ਦਾ ਵੀ ਨਹੀਂ ਪਤਾ। ਇਹ ਕਿਹੋ ਜਿਹੀ ਮਾਂ ਹੈ, ਪੰਘੂੜੇ ਵਿਚ ਪਏ ਹੋਏ ਬੱਚੇ ਦੀਆਂ ਲੋੜਾਂ ਦਾ ਵੀ ਇਸਨੂੰ ਨਹੀਂ ਪਤਾ ਹੁੰਦਾ। ਇਹ ਕਿਹੋ ਜਿਹਾ ਪਿਉ ਹੈ। ਇਸ ਮਾਂ ਨੇ ਮਾਂ ਹੋਣ ਦਾ ਫ਼ਰਜ ਨਹੀਂ ਨਿਭਾਹਿਆ। ਇਸ ਪਿਉ ਨੇ ਪਿਉ ਹੋਣ ਦਾ ਫ਼ਰਜ਼ ਨਹੀਂ ਨਿਭਾਹਿਆ। ਸਹੀ ਅਰਥਾਂ ਵਿਚ ਜੋ ਪਿਤਾ ਹੈ, ਸਹੀ ਅਰਥ ਵਿਚ ਜੋ ਮਾਂ ਹੈ, ਬੱਚੇ ਦੇ ਰੋਣ ਤੋਂ ਪਹਿਲੇ ਉਸਦੀ ਲੋੜ ਦੀ ਪੂਰਤੀ ਕਰ ਦਿੰਦੀ ਹੈ। ਇੰਨਾ ਭਰੋਸਾ ਜੇਕਰ ਬੈਠ ਜਾਏ ਪ੍ਰਮਾਤਮਾ 'ਤੇ, ਪਰੰਤੂ ਤੁਸੀਂ ਆਖੋਗੇ ਮੰਗਦੇ ਅਸੀਂ ਬਹੁਤ ਕੁਝ ਹਾਂ, ਮਿਲਦਾ ਤਾਂ ਨਹੀਂ।

ਧਿਆਨ ਨਾਲ ਸੁਣਨਾ। ਅਸੀਂ ਉਹ ਉਹ ਮੰਗਦੇ ਹਾਂ ਜੋ ਸਾਡੀ ਲੋੜ ਨਹੀਂ ਹੈ। ਅਸੀਂ ਉਹ ਉਹ ਮੰਗਦੇ ਹਾਂ ਜੋ ਸਾਡੀ ਯੋਗਤਾ ਵੀ ਨਹੀਂ ਹੈ। ਇਕ ਪੰਜ ਸਾਲ ਦਾ ਬੱਚਾ ਆਪਣੇ ਪਿਉ ਨੂੰ ਆਖੇ ਤੇ ਪਿਉ ਹੋਵੇ ਥਾਣੇਦਾਰ ਤੇ ਇਸ ਦੇ ਕੋਲ ਭਰਿਆ ਹੋਇਆ ਪਿਸਟਲ ਹੋਵੇ, ਆਖੇ ਮੈਨੂੰ ਦੇ ਤੇ ਪਿਤਾ ਆਖੇ ਬੇਟੇ, ਇਹ ਖਿਡੌਣਾ ਨਹੀਂ ਜੋ ਮੈਂ ਤੈਨੂੰ ਦੇ ਦੇਵਾਂ, ਭਰਿਆ ਹੋਇਆ ਹੈ। ਮੈਂ ਤੈਨੂੰ ਨਹੀਂ ਦੇ ਸਕਦਾ ਤੇ ਉਹ ਰੋਵੇ। ਪਿਉ ਨੂੰ ਦੁਸ਼ਮਣ ਸਮਝ ਲਵੇ। ਜਿਵੇਂ ਇਹ ਬੱਚਾ ਪਿਉ ਤੋਂ ਮੰਗ ਕਰ ਰਿਹਾ ਹੈ ਤੇ ਪਿਉ ਨਹੀਂ ਦੇ ਰਿਹਾ ਤੇ ਪਿਤਾ ਦਾ ਨਾ ਦੇਣਾ ਇਹ ਉਸਦੀ ਮੇਹਰਬਾਨੀ ਹੈ। ਦੇਣਾ ਉਸਦੀ ਕਠੋਰਤਾ ਹੋਵੇਗੀ। ਜੇਕਰ ਦਿੰਦਾ ਹੈ ਤਾਂ ਪਿਉ ਮੂਰਖ ਹੈ, ਨਹੀਂ ਦੇ ਰਿਹਾ ਤਾਂ ਪਿਉ ਸਿਆਣਾ ਹੈ।

ਜਿਹੜੀਆਂ ਜਿਹੜੀਆਂ ਸਾਡੀਆਂ ਮੰਗਾਂ ਦੀ ਪੂਰਤੀ ਨਹੀਂ ਹੋ ਰਹੀ, ਇਹ ਉਸਦੀ ਬਖ਼ਸ਼ਿਸ਼ ਹੈ। ਮੈਂ ਰੋ ਰੋ ਕੇ ਮੰਗੀ ਹੈ, ਨਹੀਂ ਪੂਰੀ ਹੋਈ। ਜੇ ਨਹੀਂ ਦਿੱਤਾ ਤਾਂ ਉਸ ਦੀ ਬਖ਼ਸ਼ਿਸ਼ ਹੈ।

ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ॥

(ਅੰਗ ੧੨੬੬)

ਇਹ ਮਾਸੂਮ ਬੱਚਾ ਸੱਪ ਦੇ ਮੂੰਹ ਵਿਚ ਉਂਗਲ ਦੇਣਾ ਚਾਹੁੰਦਾ ਹੈ ਤੇ ਮਾਂ ਪਕੜਦੀ ਹੈ

ਤੇ ਕਹਿੰਦੀ ਹੈ ਨਹੀਂ। ਇਹ ਮਾਸੂਮ ਬੱਚਾ ਬੱਲਦੀ ਅੱਗ ਵਿਚ ਹੱਥ ਪਾਉਣਾ ਚਾਹੁੰਦਾ ਹੈ ਤਾਂ ਮਾਂ ਕਹਿੰਦੀ ਹੈ ਨਹੀਂ। ਇਹ ਹੁਣ ਮਾਂ ਨੂੰ ਦੁਸ਼ਮਣ ਸਮਝ ਬੈਠਦਾ ਹੈ, ਰੋਂਦਾ ਹੈ। ਇਹ ਕਿਹੋ ਜਿਹੀ ਮਾਂ ਹੈ, ਮੈਨੂੰ ਅੱਗ ਵਿਚ ਹੱਥ ਨਹੀਂ ਪਾਉਣ ਦਿੰਦੀ, ਸੱਪ ਦੇ ਮੂੰਹ ਵਿਚ ਉਂਗਲ ਨਹੀਂ ਪਾਉਣ ਦਿੰਦੀ। ਬੱਚੇ ਦੀ ਦ੍ਰਿਸ਼ਟੀ ਵਿਚ ਇਹ ਮਾਂ ਕਠੋਰ ਹੈ। ਮੈਂ ਰੋ ਰਿਹਾ ਹਾਂ ਇਹ ਮੰਨਦੀ ਨਹੀਂ। ਚੀਖਦਾ ਚਿਲਾਉਂਦਾ ਹੋਇਆ ਕਈ ਵਾਰੀ ਮਨੁੱਖ ਕਹਿ ਦਿੰਦਾ ਹੈ, ਹੇ ਪ੍ਰਭੂ! ਇੰਨਾ ਮੈਂ ਤੜਫਦਾ ਪਿਆ ਹਾਂ, ਤੂੰ ਦਿੰਦਾ ਹੀ ਨਹੀਂ। ਉਸਦਾ ਨਾ ਦੇਣਾ ਹੀ ਉਸਦੀ ਬਖ਼ਸ਼ਿਸ਼ ਹੈ। ਜੇਕਰ ਮਾਂ ਕਹਿ ਦੇਵੇ ਠੀਕ ਹੈ ਅੱਗ ਦੇ ਕੋਲ ਜਾਣ ਦੀ ਕੀ ਲੋੜ ਹੈ, ਮੈਂ ਅੱਗ ਲਿਆ ਦਿੰਦੀ ਹਾਂ ਤਾਂ ਇਹ ਮਾਂ ਨਹੀਂ ਹੈ, ਇਹ ਕਸਾਇਣ ਹੋਵੇਗੀ। ਪ੍ਰਾਰਥਨਾ ਧੰਨਵਾਨ 'ਤੇ ਖੜੀ ਹੈ। ਅਰਦਾਸ ਸ਼ੁਕਰਾਨੇ 'ਤੇ ਖੜੀ ਹੈ।

ਮਮਾ ਮਾਗਨਹਾਰ ਇਆਨਾ॥ ਦੇਨਹਾਰ ਦੇ ਰਹਿਓ ਸੁਜਾਨਾ॥

(ਅੰਗ ੨੫੮)

ਇਹ ਜੋ ਮੰਗ ਜਾਗਦੀ ਹੈ, ਕਈ ਵਾਰੀ ਅਜਿਹਾ ਵੀ ਪ੍ਰਤੀਤ ਹੁੰਦਾ ਹੈ ਕਿ ਮੇਰੀ ਲੋੜ ਵੀ ਨਹੀਂ, ਇਹ ਮੇਰੀ ਮੰਗ ਹੈ। ਇਹ ਵਾਸ਼ਨਾ ਹੈ। ਇਸੇ ਨੂੰ ਵਾਸ਼ਨਾ ਕਹਿੰਦੇ ਹਨ। ਸਮੇਂ ਦੇ ਨਾਲ ਨਾਲ ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਹੈ ਤੇ ਵਾਸ਼ਨਾ ਜਵਾਨ ਹੁੰਦੀ ਜਾ ਰਹੀ ਹੈ, ਤਾਂ ਹੀ ਸਾਨੂੰ ਅਗਲਾ ਜਨਮ ਦੇ ਦਿੰਦੀ ਹੈ। ਬੁੱਢੀ ਵਾਸ਼ਨਾ ਜਨਮ ਨਹੀਂ ਦੇ ਸਕਦੀ। ਜਿਵੇਂ ਬੁੱਢੇ ਸਰੀਰ ਸੰਤਾਨ ਨਹੀਂ ਉਤਪੰਨ ਕਰ ਸਕਦੇ। ਸਮੇਂ ਤੱਕ ਮੇਰੀ ਵਾਸ਼ਨਾ ਹੈ, ਇਹ ਮੈਨੂੰ ਅਗਲਾ ਜਨਮ ਦੇਵੇਗੀ। ਇਹ ਜਨਮ ਤਾਂ ਦੁੱਖ ਹੈ। ਫਿਰ ਮੈਂ ਦੁੱਖੀ ਹੋਵਾਂਗਾ। ਜਨਮ ਸਾਰੇ ਦੁੱਖਾਂ ਦੀ ਖਾਨ ਹੈ।

ਪ੍ਰਭ ਜਨਮ ਮਰਨ ਨਿਵਾਰਿ॥ ਹਾਰਿ ਪਰਿਓ ਦੁਆਰਿ॥

(ਅੰਗ ੮੩੭)

ਵਾਸ਼ਨਾ ਸਦਾ ਜਵਾਨ ਰਹਿੰਦੀ ਹੈ। ਇਕ ਜਵਾਨ ਇੰਨਾ ਮੁਸੀਬਤ ਵਿਚ ਨਹੀਂ ਜਿੰਨਾ ਇਕ ਬੁੱਢਾ ਹੈ। ਕਾਰਨ? ਜਵਾਨ ਦੀ ਵਾਸ਼ਨਾ ਜਵਾਨ ਹੈ, ਬੁੱਢੇ ਦੀ ਵਾਸ਼ਨਾ ਵੀ ਜਵਾਨ ਹੈ। ਵਾਸ਼ਨਾ ਦੀ ਪੂਰਤੀ ਲਈ ਜਵਾਨ ਯਤਨਸ਼ੀਲ ਹੈ। ਬੁੱਢਾ ਵਾਸ਼ਨਾ ਦੀ ਪੂਰਤੀ ਕਰ ਸਕੇ, ਸਰੀਰ ਯਤਨਸ਼ੀਲ ਨਹੀਂ ਹੈ। ਸਰੀਰ ਵਿਚ ਤਾਕਤ ਨਹੀਂ। ਜਵਾਨ ਵਾਸ਼ਨਾ ਬੁੱਢੇ ਨੂੰ ਦੁੱਖਤ ਕਰਦੀ ਹੈ। ਵਾਸ਼ਨਾ ਨੂੰ ਮਾਰਨ ਦਾ ਤਰੀਕਾ ਹੈ, ਪ੍ਰਾਰਥਨਾ। ਖ਼ਾਹਿਸ਼ਾਂ ਨੂੰ, ਕਾਮਨਾਵਾਂ ਨੂੰ ਮਾਰਿਆ ਜਾ ਸਕਦਾ ਹੈ। ਮਾਰਨ ਦਾ ਤਰੀਕਾ ਕੀ ਹੈ? ਅਰਦਾਸ। ਪਰ ਜੇ ਮੇਰੀ ਅਰਦਾਸ ਵੀ ਵਾਸ਼ਨਾ 'ਤੇ ਖੜੀ ਹੈ ਤਾਂ ਇਹ ਅਰਦਾਸ ਨਹੀਂ ਹੈ, ਵਾਸ਼ਨਾ ਹੈ। ਜੇ ਮੇਰੀ ਪ੍ਰਾਰਥਨਾ ਵੀ ਵਾਸ਼ਨਾ 'ਤੇ ਖੜੀ ਹੈ ਤਾਂ ਫਿਰ ਇਹ ਪ੍ਰਾਰਥਨਾ ਨਹੀਂ ਹੈ, ਵਾਸ਼ਨਾ ਹੈ। ਵਾਸ਼ਨਾ ਬੰਦੇ ਨੂੰ ਭ੍ਰਿਸ਼ਟ ਕਰਦੀ ਹੈ।

ਇਸ ਚੱਕਰ ਵਿਚ ਨਾ ਪੈਣਾ ਕਿ ਜਵਾਨੀ ਭ੍ਰਸ਼ਟ ਹੋ ਜਾਂਦੀ ਹੈ, ਬੁੱਢੇ ਭ੍ਰਸ਼ਟ ਹੁੰਦੇ ਹਨ। ਮਛੰਦਰ ਨਾਥ ਬੁਢੇਪੇ ਵਿਚ ਭ੍ਰਸ਼ਟ ਹੋਏ। ਵਿਸ਼ਵਾ ਮਿੱਤਰ ਬੁਢੇਪੇ ਵਿਚ ਭ੍ਰਸ਼ਟ ਹੋਏ। ਰੂਪ ਦੀ ਵਾਸ਼ਨਾ, ਧਨ ਦੀ ਵਾਸ਼ਨਾ, ਪ੍ਰਭੁੱਤਾ ਦੀ ਵਾਸ਼ਨਾ ਡੇਗੇਗੀ, ਭ੍ਰਸ਼ਟ ਕਰੇਗੀ। ਇਹ ਵਾਸ਼ਨਾ ਰੋਜ਼ ਰੋਜ਼ ਜਵਾਨ ਹੁੰਦੀ ਜਾ ਰਹੀ ਹੈ ਅਤੇ ਸਰੀਰ ਬੁੱਢਾ ਹੁੰਦਾ ਜਾ ਰਿਹਾ ਹੈ। ਸਰੀਰ ਬੁੱਢਾ ਹੋਵੇ, ਇਸ ਤੋਂ ਪਹਿਲੇ ਵਾਸ਼ਨਾ ਨੂੰ ਮਾਰ ਦੇਈਏ। ਸਿਰਫ਼ ਪ੍ਰਾਰਥਨਾ ਰਹਿ ਜਾਏ। ਕੇਵਲ ਇਹੋ ਇਕ ਤਰੀਕਾ ਹੈ।

ਇਕ ਪੰਡਿਤ ਗੁਲਾਬ ਸਿੰਘ ਜੀ ਮਹਾਰਾਜ ਨਿਰਮਲੇ, ਪ੍ਰਬੋਧ ਚੰਦਰ ਨਾਟਕ ਲਿਖਿਆ। ਜਿਨ੍ਹਾਂ ਨੇ ਬਹੁਤ ਸਾਰੇ ਗ੍ਰੰਥ ਲਿਖੇ ਸਨ। ਦੂਸਰੇ ਰਾਜ ਯੋਗੀ ਭਰਥਰੀ। ਦੋਵੇਂ ਬੁੱਢੇ ਹੋ ਗਏ ਹਨ ਤੇ ਬਿਰਧ ਅਵਸਥਾ ਦੀ ਆਪਣੀ ਮਾਨਸਿਕ ਦਸ਼ਾ ਬਿਆਨ ਕਰਦੇ ਹਨ। ਉਹ ਕਹਿੰਦੇ ਹਨ ਕਿ ਸਰੀਰ ਦਾ ਬੱਲ ਜਾਂਦਾ ਰਿਹਾ ਹੈ, ਅੱਖਾਂ ਦੀ ਜੋਤ ਵੀ ਜਾਂਦੀ ਰਹੀ ਹੈ, ਕੰਨਾਂ ਦੀ ਸ੍ਰੋਤ ਵੀ ਜਾਂਦੀ ਰਹੀ। ਮੇਰੇ ਜਿਹੜੇ ਬਾਲ ਸਖਾ ਮਿੱਤਰ ਸਨ, ਉਹ ਵੀ ਨਹੀਂ ਰਹੇ। ਮੇਰੀ ਜਾਤ ਵਾਲੇ ਭਾਵ ਮੇਰੀ ਤਰ੍ਹਾਂ ਸਾਧਨਾ ਕਰਨ ਵਾਲੇ ਆਪਣਾ ਜੀਵਨ ਸਫਲ ਕਰਕੇ ਚਲੇ ਗਏ। ਪ੍ਰਭੂ ਵਿਚ ਲੀਨ ਹੋ ਗਏ। ਜਿਹੜੇ ਸੇਵਕ ਹਨ, ਉਹ ਵੀ ਮੇਰਾ ਸਾਥ ਛੱਡ ਗਏ। ਕਿਉਂ? ਬੁੱਢਾ ਹੈ, ਬਾਰ ਬਾਰ ਤੰਗ ਕਰਦਾ ਹੈ। ਆਪ ਤਾਂ ਕੁਝ ਕਰ ਨਹੀਂ ਸਕਦਾ ਤੇ ਜ਼ਬਾਨ ਹੀ ਚਲਾਉਂਦਾ ਹੈ, ਇਹ ਕਰੋ, ਇਹ ਲਿਆ ਦਿਉ। ਨਮਸ਼ਕਾਰ ਹੈ ਐ ਤ੍ਰਿਸ਼ਨਾ ਤੈਨੂੰ। ਸਾਰੇ ਛੱਡਕੇ ਚਲੇ ਗਏ। ਦਿਨ ਰਾਤ ਤੂੰ ਨਾਲ ਹੀ ਰਹਿ ਰਹੀ ਹੈਂ। ਮੇਰਾ ਸਾਥ ਹੀ ਨਹੀਂ ਛੱਡਦੀ।

ਵਾਸ਼ਨਾ ਵਿਚ ਮਨੁੱਖ ਕੋਈ ਵੀ ਕੰਮ ਕਰੇ ਤਾਂ ਉਹ ਭ੍ਰਸ਼ਟ ਹੁੰਦਾ ਹੈ। ਚਾਹੇ ਉਹ ਪਾਠ ਕਰੇ, ਕੀਰਤਨ ਸੁਣੇ ਪਰ ਅੰਦਰ ਵਾਸ਼ਨਾ ਹੈ ਤਾਂ ਉਹ ਮਨੁੱਖ ਭ੍ਰਸ਼ਟ ਹੈ। ਵਾਸ਼ਨਾ ਦਾ ਬੋਧ ਉਸਦੇ ਦਿਲ ਦਿਮਾਗ਼ 'ਤੇ ਹੁੰਦਾ ਹੈ। ਦੂਜੇ ਰਾਜ ਯੋਗੀ ਭਰਥਰੀ, ਇਹ ਜਦੋਂ ਬਿਰਧ ਹੋ ਗਏ ਤਾਂ ਸਚਾਈ ਸਵੀਕਾਰ ਕਰ ਲਈ ਹੈ। ਜੱਪ ਤੱਪ ਕਰਦਿਆਂ, ਸਾਧਨਾ ਕਰਦਿਆਂ ਇਕ ਦਿਨ ਸਮਝ ਆ ਗਈ ਤੇ ਸੱਚ ਕਬੂਲ ਕਰ ਲਿਆ ਕਿ ਮੈਂ ਪ੍ਰਾਰਥਨਾ ਵਿਚ ਨਹੀਂ ਜੀਅ ਰਿਹਾ, ਵਾਸ਼ਨਾ ਵਿਚ ਜੀਅ ਰਿਹਾ ਹਾਂ। ਮੈਂ ਕੋਈ ਅਰਦਾਸ ਵਿਚ ਨਹੀਂ ਜੀਅ ਰਿਹਾ, ਮੈਂ ਖ਼ਾਹਿਸ਼ਾਂ ਵਿਚ ਜੀਅ ਰਿਹਾ ਹਾਂ। ਮੈਂ ਕੋਈ ਧੰਨਵਾਦ ਦੇ ਤੱਲ 'ਤੇ ਨਹੀਂ ਜੀਅ ਰਿਹਾ, ਮੰਗਾਂ ਦੇ ਤੱਲ 'ਤੇ ਜੀਅ ਰਿਹਾ ਹਾਂ। ਵਾਸ਼ਨਾ ਮਜਬੂਰ ਕਰਦੀ ਹੈ ਕਿ ਜੇ ਮੈਂ ਕੁਝ ਹਾਸਿਲ ਨਹੀਂ ਕਰ ਸਕਦਾ ਆਪਣੇ ਹੱਥਾਂ ਨਾਲ ਤਾਂ ਹੱਥਾਂ ਨੂੰ ਅੱਡ ਕੇ ਮੰਗ ਲਵਾਂ। ਘਰ ਘਰ ਦੇ ਵਿਚੋਂ ਭਿੱਖਸ਼ਾ ਮੰਗ ਕੇ ਲਿਆਉਂਦਾ ਹਾਂ ਤੇ ਆਪਣੀ ਉਪਜੀਵਕਾ ਚਲਾਉਂਦਾ ਹਾਂ। ਅੱਠ ਪਹਿਰਾਂ 'ਚੋਂ ਮੈਂ ਇਕ ਟਾਈਮ ਭੋਜਨ ਛੱਕਦਾ ਹਾਂ। ਸਰੀਰ ਨੂੰ ਹਲਕਾ ਫੁਲਕਾ ਰੱਖਦਾ ਹਾਂ ਤਾਂਕਿ ਨੀਂਦ ਨਾ ਤੰਗ ਕਰੇ। ਜਾਗ ਕੇ ਸਾਧਨਾ ਕਰਦਾ ਹਾਂ। ਨੀਂਦ ਜਦੋਂ ਜ਼ੋਰ ਦੀ ਆਉਂਦੀ ਹੈ, ਸੌਂ ਜਾਂਦਾ ਹਾਂ। ਨਾ ਜ਼ਮੀਨ ਦੇ ਥੱਲੇ ਕੁਝ ਵਿਛਾਉਣ ਨੂੰ, ਨਾ ਉੱਪਰ ਕੁਝ ਲੈਣ ਨੂੰ। ਸਰਦੀ ਗਰਮੀ ਮੈਂ ਇਸ ਤਰ੍ਹਾਂ ਕੱਟਦਾ ਹਾਂ। ਕੋਸ਼ਿਸ਼ ਕਰਦਾ ਹਾਂ ਕਿ ਕਿਸੇ ਸਾਕ ਸੰਬੰਧੀ ਦੀ ਮੈਨੂੰ ਯਾਦ ਨਾ ਆਵੇ। ਕਿਤੇ

ਮਾਂ ਬਾਪ ਦੀ ਯਾਦ ਨਾ ਆ ਜਾਵੇ। ਭਰਾ, ਪਤਨੀ, ਬੱਚਿਆਂ ਦੀ ਯਾਦ ਨਾ ਆ ਜਾਵੇ। ਕੋਈ ਸਾਕ ਸੰਬੰਧੀ ਮੇਰੇ ਵਿਚਾਰਾਂ ਵਿਚ ਨਾ ਆਵੇ। ਜੋਬਨ ਢੱਲ ਗਿਆ, ਬੁੱਢਾ ਹੋ ਗਿਆ। ਕੇਸ ਸਾਰੇ ਚਿੱਟੇ ਹੋ ਗਏ। ਛੋਟੀਆਂ ਛੋਟੀਆਂ ਕੱਪੜਿਆਂ ਦੀਆਂ ਟਾਕੀਆਂ ਇਕੱਠੀਆਂ ਕਰਕੇ ਗੋਦੜੀ ਬਣਾਈ ਹੈ, ਪਹਿਨੀ ਹੈ। ਬਿਲਕੁਲ ਬੀਆਬਾਨ ਉਜਾੜ ਵਿਚ ਮੈਂ ਝੁੱਗੀ ਬਣਾਈ ਹੈ ਜਿੱਥੋਂ ਬੰਦਿਆਂ ਦਾ ਲਾਂਘਾ ਨਾ ਹੋਵੇ। ਮਨੁੱਖਾਂ ਦੀ ਪਹੁੰਚ ਤੋਂ ਪਰੇ, ਮਨੁੱਖ ਮੈਨੂੰ ਨਾ ਦਿਖਾਈ ਦੇਣ, ਕਿਉਂਕਿ ਗੋਰਖ ਨੇ ਅਜਿਹਾ ਕਿਹਾ ਹੈ। ਪੜ੍ਹੇ ਹੋਏ ਗ੍ਰੰਥਾਂ ਨੂੰ ਬਾਰ ਬਾਰ ਪੜ੍ਹਦਾ ਰਹਿੰਦਾ ਹਾਂ। ਇਸ ਤਰ੍ਹਾਂ ਮੈਂ ਰੋਜ਼ ਸਾਧਨਾ ਕਰਦਾ ਹਾਂ। ਮੰਤਰ ਬਾਰ ਬਾਰ ਜੱਪਦਾ ਹਾਂ, ਥੱਕ ਜਾਂਦਾ ਹਾਂ ਤੇ ਧਰਮ ਗ੍ਰੰਥਾਂ ਦਾ ਅਧਿਐਨ ਕਰਦਾ ਹਾਂ। ਅਧਿਐਨ ਕਰਦਿਆਂ ਕਰਦਿਆਂ ਥੱਕ ਜਾਂਦਾ ਹਾਂ ਤਾਂ ਫਿਰ ਮੰਤਰ ਦਾ ਜੱਪ ਕਰਦਾ ਹਾਂ।

ਇਸ ਬੁੱਢੇ ਯੋਗੀ ਨੇ ਸਚਾਈ ਕਬੂਲ ਕਰ ਲਈ। ਹੇ ਵਾਸ਼ਨਾ ਰੂਪੀ ਬੈਲ ਦੀ ਅਸਵਾਰੀ ਕਰਨ ਵਾਲੇ ਸ਼ਿਵ ਜੀ! ਅਜੇ ਤਾਂ ਵਾਸ਼ਨਾ ਮੇਰੀ ਅਸਵਾਰੀ ਕਰ ਰਹੀ ਹੈ। ਮੇਰੇ 'ਤੇ ਅਸਵਾਰ ਹੈ। ਤੂੰ ਵਾਸ਼ਨਾ ਦੀ ਸਵਾਰੀ ਕਰ ਰਿਹਾ ਹੈਂ ਤੇ ਵਾਸ਼ਨਾ ਮੇਰੀ ਅਸਵਾਰੀ ਕਰ ਰਹੀ ਹੈ। ਮੈਂ ਕੀ ਕਰਾਂ? ਤੇਰਾ ਮੇਰਾ ਤਾਲਮੇਲ ਕਿਸ ਤਰ੍ਹਾਂ ਬੈਠੇ? ਵਾਸ਼ਨਾ ਜੋ ਮੇਰੇ ਕੋਲੋਂ ਕਰਾਉਂਦੀ ਹੈ ਮੈਂ ਕਰਦਾ ਹਾਂ। ਵਾਸ਼ਨਾ ਕਰਕੇ ਚਿੱਤ ਜਿਸਨੂੰ ਯਾਦ ਕਰਦਾ ਹੈ, ਕਰਦਾ ਹੈ। ਜੇ ਵਾਸ਼ਨਾ ਹੈ ਤਾਂ ਵਿਚਾਰਾਂ ਦੇ ਤੱਲ 'ਤੇ ਬੰਦਾ ਭ੍ਰਸ਼ਟ ਹੈ। ਵਾਸ਼ਨਾ ਹੈ ਤਾਂ ਚਿੰਤਨ ਦੇ ਤੱਲ 'ਤੇ, ਮਾਨਸਿਕ ਤੱਲ 'ਤੇ ਬੰਦਾ ਭ੍ਰਸ਼ਟ ਹੈ। ਸਰੀਰਕ ਤੱਲ 'ਤੇ ਭ੍ਰਸ਼ਟ ਨਹੀਂ ਹੋ ਸਕਦਾ, ਕਿਉਂਕਿ ਬਿਰਧ ਹੈ। ਸਰੀਰ ਵਿਚ ਤਾਕਤ ਨਹੀਂ। ਇਹ ਭ੍ਰਸ਼ਟਪੁਣਾ ਕਬੂਲ ਕਰ ਰਿਹਾ ਹੈ ਭਰਥਰੀ। ਬਸ ਇਸਦਾ ਕਬੂਲ ਕਰਨਾ ਹੀ ਆਮ ਬੰਦਿਆਂ ਤੋਂ ਇਸਨੂੰ ਨਿਆਰਾ ਕਰ ਦਿੰਦਾ ਹੈ।

ਕਹਿੰਦੇ ਹਨ ਬੰਦਾ ਮਹਾਨ ਹੈ। ਸਰੀਰ ਵਿਚ ਕੋਈ ਰੋਗ ਹੋਵੇ ਤਾਂ ਮਨੁੱਖ ਡਾਕਟਰ ਨੂੰ ਦੱਸਦਾ ਹੈ। ਕੁਝ ਅਜਿਹੇ ਗੁਪਤ ਰੋਗ ਹਨ ਜਿਨ੍ਹਾਂ ਨੂੰ ਬੰਦਾ ਦੂਜਿਆਂ ਤੀਜਿਆਂ ਤੋਂ ਛੁਪਾਉਂਦਾ ਹੈ, ਨਾ ਪਤਾ ਲੱਗੇ। ਵਾਸ਼ਨਾ ਤਾਂ ਹੈ ਹੀ ਗੁਪਤ ਰੂਪ, ਮਾਨਸਿਕ ਰੋਗ। ਦੂਜੇ ਨੂੰ ਉਂਝ ਪਤਾ ਨਹੀਂ ਚੱਲਦਾ ਤੇ ਦੂਜੇ ਨੂੰ ਮਨੁੱਖ ਦੱਸਣਾ ਵੀ ਨਹੀਂ ਚਾਹੁੰਦਾ ਕਿ ਮੇਰੇ ਵਿਚ ਵਾਸ਼ਨਾ ਹੈ। ਭਰਥਰੀ ਦੱਸਦੇ ਹਨ ਕਿ ਮੈਂ ਰੋਗੀ ਹਾਂ। ਸਾਰਿਆਂ ਬੁੱਢਿਆਂ ਦੇ ਅੰਦਰ ਵਾਸ਼ਨਾ ਚੱਲਦੀ ਹੈ ਕਿਸੇ ਇਕ ਅੱਧ ਬੁੱਢੇ ਨੂੰ ਛੱਡ ਕੇ। ਕਿਹੜੇ ਬੁੱਢੇ ਨੂੰ ਛੱਡ ਕੇ? ਜਿਨ੍ਹਾਂ ਦੀ ਸੁਰਤ ਜੁੜੀ ਹੋਈ ਹੈ ਸ਼ਬਦ ਦੇ ਵਿਚ, ਬ੍ਰਹਮ ਗਿਆਨ ਅੰਦਰ ਪੈਦਾ ਹੋ ਗਿਆ ਹੈ, ਇਸਨੂੰ ਅਸੀਂ ਬੁੱਢਾ ਨਹੀਂ ਆਖ ਸਕਦੇ। ਇਸ ਉੱਤੇ ਵਾਸ਼ਨਾ ਅਸਵਾਰ ਨਹੀਂ ਹੋ ਸਕਦੀ। ਬੁੱਢੇ ਵਿਚ ਜੇਕਰ ਬਾਰ ਬਾਰ ਕ੍ਰੋਧ ਪ੍ਰਗਟ ਹੁੰਦਾ ਹੈ ਤਾਂ ਵਾਸ਼ਨਾ ਕਰਕੇ। ਹੋਵੇ ਬੁੱਢਾ ਤੇ ਸੁਭਾਅ ਵਿਚ ਚਿੜਚਿੜਾ ਪਣ ਨਾ ਆਵੇ, ਕ੍ਰੋਧ ਨਾ ਆਵੇ। ਕਾਰਨ? ਵਾਸ਼ਨਾ ਬੜੀ ਪ੍ਰਬਲ ਹੈ। ਪੂਰਤੀ ਹੋ ਸਕੇ ਪਰ ਸਰੀਰ ਵਿਚ ਤਾਕਤ ਨਹੀਂ। ਸਾਰੀ ਦੁਨੀਆਂ ਦੇ ਜਿਹੜੇ ਰਾਜਨੀਤਿਕ ਹਨ ਅਤੇ ਜਿਨ੍ਹਾਂ ਦੇ ਕੋਲ ਸਿੰਘਾਸਨ ਹਨ, 97% ਬੁੱਢੇ ਹਨ। ਤਾਕਤ ਉਹਨਾਂ ਦੇ ਹੱਥਾਂ ਵਿਚ ਹੈ ਜਿਨ੍ਹਾਂ ਦੇ ਹੱਥ ਕੰਬਦੇ ਪਏ ਹਨ।

ਸਰੀਰ ਲੜਖੜਾਉਂਦਾ ਹੈ ਬਿਰਧ ਅਵਸਥਾ ਵਿਚ ਜਾਂ ਨਸ਼ੇ ਦੀ ਹਾਲਤ ਵਿਚ ਜਾਂ ਫਿਰ ਕਮਜ਼ੋਰ ਸਰੀਰ ਲੜਖੜਾਉਂਦਾ ਹੈ। ਵਾਸ਼ਨਾ ਇਕ ਅਜਿਹਾ ਪ੍ਰਬਲ ਨਸ਼ਾ ਹੈ, ਇਸਦੇ ਵਿਚ ਉਸ ਬੁੱਢੇ ਦਾ ਮਨ ਲੜਖੜਾਉਂਦਾ ਹੈ। ਜਵਾਨ ਦੀ ਗੱਲ ਤਾਂ ਗੁਰਬਾਣੀ ਇੰਝ ਕਹਿੰਦੀ ਹੈ-

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥

ਕੰਚਨ ਵਰਗੀ ਕਾਇਆ ਹੈ ਤੇ ਜਵਾਨ ਸਰੀਰ ਹੈ ਤੇ ਖ਼ੂਬਸੂਰਤੀ ਵੀ ਹੈ।

ਵਿਰਲੇ ਕੇਈ ਪਾਈਅਨਿ੍ ਜਿਨ੍ਹਾ ਪਿਆਰੇ ਨੇਹ॥

(ਅੰਗ ੧੩੭੯)

ਉਹ ਵਿਰਲਾ ਹੀ ਹੈ ਜਵਾਨਾਂ ਵਿਚੋਂ ਜੋ ਅੰਮ੍ਰਿਤ ਵੇਲੇ ਉੱਠਕੇ ਘੰਟਾ ਦੋ ਘੰਟਾ ਵਾਹਿਗੁਰੂ ਮੰਤਰ ਦਾ ਜੱਪ ਕਰਦਾ ਹੋਵੇ ਤੇ ਉਸਦੇ ਅੰਦਰੋਂ ਪ੍ਰਾਰਥਨਾ ਪੈਦਾ ਹੋਵੇ ਵਾਹਿਗੁਰੂ! ਤੇਰਾ ਸ਼ੁੱਕਰ, ਤੇਰਾ ਧੰਨਵਾਦ। ਉਹ ਉਮਰ ਅਜਿਹੀ ਹੈ ਵਾਸ਼ਨਾ ਦੀ ਪੂਰਤੀ ਕਰ ਸਕੇ, ਸਰੀਰ ਵਿਚ ਤਾਕਤ ਹੈ, ਤਾਂ ਪ੍ਰਾਰਥਨਾ ਪੈਦਾ ਹੀ ਨਹੀਂ ਹੁੰਦੀ। ਜੇਕਰ ਕਿਸੇ ਜਵਾਨ ਦੇ ਅੰਦਰ ਪ੍ਰਾਰਥਨਾ ਪੈਦਾ ਹੋ ਗਈ ਹੈ ਤਾਂ ਸਮਝ ਲੈਣਾ ਕੋਈ ਪ੍ਰਬਲ ਸੰਸਕਾਰ ਹਨ। ਕੋਈ ਘਰਾਣਾ ਚੰਗਾ ਮਿਲ ਗਿਆ ਹੈ। ਸੁਸਾਇਟੀ ਚੰਗੀ ਹੋ ਗਈ ਹੈ। ਸਤਿਸੰਗ ਦਾ ਪ੍ਰਤਾਪ ਹੈ ਨਹੀਂ ਤਾਂ ਮੁਸ਼ਕਿਲ ਹੈ। ਜਦੋਂ ਇਹ ਬੁੱਢਾ ਪਦਾਰਥ ਹਾਸਿਲ ਕਰਨ ਜੋਗਾ ਨਹੀਂ ਰਹਿੰਦਾ ਉਦੋਂ ਪ੍ਰਮਾਤਮਾ ਨੂੰ ਹਾਸਿਲ ਕਰਨ ਦੀ ਕੋਸ਼ਿਸ਼ ਕਰੇ।

ਪਦਾਰਥ ਨੂੰ ਹਾਸਿਲ ਕਰਨ ਲਈ ਜਿੰਨੀ ਸੋਂਤਿਆ ਚਾਹੀਦੀ ਹੈ, ਉਸ ਤੋਂ ਕਈ ਗੁਣਾ ਸੋਂਤਿਆ ਚਾਹੀਦੀ ਹੈ ਪ੍ਰਮਾਤਮਾ ਤੱਤ ਨੂੰ ਹਾਸਿਲ ਕਰਨ ਲਈ। ਪ੍ਰਭੁੱਤਾ ਦੀ ਪ੍ਰਾਪਤੀ ਲਈ ਜਿੰਨੀ ਸਿਆਣਪ ਚਾਹੀਦੀ ਹੈ, ਉਸ ਤੋਂ ਅਨੰਤ ਗੁਣਾ ਸਿਆਣਪ ਤੇ ਸੋਂਤਿਆ ਚਾਹੀਦੀ ਹੈ ਪ੍ਰਭੂ ਦੀ ਪ੍ਰਾਪਤੀ ਵਾਸਤੇ। ਇਹ ਤਾਂ ਗਵਾ ਬੈਠਾ ਹੈ। ਹਮੇਸ਼ਾਂ ਧਾਰਮਿਕ ਮੰਦਿਰਾਂ ਵਿਚ ਤੁਹਾਨੂੰ ਢਲੀਆਂ ਹੋਈਆਂ ਜ਼ਿੰਦਗੀਆਂ ਮਿਲਣਗੀਆਂ, ਬੁੱਢੇ ਸਰੀਰ ਮਿਲਣਗੇ। ਜਵਾਨ ਤਾਂ ਕਿਤੇ ਕਿਤੇ ਹੀ ਦਿੱਸੇਗਾ।

ਜੋ ਮੇਰੀ ਮੰਗ ਪੂਰੀ ਨਹੀਂ ਹੋਈ, ਇਸਦਾ ਨਾ ਪੂਰਾ ਹੋਣਾ ਹੀ ਮੇਰੇ ਵਾਸਤੇ ਭਲਾ ਸੀ। ਇੰਨੀ ਗੱਲ ਦੀ ਜੇਕਰ ਸਮਝ ਆ ਗਈ ਤਾਂ ਧਰਮ ਦੀ ਦੁਨੀਆਂ ਵਿਚ ਗਤੀ ਹੋ ਸਕਦੀ ਹੈ। ਗਿਲਾ ਸ਼ਿਕਵਾ ਦੂਰ ਹੋ ਜਾਂਦਾ ਹੈ, ਧੰਨਵਾਦ ਮਨੁੱਖ ਦੇ ਨੇੜੇ ਆ ਜਾਂਦਾ ਹੈ। ਸ਼ੁਕਰਾਨਾ ਜਿਸਦਾ ਵੀ ਕਰੋਗੇ ਉਸਦੇ ਨੇੜੇ ਆ ਜਾਓਗੇ, ਖ਼ੁਦ ਨੂੰ ਮਨੁੱਖ ਹਲਕਾ ਮਹਿਸੂਸ ਕਰੇਗਾ। ਅੱਜ ਕੱਲ ਤਾਂ ਸ਼ੁਕਰਾਨੇ ਦਾ ਅਖੰਡ ਪਾਠ ਰਖਾਉਣਾ ਇਕ ਕਾਰੋਬਾਰ ਚੱਲ ਪਿਆ ਹੈ। ਜੇ ਨਾ ਚੱਲਦਾ ਫਿਰ ਨਹੀਂ ਰਖਾਉਣਾ ਸੀ। ਇਹ ਕੋਈ ਬੰਦਗੀ ਹੈ। ਇਹ ਸਭ ਦੁਨੀਆਵੀ ਸਿਲਸਿਲਾ ਚੱਲ ਰਿਹਾ ਹੈ ਜਗਤ ਵਿਚ। ਜਦੋਂ ਮਨੁੱਖ ਧੰਨਵਾਦ ਵਿਚ ਆ ਜਾਂਦਾ ਹੈ, ਸ਼ੁਕਰ ਹੈ ਤੇਰਾ ਸਤਿਗੁਰੂ! ਮੰਗ ਕੋਈ ਵੀ ਨਹੀਂ ਤਾਂ ਸਿਆਣਾ ਹੋ ਜਾਂਦਾ ਹੈ, ਇਆਣਾ ਨਹੀਂ। ਪਤਾ

ਹੈ ਮੇਰੇ ਪ੍ਰਭੂ ਨੂੰ ਕਿ ਮੈਨੂੰ ਕੀ ਚਾਹੀਦਾ ਹੈ।

ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ॥

(ਅੰਗ ੭੩)

ਤੂੰ ਉਸਦਾ ਚਿੰਤਨ ਕਰੀ ਜਾ, ਅਣਮੰਗਿਆ ਤੇਰੀ ਝੋਲੀ ਵਿਚ ਪਾਈ ਜਾਏਗਾ। ਉਸਨੂੰ ਪਤਾ ਚੱਲੇਗਾ ਕਿ ਹੁਣ ਇਸਦੀ ਇਹ ਲੋੜ ਹੈ। ਮਾਂ ਨੂੰ ਪਤਾ ਹੈ ਕਿ ਬੱਚਾ ਵੱਡਾ ਹੋ ਗਿਆ ਹੈ, ਇਸਦਾ ਚੋਲਾ ਵੱਡਾ ਸੀਉਣਾ ਹੈ। ਯਕੀਨ ਜਾਣੋ, ਇਕ ਵਾਰੀ ਇਹ ਅਨੁਭਵ ਵਿਚ ਆ ਜਾਏ ਕਿ ਮੇਰੀਆਂ ਲੋੜਾਂ ਦੀ ਪੂਰਤੀ ਕਰਦਾ ਜਾਂਦਾ ਹੈ, ਕਰਦਾ ਜਾਂਦਾ ਹੈ, ਮੇਰੀ ਵਾਸ਼ਨਾ ਦੀ ਪੂਰਤੀ ਨਹੀਂ ਕਰਦਾ ਉਹ। ਕਾਰਨ? ਵਾਸ਼ਨਾ ਦੀ ਪੂਰਤੀ ਹੋ ਨਹੀਂ ਸਕਦੀ। ਵਾਸ਼ਨਾ ਅੱਗ ਹੈ। ਇਸਦੇ ਵਿਚ ਜਿੰਨੀਆਂ ਲੱਕੜਾਂ ਪਾਉ ਭਸਮ।

ਛੇ ਸੌ ਬੇਗਮਾਂ ਸਨ ਨਜ਼ਾਮ ਹੈਦਰਬਾਦ ਦੀਆਂ ਪਰ ਵਾਸ਼ਨਾ ਦੀ ਪੂਰਤੀ ਤਾਂ ਨਾ ਹੋਈ। ਸੈਂਕੜੇ ਮੁਲਕ ਫਤਹਿ ਕਰ ਲਏ ਸਿਕੰਦਰ ਨੇ ਪਰ ਲੋਭ ਦੀ ਪੂਰਤੀ ਤਾਂ ਨਾ ਹੋਈ। ਹੰਕਾਰ ਦੀ ਵਾਸ਼ਨਾ, ਹੰਕਾਰ ਕਹਿੰਦਾ ਹੈ ਮੈਂ ਹਾਂ, ਮੈਂ ਹਾਂ, ਤੂੰ ਕੀ ਹੈਂ, ਤੂੰ ਕੁਝ ਵੀ ਨਹੀਂ। ਹੰਕਾਰ ਦੀ ਵਾਸ਼ਨਾ ਹਿੰਸਕ ਬਣਾ ਦੇਵੇਗੀ, ਲੋਭ ਦੀ ਵਾਸ਼ਨਾ ਬੇਈਮਾਨ ਬਣਾ ਦੇਵੇਗੀ, ਕਾਮ ਦੀ ਵਾਸ਼ਨਾ ਦੁਰਾਚਾਰੀ ਬਣਾ ਦੇਵੇਗੀ। ਮੈਨੂੰ ਪ੍ਰਾਰਥਨਾ ਕਰਨ ਦੀ ਜਾਚ ਨਹੀਂ ਆਈ। ਮੈਂ ਤਾਂ ਡੋਲ ਰਿਹਾ ਹਾਂ। ਡੋਲ ਰਿਹਾ ਹੈ ਤਾਂ ਗਿਰੇਗਾ। ਵਾਸ਼ਨਾ ਵਿਚ ਜਿਹੜਾ ਡੋਲ ਰਿਹਾ ਹੈ, ਭ੍ਰਸ਼ਟ ਹੋ ਜਾਏਗਾ।

ਸਾਹਿਬ ਇਥੇ ਕਹਿੰਦੇ ਹਨ ਕਿ ਨਾ ਡੋਲ। ਸ਼ੁਕਰਾਨੇ ਵਿਚ ਆ ਜਾ। ਉਹ ਸੱਚਾ ਪਰੀਪੂਰਨ ਪ੍ਰਮਾਤਮਾ ਬੜਾ ਮੇਹਰਵਾਨ ਹੈ। ਉਹ ਤੇਰੇ ਸਰੀਰਕ ਮਾਂ ਬਾਪ ਨਾਲੋਂ ਜ਼ਿਆਦਾ ਸਿਆਣਾ ਹੈ। ਪ੍ਰਮਾਤਮਾ ਦੀ ਸਿਆਣਪ ਦਾ ਉਦੋਂ ਪਤਾ ਲੱਗਦਾ ਹੈ ਜਦੋਂ ਵਾਸ਼ਨਾ ਦਾ ਪਰਦਾ ਅੱਖਾਂ ਤੋਂ ਇਕ ਪਾਸੇ ਹੋਵੇ, ਇੰਝ ਨਹੀਂ ਪਤਾ ਲੱਗਦਾ। ਵਾਸ਼ਨਾ ਮੇਰੀ ਸਾਹਮਣੇ ਹੈ ਤਾਂ ਗੁਰੂ ਕੁਝ ਵੀ ਨਹੀਂ ਹੈ। ਮੇਰੀ ਵਾਸ਼ਨਾ ਹੈ। ਗੁਰੂ ਉਦੋਂ ਮੇਰਾ ਮਿੱਤਰ ਹੈ ਜਦੋਂ ਮੇਰੀ ਵਾਸ਼ਨਾ ਦੀ ਪੂਰਤੀ ਕਰੇ। ਜਿਹੜਾ ਗੁਰੂ ਮੇਰੀ ਵਾਸ਼ਨਾ ਦੀ ਪੂਰਤੀ ਕਰਨ ਲੱਗ ਪਵੇ, ਉਹ ਗੁਰੂ ਮੇਰਾ ਗੁਰੂ ਨਹੀਂ ਹੈ, ਉਹ ਤਾਂ ਦੁਸ਼ਮਣ ਹੋ ਗਿਆ। ਨਹੀਂ ਪੂਰਤੀ ਕਰਦਾ ਗੁਰੂ। ਜਦੋਂ ਵੀ ਗੁਰੂ ਦੇ ਉੱਤੇ ਸ਼ਿਕਵਾ ਪੈਦਾ ਹੋ ਜਾਏ, ਹੇ ਗੁਰੂ! ਅਸੀਂ ਤਾਂ ਥੱਕ ਗਏ ਤੇਰੇ ਦੱਰ 'ਤੇ ਆ ਆ ਕੇ, ਮੱਥਾ ਰਗੜ ਰਗੜ ਕੇ, ਖੇਡ ਤਾਂ ਬਣੀ ਨਹੀਂ। ਗੁਰੂ 'ਤੇ ਜਦੋਂ ਵੀ ਗਿਲਾ ਪੈਦਾ ਹੋ ਜਾਏ, ਸਮਝ ਲੈਣਾ ਇਸਨੇ ਅਜੇ ਗੁਰੂ ਦੇ ਦਿਲ ਦਿਮਾਗ਼ ਨੂੰ ਸਮਝਿਆ ਨਹੀਂ। ਜੋ ਮੇਰੇ ਲਈ ਹਾਨੀਕਾਰਕ ਹੋਵੇਗਾ ਉਸਦੀ ਪੂਰਤੀ ਨਹੀਂ ਕਰੇਗਾ। ਹੋ ਸਕਦਾ ਹੈ ਕਿਸੇ ਲਈ ਗ਼ਰੀਬੀ ਦੀ ਵੀ ਲੋੜ ਹੋਵੇ। ਹੋ ਸਕਦਾ ਹੈ ਕਿਸੇ ਲਈ ਦੁੱਖ ਦੀ ਵੀ ਲੋੜ ਹੋਵੇ ਅਤੇ ਬਿਨਾਂ ਦੁੱਖ ਤੋਂ ਇਹ ਸ਼ਾਇਦ ਨਾ ਠੀਕ ਹੋਵੇ।

ਦੋ ਹਾਜੀ ਦੋਵੇਂ ਫ਼ਕੀਰ ਸਨ। ਫ਼ਰਕ ਸਿਰਫ਼ ਇੰਨਾ ਸੀ ਕਿ ਇਕ ਮੁਰਸ਼ੱਦ ਸੀ ਤੇ ਇਕ ਉਸ ਦਾ ਚੇਲਾ ਸੀ। ਹੱਜ ਕਰਨ ਨੂੰ ਜਾ ਰਹੇ ਹਨ। ਅਫ਼ਗਾਨਿਸਤਾਨ ਤੋਂ ਚੱਲੇ ਹਨ ਪੈਦਲ। ਥਾਂ ਥਾਂ 'ਤੇ ਪੜਾਅ ਕਰਦੇ ਜਾਣਾ ਸੀ। ਚੱਲੇ ਤਾਂ ਦੂਜੇ ਪਿੰਡ ਵਿਚ ਦੋ ਖ਼ਲੀਫ਼ੇ ਹੋਰ ਟੱਕਰ ਗਏ। ਉਹ ਵੀ ਨਾਲ ਚੱਲ ਪਏ। ਉਹਨਾਂ ਨੇ ਵੀ ਮੁਰਸ਼ੱਦ ਨੂੰ ਮੁਰਸ਼ੱਦ ਮੰਨ ਲਿਆ। ਚਾਰਾਂ ਦਾ ਕਾਫ਼ਲਾ ਜਾ ਰਿਹਾ ਹੈ। ਸ਼ਾਮਾਂ ਪੈ ਗਈਆਂ, ਇਕ ਦਰੱਖ਼ਤ ਥੱਲੇ ਬਿਸਰਾਮ ਕੀਤਾ। ਇਸ਼ਾ ਦੀ ਨਿਮਾਜ਼ ਪੜ੍ਹੀ ਹੈ। ਇਹ ਫ਼ਕੀਰ ਕਹਿੰਦਾ ਹੈ ਇਕ ਨੂੰ, ਜਾਉ ਕਸਬੇ ਵਿਚ ਖ਼ੈਰਾਤ ਮੰਗ ਕੇ ਲਿਆਉ। ਇਕ ਫ਼ਕੀਰ ਗਿਆ। 30-40 ਘਰ ਹੋਣਗੇ। ਹਰ ਦੁਆਰ 'ਤੇ ਦਸਤਕ ਦਿੱਤੀ ਹੈ, ਕੋਈ ਦੁਆਰ ਤਾਂ ਖੁੱਲ੍ਹਿਆ ਹੀ ਨਹੀਂ। ਕਿਸੇ ਨੇ ਖੋਲ੍ਹਿਆ ਤੇ ਆਖਿਆ ਤੂੰ ਹੱਟਾ ਕੱਟਾ ਹੈਂ, ਮੰਗਦਾ ਕਿਉਂ ਹੈਂ। ਕਿਸੇ ਨੇ ਆਖਿਆ ਹੱਜ ਕਰਨ ਜਾ ਰਿਹਾ ਹੈਂ। ਜੇ ਪੈਸੇ ਨਹੀਂ ਸਨ ਤਾਂ ਹੱਜ ਕਰਨ ਦੀ ਲੋੜ ਕੀ ਸੀ। ਕਿਸੇ ਨੇ ਕੁਝ ਆਖਿਆ, ਦੋ ਚਾਰਾਂ ਨੇ ਤਾਂ ਗਾਲ੍ਹਾਂ ਵੀ ਕੱਢ ਦਿੱਤੀਆਂ। ਆ ਗਿਆ ਵਾਪਿਸ। ਮੁਰਸ਼ੱਦ ਕਹਿੰਦਾ ਹੈ ਕੁਝ ਮਿਲਿਆ ਹੈ? ਕਹਿੰਦਾ ਹੈ ਹਾਂ। ਇਥੇ ਰੱਖ। ਉਸਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਕਿ ਇਹ ਮਿਲਿਆ ਹੈ। ਮੁਰਸ਼ੱਦ ਕਹਿੰਦਾ ਹੈ ਕਿ ਹੁਣ ਆਪਾਂ ਸੌਣਾ ਹੈ ਤੇ ਸ਼ੁਕਰਾਨਾ ਕਰਕੇ ਸੌਂਦੀਏ। ਹੁਣ ਮੁਰਸ਼ਦ ਅਰਦਾਸ ਕਰਦਾ ਹੈ, ਹੇ ਖ਼ੁਦਾਵੰਦ ਤਾਅਲਾ! ਅੱਜ ਦੀਆਂ ਜੋ ਸਾਡੀਆਂ ਲੋੜਾਂ ਸਨ, ਉਹ ਪੂਰੀਆਂ ਕਰ ਦਿੱਤੀਆਂ। ਤੇਰਾ ਲੱਖ ਲੱਖ ਧੰਨਵਾਦ। ਰਹਿਮਤ ਕਰੀਂ। ਧੰਨਵਾਦ ਕਰਦਿਆਂ ਹੋਇਆਂ ਸਵੇਰੇ ਉਠੀਏ। ਸੌਂ ਗਏ। ਉਹ ਤਿੰਨੇ ਸੋਚਣ ਲੱਗੇ ਕਿ ਦਿਨ ਭਰ ਦੇ ਤਾਂ ਭੁੱਖੇ ਹਾਂ, ਇਹ ਫ਼ਕੀਰ ਕਿੰਨੀ ਝੂਠੀ ਅਰਦਾਸ ਪਿਆ ਕਰਦਾ ਹੈ।

ਦੂਜੇ ਦਿਨ ਚੱਲੇ। ਦਿਨ ਭਰ ਚੱਲਣਾ ਸੀ, ਸ਼ਾਮ ਨੂੰ ਕਿਤੇ ਵਿਸਰਾਮ ਕਰਨਾ ਸੀ। ਸ਼ਾਮਾਂ ਪੈ ਗਈਆਂ। ਦੂਜਾ ਪਿੰਡ ਆ ਗਿਆ, ਅੱਗੇ ਜਾਣਾ ਮੁਨਾਸਿਬ ਨਾ ਸਮਝਿਆ। ਰਾਤ ਪੈ ਜਾਏਗੀ, ਉਥੇ ਠਹਿਰ ਗਏ। ਅੱਜ ਦੂਸਰੇ ਦੀ ਸੇਵਾ ਲਾਈ ਖ਼ੈਰਾਤ ਮੰਗਣ ਦੀ, ਨਿਮਾਜ਼ ਪੜ੍ਹਨ ਤੋਂ ਬਾਅਦ। ਦੂਜਾ ਗਿਆ ਹੈ। ਪਿੰਡ ਦੇ ਵਿਚ ਕੋਈ ਮੌਤ ਹੋ ਗਈ ਸੀ ਤੇ ਪਿੰਡ ਦੇ ਮੁਖੀਏ ਸ਼ਮਸ਼ਾਨ ਘਾਟ ਗਏ ਹੋਏ ਸਨ। ਘਰਾਂ ਵਿਚ ਸੋਗਵਾਰ ਇਸਤਰੀਆਂ ਬੈਠੀਆਂ ਸਨ, ਬੱਚੇ ਸਨ। ਵਾਪਿਸ ਆ ਗਿਆ। ਕੁਝ ਮਿਲਿਆ? ਹਾਂ, ਘਰ ਘਰ ਵਿਚ ਹੰਝੂ ਸਨ, ਉਦਾਸੀ ਸੀ। ਇਹੀ ਮਿਲੀ। ਮੁਰਸ਼ੱਦ ਕਹਿੰਦਾ ਹੈ ਕਿ ਠੀਕ ਹੈ, ਹੁਣ ਆਪਾਂ ਸੌਣਾ ਹੈ, ਅਰਦਾਸ ਕਰਕੇ ਸੌਂਦੀਏ। ਫਿਰ ਉਹੀ ਲਫ਼ਜ਼। ਜਦੋਂ ਸੌਣ ਲੱਗੇ ਤਾਂ ਤਿੰਨਾਂ ਦੇ ਮਨ ਵਿਚ ਗਿਲੇ, ਦੋ ਦਿਨ ਦੇ ਭੁੱਖੇ ਹਾਂ, ਕੀ ਨੀਂਦ ਆਵੇਗੀ? ਇਹ ਸ਼ੁਕਰਾਨਾ ਪਿਆ ਕਰਦਾ ਹੈ ਤੇ ਸਾਡਾ ਦਿਲ ਕਰਦਾ ਹੈ ਗਾਲ੍ਹਾਂ ਕੱਢੀਏ। ਗਿਲੇ ਵਿਚ ਮਨੁੱਖ ਰੱਬ ਤੋਂ ਦੂਰ ਚੱਲਾ ਜਾਂਦਾ ਹੈ।

ਤੀਸਰੇ ਦਿਨ ਚੱਲੇ ਹਨ। ਕਦਮ ਉਹਨਾਂ ਤਿੰਨਾਂ ਦੇ ਹੌਲੇ ਹਨ ਕਿਉਂਕਿ ਗਿਲ੍ਹਿਆਂ ਨੇ ਕਮਜ਼ੋਰ ਕਰ ਦਿੱਤਾ। ਪਰ ਉਹ ਮੁਰਸ਼ਦ ਬੜੇ ਢੰਗ ਨਾਲ ਚੱਲ ਰਿਹਾ ਹੈ। ਧੰਨਵਾਦ ਨੇ ਕਮਜ਼ੋਰ ਨਹੀਂ ਹੋਣ ਦਿੱਤਾ। ਜਿਸ ਦਿਨ ਤੁਹਾਨੂੰ ਸਮਝ ਆ ਜਾਏ, ਸ਼ੁਕਰਾਨਾ ਤਾਜ਼ਗੀ

ਦਿੰਦਾ ਹੈ, ਗਿਲੇ ਜਨਮ ਨੂੰ ਮੁਰਝਾ ਦਿੰਦੇ ਹਨ ਤੇ ਉਸ ਦਿਨ ਜ਼ਬਾਨ ਤੋਂ ਇਕ ਵੀ ਗਿਲਾ ਨਹੀਂ ਨਿਕਲਦਾ।

ਅੱਜ ਤੀਸਰਾ ਦਿਨ ਹੋਇਆ ਹੈ। ਪਿੰਡ ਦੇ ਬਾਹਰ ਇਹਨਾਂ ਫ਼ਕੀਰਾਂ ਨੇ ਡੇਰਾ ਲਾਇਆ ਹੈ। ਇਸ਼ਾ ਦੀ ਨਿਮਾਜ਼ ਪੜ੍ਹੀ, ਅੱਜ ਤੀਸਰੇ ਦੀ ਡਿਊਟੀ ਲਾਈ, ਜਾ ਤੂੰ ਮੰਗ ਲਿਆ। ਪਿੰਡ ਦੇ ਵਿਚ ਮੇਲਾ ਸੀ, ਸਾਰਾ ਪਿੰਡ ਇਕੱਠਾ ਹੋਇਆ ਸੀ ਉਥੇ। ਬੂਹੇ ਬੰਦ। ਜੇ ਕਿਸੇ ਘਰ ਵਿਚ ਕੋਈ ਇਕ ਅੱਧ ਬੈਠਾ ਵੀ ਸੀ ਤਾਂ ਮੇਲੇ ਦੀ ਉਮੀਦ ਵਿਚ, ਤਰੰਗ ਵਿਚ। ਅੱਜ ਕਿਸਨੂੰ ਚੇਤੇ ਆਵੇ ਭਿੱਕਸ਼ਾ ਦੇਣੀ। ਬਹੁਤੀ ਖ਼ੁਸ਼ੀ, ਬਹੁਤਾ ਗ਼ਮ ਮਨੁੱਖ ਨੂੰ ਡਾਵਾਂ ਡੋਲ ਕਰ ਦਿੰਦਾ ਹੈ। ਵਾਪਿਸ ਆ ਗਿਆ। ਮੁਰਸ਼ੱਦ ਨੇ ਰੋਜ਼ ਦੀ ਤਰ੍ਹਾਂ ਅੱਜ ਵੀ ਕਿਹਾ ਹੱਥ ਜੋੜੋ। ਢੰਗ ਇਹ ਸੀ ਕਿ ਮੁਰਸ਼ੱਦ ਜਿਹੜੇ ਸ਼ਬਦ ਬੋਲਦਾ ਸੀ, ਨਾਲ ਉਹ ਵੀ ਬੋਲਦੇ ਸਨ। ਜਦੋਂ ਮੁਰਸ਼ੱਦ ਕਹਿੰਦਾ ਹੈ ਸਾਡੀਆਂ ਜਿਹੜੀਆਂ ਅੱਜ ਦੀਆਂ ਲੋੜਾਂ ਸਨ ਤੂੰ ਬਹੁਤ ਸੋਹਣੇ ਢੰਗ ਨਾਲ ਪੂਰੀਆਂ ਕੀਤੀਆਂ। ਚੇਲੇ ਅਗੋਂ ਕਹਿਣ ਲਗੇ ਕਿ ਐ ਖ਼ੁਦਾ! ਸਾਡੀਆਂ ਜੋ ਅੱਜ ਤੱਕ ਦੀਆਂ ਲੋੜਾਂ ਸਨ, ਤੂੰ ਤਿੰਨ ਦਿਨ ਦੀਆਂ ਨਹੀਂ ਪੂਰੀਆਂ ਕਰ ਰਿਹਾ। ਸਾਨੂੰ ਤਾਂ ਹੁਣ ਭਰੋਸਾ ਵੀ ਨਹੀਂ ਆਉਂਦਾ ਤੂੰ ਹੈਂ ਕਿ ਨਹੀਂ, ਪਰ ਪਤਾ ਹੈ ਉਸ ਫ਼ਕੀਰ ਨੇ ਕੀ ਆਖਿਆ? ਤਿੰਨ ਦਿਨ ਭੁੱਖੇ ਰਹਿ ਕੇ ਅੱਜ ਮੈਨੂੰ ਪਤਾ ਚੱਲਿਆ ਹੈ ਕਿ ਭੁੱਖ ਕਿੰਨੀ ਜ਼ਾਲਮ ਹੁੰਦੀ ਹੈ। ਭੁੱਖ ਦਾ ਗਿਆਨ ਭੁੱਖੇ ਰਹਿ ਕੇ ਮਿਲਣਾ ਸੀ, ਭਰੇ ਪੇਟ ਨਹੀਂ ਮਿਲਣਾ ਸੀ। ਹੇ ਪ੍ਰਮਾਤਮਾ! ਗਿਆਨ ਦੇਣ ਵਾਸਤੇ ਤੂੰ ਤਿੰਨ ਦਿਨ ਸਾਨੂੰ ਭੁੱਖਾ ਰੱਖਿਆ, ਤੇਰਾ ਸ਼ੁਕਰਾਨਾ। ਜਿਸ ਨੇ ਗ਼ਰੀਬੀ ਨਹੀਂ ਦੇਖੀ ਤਾਂ ਕਿਸੇ ਮੁਫਲਿਸ 'ਤੇ ਤਰਸ ਖਾਣਾ ਬੜੀ ਔਖੀ ਗੱਲ ਹੈ।

ਮੁਰਸ਼ੱਦ ਇਹਨਾਂ ਤਿੰਨਾਂ ਦੇ ਸਿਰ 'ਤੇ ਬਾਰ ਬਾਰ ਹੱਥ ਰੱਖਦਾ ਹੈ ਅਤੇ ਕਹਿੰਦਾ ਹੈ, ਹੇ ਖ਼ੁਦਾ! ਸ਼ੁਕਰਾਨੇ ਵਿਚ ਰਹਿਣ ਦੀ ਜਾਚ ਇਹਨਾਂ ਨੂੰ ਵੀ ਸਿਖਾ। ਸ਼ੁਕਰਾਨੇ ਹੀ ਪ੍ਰਭੂ ਦੇ ਨੇੜੇ ਲੈ ਆਉਂਦੇ ਹਨ। ਆਪ ਪੰਗਤੀਆਂ ਸਰਵਨ ਕਰੋ।

ਤਿਲੰਗ ਮਹਲਾ ੫ ਘਰੁ ੩॥ ਮਿਹਰਵਾਨੁ ਸਾਹਿਬੁ ਮਿਹਰਵਾਨੁ॥

ਉਹ ਜੋ ਮਾਲਕ ਹੈ, ਮਿਹਰਵਾਨ ਹੈ। ਹਰ ਸਮੇਂ ਉਸ ਤੋਂ ਮਿਹਰ ਟਪਕਦੀ ਹੈ। ਹਰ ਸਮੇਂ ਉਸ ਤੋਂ ਦਇਆ ਟੱਪਕਦੀ ਹੈ। ਉਹ ਕਦੀ ਵੀ ਕਠੋਰ ਨਹੀਂ ਹੁੰਦਾ। ਜਿਵੇਂ ਸੂਰਜ ਦਾ ਸੁਭਾਅ ਹੀ ਨਹੀਂ ਹੈ ਅੰਧਕਾਰ ਵਿਚ ਹੋਣਾ। ਪ੍ਰਮਾਤਮਾ ਦਾ ਸੁਭਾਅ ਹੀ ਨਹੀਂ ਹੈ ਕਠੋਰਤਾ ਵਿਚ ਹੋਣਾ।

ਸਾਹਿਬ ਮੇਰਾ ਮਿਹਰਵਾਨੁ॥

ਉਹ ਮਾਲਕ ਸਦਾ ਮਿਹਰਵਾਨ ਹੈ ਤੇ ਸਾਰੇ ਜੀਵਾਂ ਨੂੰ ਦਾਨ ਦਿੰਦਾ ਹੈ।

ਜੀਅ ਸਗਲ ਕਉ ਦੇਇ ਦਾਨੁ॥ ਰਹਾਉ॥

ਆਪਣੀ ਸਮਝ ਦੇ ਮੁਤਾਬਿਕ ਸਾਰਿਆਂ ਦੀ ਝੋਲੀ ਵਿਚ ਪਾਉਂਦਾ ਹੈ। ਕਿਸੇ ਦੀ ਝੋਲੀ

ਖ਼ਾਲੀ ਨਹੀਂ ਰੱਖਦਾ। ਜੇਕਰ ਕਿਸੇ ਦੀ ਝੋਲੀ ਦੁੱਖਾਂ ਨਾਲ ਭਰੀ ਹੋਈ ਹੈ ਤਾਂ ਇਹ ਵੀ ਉਸਦੀ ਲੋੜ ਸੀ।

ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥

(ਅੰਗ ੫)

ਇਹ ਗੱਲ ਵੱਖਰੀ ਹੈ ਕਿ ਧਨ ਕਿਸੇ ਦੀ ਲੋੜ ਹੈ ਤੇ ਧਨ ਦੀ ਵਰਤੋਂ ਕਿਸੇ ਕਿਸੇ ਨੂੰ ਆਉਂਦੀ ਹੈ। ਕਿਸੇ ਕਿਸੇ ਦੀ ਲੋੜ ਹੈ ਉਸਨੂੰ ਦੁੱਖ ਮਿਲਣ ਪਰ ਦੁੱਖ ਦੀ ਵਰਤੋਂ ਕਰਨੀ ਕਿਸੇ ਕਿਸੇ ਨੂੰ ਆਉਂਦੀ ਹੈ। ਸਾਰੇ ਜੀਵਾਂ ਨੂੰ ਤੂੰ ਉਹਨਾਂ ਦੀ ਲੋੜ ਅਨੁਸਾਰ ਦਾਨ ਦਿੰਦਾ ਹੈਂ।

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥

ਉਹ ਜਿਹੜਾ ਸਿਰਜਣਹਾਰ ਹੈ ਸਾਰਿਆਂ ਦੀ ਰੱਖਿਆ ਕਰਦਾ ਹੈ। ਤੂੰ ਕਿਉਂ ਡੋਲਦਾ ਹੈਂ?

ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥ ੧॥

ਜਿਸ ਅਕਾਲ ਪੁਰਖ ਨੇ ਤੈਨੂੰ ਪੈਦਾ ਕੀਤਾ ਹੈ, ਜੀਵਨ ਲਈ ਆਧਾਰ ਵੀ ਉਹੀ ਦਿੰਦਾ ਹੈ, ਉਹੀ ਦੇ ਰਿਹਾ ਹੈ ਅਤੇ ਉਹੀ ਦਿੰਦਾ ਰਹੇਗਾ। ਤੂੰ ਡੋਲ ਨਾ।

ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ॥

ਜਿਸਨੇ ਸ੍ਰਿਸ਼ਟੀ ਪੈਦਾ ਕੀਤੀ ਹੈ, ਸਾਰ ਵੀ ਉਹੀ ਲੈ ਰਿਹਾ ਹੈ, ਰਖਵਾਲੀ ਵੀ ਉਹੀ ਕਰ ਰਿਹਾ ਹੈ।

ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ॥ ੨॥

ਉਹ ਹਰ ਦਿਲ ਦਾ ਮਾਲਕ ਹੈ, ਹਰ ਵਸਤੂ ਦਾ ਮਾਲਕ ਹੈ ਅਤੇ ਉਹ ਸੱਚਾ ਹੈ, ਸਹੀ ਹੈ ਅਤੇ ਪਾਲਣ ਪੋਸ਼ਣ ਕਰਨ ਵਿਚ ਸਮਰੱਥ ਹੈ।

ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ॥

ਉਸਦੀ ਕੀਤੀ ਹੋਈ ਇਹ ਕੁਦਰਤ ਹੈ। ਕਿੰਨੀ ਕੁ ਹੈ? ਕੌਣ ਜਾਣਦਾ ਹੈ। ਇਹ ਵੇਪਰਵਾਹ ਹੈ। ਬਹੁਤ ਵੱਡਾ, ਉਸਦੀ ਕਿਰਤ ਹੀ ਇੰਨੀ ਮਹਾਨ ਹੈ ਕਿ ਨਾਪੀ ਤੋਲੀ ਨਹੀਂ ਜਾ ਸਕਦੀ। ਉਹ ਕਰਤਾ ਕਿੰਨਾ ਮਹਾਨ ਹੈ, ਕੌਣ ਅੰਦਾਜ਼ਾ ਲਾਵੇ? ਉਹ ਕਿਸੇ ਦਾ ਮੁਥਾਜ ਨਹੀਂ।

ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ॥ ੩॥

ਜਿੰਨੇ ਤੇਰੇ ਵਿਚ ਸੁਆਸ ਹਨ ਤੂੰ ਬੰਦਗੀ ਕਰ। ਹਰ ਸੁਆਸ ਸ਼ੁਕਰਾਨੇ ਵਿਚ ਨਿਕਲੇ, ਕਦੀ ਗਿਲੇ ਵਿਚ ਨਾ ਨਿਕਲੇ।

ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ॥

ਹੇ ਪਰੀਪੂਰਨ ਪ੍ਰਮਾਤਮਾ! ਤੂੰ ਸਰਵ ਸ਼ਕਤੀਮਾਨ ਹੈਂ ਤੇ ਸਮਰੱਥ ਹੈਂ। ਜ਼ਬਾਨ ਨਾਲ ਤੈਨੂੰ ਬਿਆਨ ਕਰਨਾ ਬੜਾ ਔਖਾ ਹੈ। ਇਹ ਸਰੀਰ ਤੇ ਇਸਦੇ ਵਿਚ ਜੀਵਨ ਇਹ ਸਭ ਤੇਰਾ ਦਿੱਤਾ ਹੋਇਆ ਦਾਨ ਹੈ। ਤੂੰ ਅਜਿਹਾ ਅਕੱਥ ਹੈਂ।

ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥ ੪ ॥ ੩ ॥

ਇਹ ਜੋ ਹਰ ਸਮੇਂ ਤੇਰੀ ਰਹਿਮਤ ਹੈ, ਇਹ ਮੇਹਰਵਾਨ ਹੋਣਾ ਜੋ ਤੇਰਾ ਸੁਭਾਅ ਹੈ, ਇਸ ਕਰਕੇ ਨਾਨਕ ਨੂੰ ਸੁੱਖ ਮਿਲੇ। ਨਾਨਕ ਹਰ ਸਮੇਂ ਸੁੱਖੀ ਹੈ। ਧੰਨਵਾਦ ਕਰਨ ਵਾਲਾ ਜੇ ਬਾਜ਼ਾਰ ਵਿਚ ਵੀ ਬੈਠਾ ਹੈ, ਗੁਰਦੁਆਰੇ ਵਿਚ ਵੀ ਬੈਠਾ ਹੈ। ਗਿਲਾ ਕਰਨ ਵਾਲਾ ਜੇ ਗੁਰਦੁਆਰੇ ਵੀ ਬੈਠਾ ਹੈ ਤਾਂ ਘਰ ਬਾਰ ਵਿਚ ਬੈਠਾ ਹੈ। ਸਾਹਿਬ ਰਹਿਮਤ ਕਰਨ। ਇਸ ਤਰ੍ਹਾਂ ਦੀ ਅਰਦਾਸ ਸਾਡੇ ਅੰਦਰੋਂ ਪੈਦਾ ਹੋਵੇ। ਭੁੱਲ ਚੁੱਕ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਗੁਰ ਕੈ ਸਬਦਿ ਭਰੇ ਭੰਡਾਰਾ

ਧਨਾਸਰੀ ਮਹਲਾ ੩ ॥

ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥ ਗੁਰ ਕੈ ਸਬਦਿ ਭਰੇ ਭੰਡਾਰਾ ॥
ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥ ਮਾਇਆ ਮੋਹਿ ਜਲੈ ਅਭਿਮਾਨੁ ॥ ੧ ॥
ਗੁਰਮੁਖਿ ਹਰਿ ਰਸੁ ਚਾਖੈ ਕੋਇ ॥
ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ ॥ ਰਹਾਉ ॥
ਸਬਦੁ ਦੀਪਕੁ ਵਰਤੈ ਤਿਹੁ ਲੋਇ ॥ ਜੋ ਚਾਖੈ ਸੋ ਨਿਰਮਲੁ ਹੋਇ ॥
ਨਿਰਮਲ ਨਾਮਿ ਹਉਮੈ ਮਲੁ ਧੋਇ ॥ ਸਾਚੀ ਭਗਤਿ ਸਦਾ ਸੁਖੁ ਹੋਇ ॥ ੨ ॥
ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ ॥ ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥
ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥ ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥ ੩ ॥
ਬਿਨੁ ਸਤਿਗੁਰ ਸਭ ਮੁਈ ਬਿਲਲਾਇ ॥ ਅਨਦਿਨੁ ਦਾਝਹਿ ਸਾਤਿ ਨ ਪਾਇ ॥
ਸਤਿਗੁਰੁ ਮਿਲੈ ਸਭੁ ਤ੍ਰਿਸਨ ਬੁਝਾਏ ॥ ਨਾਨਕ ਨਾਮਿ ਸਾਂਤਿ ਸੁਖੁ ਪਾਏ ॥ ੪ ॥ ੨ ॥

(ਅੰਗ ੬੬੪)

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਨਮਾਨ ਯੋਗ ਗੁਰੂ ਰੂਪ ਸਾਧ ਸੰਗਤ ਜੀਉ! ਸੋਢੀ ਸੁਲਤਾਨ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦਾ ਅੱਜ ਪ੍ਰਕਾਸ਼ ਉਤਸਵ ਹੈ। ਉਸ ਸਬੰਧ ਵਿਚ ਕੁਝ ਵਿਚਾਰਾਂ ਆਪ ਜੀ ਦੇ ਸਮਕਸ਼ ਭੇਟ ਕਰਾਂ। ਇਸ ਤੱਲ 'ਤੇ ਹੁਕਮਨਾਮੇ ਦੀ ਵਿਚਾਰ ਤੇ ਅਰਥ ਆਪ ਜੀ ਦੇ ਸਾਹਮਣੇ ਰੱਖਾਂ।

ਮਨੁੱਖੀ ਦੁਨੀਆਂ 'ਤੇ ਜਿਹੜੀ ਮਹਿਮਾ ਹੈ, ਉਹ ਸਾਰੀ ਧਨ 'ਤੇ ਖੜੀ ਹੈ। ਇਹ ਗੱਲ ਵੱਖਰੀ ਹੈ ਕਿ ਧਨ ਦੇ ਅਨੰਤ ਰੂਪ ਮੰਨੇ ਗਏ ਹਨ। ਗੋ ਧਨ, ਗਜ ਧਨ, ਅਸਵਰ ਧਨ, ਭੂਮੀ ਧਨ, ਸਵਰਨ ਧਨ, ਰੂਪ ਧਨ, ਲਗਪਗ ਇਸ ਤਰ੍ਹਾਂ ਦੀਆਂ ਵਸਤੂਆਂ ਨੂੰ ਧਨ ਕਹਿੰਦੇ ਹਨ। ਕਰੰਸੀ ਨਹੀਂ ਸੀ, ਇਹ ਸਿੱਕੇ ਨਹੀਂ ਸਨ ਅਤੇ ਇਹ ਨੋਟ ਵੀ ਨਹੀਂ ਸਨ ਅਤੇ ਭੂਮੀ ਧਨ, ਗੋ ਧਨ, ਗਊਆਂ ਧਨ ਸਨ। ਅਸਵਰ ਧਨ, ਘੋੜੇ ਧਨ ਸਨ। ਗਜ ਧਨ, ਹਾਥੀ ਧਨ ਸਨ,

ਰੂਪ ਧਨ, ਮਨੁੱਖ ਦੇ ਸੁਹੱਪਣ ਨੂੰ ਵੀ ਧਨ ਕਹਿੰਦੇ ਸਨ। ਰੂਪ ਦਾ ਸਿੱਕਾ ਵੀ ਚੱਲਦਾ ਸੀ। ਅਤੇ ਇਸੇ ਤਰੀਕੇ ਨਾਲ, ਸਵਰਨ ਧਨ ਸੋਨਾ ਸੀ। ਇਹ ਧਨ ਜਿਹਦੇ ਕੋਲ ਹੋਵੇ ਉਹਨੂੰ ਕਹਿੰਦੇ ਸਨ ਧਨਵਾਨ। ਇਹ ਧੰਨਤਾ ਦੇ ਜੋਗ ਹੈ, ਧਨਵਾਨ ਹੈ। ਇਹਦੇ ਕੋਲ ਰੂਪ ਦਾ ਧਨ ਹੈ। ਇਹਦੇ ਕੋਲ ਭੂਮੀ ਧਨ ਹੈ। ਇਹਦੇ ਕੋਲ ਅਸਵਰ ਧਨ ਹੈ। ਇਹਦੇ ਕੋਲ ਗਜ ਧਨ ਹੈ। ਇਹਦੇ ਕੋਲ ਗੋ ਧਨ ਹੈ। ਬੈਰੂਨੀ ਦੁਨੀਆਂ ਦੇ ਵਿਚ ਆਦਿਕਾਲ ਤੋਂ ਧਨਵਾਨ ਪੂਜਿਆ ਜਾ ਰਿਹਾ ਹੈ। ਕਿਧਰੇ ਪਰੋਖ ਸਰੂਪ ਵਿਚ ਤੇ ਕਿਧਰੇ ਅਪਰੋਖ ਸਰੂਪ ਵਿਚ।

ਧੰਨ ਗੁਰੂ ਅਮਰਦਾਸ ਜੀ ਮਹਾਰਾਜ ਨੇ ਇਸ ਪਾਵਨ ਪਵਿੱਤਰ ਵਾਕ ਵਿਚ ਦੱਸਿਆ ਹੈ ਕਿ ਇਹ ਧਨ ਨਹੀਂ, ਜਿਸਨੂੰ ਤੁਸੀਂ ਧਨ ਕਹਿੰਦੇ ਹੋ। ਇਹ ਸਿਰਫ਼ ਜੀਵਨ ਦੀਆਂ ਲੋੜਾਂ ਹਨ। ਇਸ ਨਾਲ ਨਾ ਕੋਈ ਧਨਵਾਨ ਹੁੰਦਾ ਹੈ, ਨਾ ਕੋਈ ਧੰਨਤਾ ਜੋਗ ਹੁੰਦਾ ਹੈ। ਠੀਕ ਹੈ ਸੋਨੇ ਦੇ ਅੰਬਾਰ ਲੱਗ ਜਾਣ। ਬਹੁਤਾ ਗਊ ਧਨ ਹੋਵੇ, ਰਾਜ ਧਨ ਹੋਵੇ, ਰੂਪ ਧਨ ਹੋਵੇ, ਭੂਮੀ ਧਨ ਹੋਵੇ ਪਰ ਇਹ ਮਨੁੱਖ ਧਨਵਾਨ ਨਹੀਂ ਹੈ। ਕਿਉਂ ਇਹ ਧਨ ਨਹੀਂ ਸਿਰਫ਼ ਇਹ ਜੀਵਨ ਦੀਆਂ ਲੋੜਾਂ ਹਨ। ਸਰੀਰ ਦੇ ਤੱਲ ਤੋਂ ਨਿਕਲ ਕੇ ਇਹ ਸਰੀਰ ਦੀਆਂ ਲੋੜਾਂ ਹਨ। ਜਦ ਕੋਈ ਮਨੁੱਖ ਉਸ ਨੂੰ ਮਨ ਦੀ ਲੋੜ ਬਣਾ ਲੈਂਦਾ ਹੈ ਤਾਂ ਉਸੇ ਲੋੜ ਦਾ ਨਾਮ ਲੋਭ ਹੋ ਜਾਂਦਾ ਹੈ। ਉਸੇ ਨੂੰ ਹੀ ਲੋਭ ਕਹਿੰਦੇ ਹਨ। ਹੋਰ ਲੋਭ ਕੀ ਹੈ? ਲੋੜ ਸਰੀਰ ਦੇ ਤੱਲ ਤੋਂ ਉਛਲ ਕੇ ਮਨ ਦਾ ਹਿੱਸਾ ਬਣ ਗਈ ਹੈ। ਇਹ ਗੱਲ ਵੱਖਰੀ ਹੈ ਕਿ ਗੋ ਧਨ, ਭੂਮੀ ਧਨ, ਅਸਵਰ ਧਨ, ਕੰਚਨ ਧਨ, ਰੂਪ ਧਨ ਨਾਲ ਮਨ ਦੀ ਤ੍ਰਿਪਤੀ ਨਹੀਂ ਹੋਣੀ। ਕਿਉਂਕਿ ਉਹ ਮਨ ਦੀ ਲੋੜ ਹੀ ਨਹੀਂ ਹੈ।

ਤਨ ਦੀ ਲੋੜ ਨੂੰ ਮਨੁੱਖ ਆਦਿਕਾਲ ਤੋਂ ਮਨ ਦੀ ਲੋੜ ਬਣਾ ਰਿਹਾ ਹੈ, ਜਦ ਕਿ ਮਨ ਦੀ ਪੂਰਤੀ ਹੁੰਦੀ ਨਹੀਂ। ਜਿਤਨੀ ਜ਼ਮੀਨ ਜਾਇਦਾਦ ਇਕੱਠੀ ਹੋ ਜਾਏ। ਜਿਤਨਾ ਧਨ ਇਕੱਠਾ ਹੋਵੇ। ਜਿਸ ਜਿਸ ਚੀਜ਼ ਨੂੰ ਧਨ ਆਖਿਆ ਗਿਆ ਹੈ, ਜਿਸ ਕੋਲ ਹੋਵੇ, ਉਸਨੂੰ ਧਨਵਾਨ ਆਖਿਆ ਗਿਆ ਹੈ, ਪਰ ਉਹ ਕੰਗਾਲਾਂ ਨਾਲੋਂ ਵੀ ਦੁੱਖੀ ਮਿਲਦੇ ਹਨ। ਵੱਡਾ ਅਸੀਂ ਕਿਸ ਨੂੰ ਕਹਿੰਦੇ ਹਾਂ? ਜਿਸ ਕੋਲ ਇਹ ਧਨ ਜ਼ਿਆਦਾ ਹੋਵੇ। ਪਰ ਮਹਾਰਾਜ ਕਹਿੰਦੇ ਹਨ ਕਿ ਇਸ ਤਰ੍ਹਾਂ ਦੇ ਜਿਹੜੇ ਵੱਡੇ ਹਨ-

ਵਡੇ ਵਡੇ ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥

(ਅੰਗ ੧੮੮)

ਉਹ ਧਨ ਪ੍ਰਾਪਤ ਕਰਕੇ ਧਨਵਾਨ ਨਹੀਂ ਬਣਦੇ, ਕੰਗਾਲ ਬਣ ਜਾਂਦੇ ਹਨ। ਕਿਉਂਕਿ ਧਨ ਗੁਰੂ ਅਮਰਦਾਸ ਜੀ ਮਹਾਰਾਜ ਅੱਜ ਦੇ ਵਾਕ ਵਿਚ ਦੱਸਦੇ ਹਨ ਕਿ ਇਹ ਧਨ ਨਹੀਂ ਹੈ, ਸਿਰਫ਼ ਜੀਵਨ ਦੀਆਂ ਲੋੜਾਂ ਹਨ। ਸਰੀਰਾਂ ਦੀਆਂ ਲੋੜਾਂ ਹਨ।

ਲੋੜਾਂ ਦਾ ਜਦ ਕੋਈ ਸੰਗ੍ਰਹਿ ਕਰਦਾ ਹੈ, ਜਮ੍ਹਾਂ ਹੀ ਕਰਦਾ ਹੈ ਅਤੇ ਲੋੜਾਂ ਨੂੰ ਜਦ

ਮਨ ਦਾ ਹਿੱਸਾ ਬਣਾ ਲੈਂਦਾ ਹੈ ਤਾਂ ਉਸਨੂੰ ਲੋਭ ਕਹਿੰਦੇ ਹਨ। ਲੋਭ ਮਨ ਦਾ ਬੋਝ ਬਣ ਜਾਂਦਾ ਹੈ ਅਤੇ ਮਾਨਸਿਕ ਸੰਤੁਲਨ, ਮਾਨਸਿਕ ਤਵਾਜ਼ਨ ਖੋਹ ਬੈਠਦਾ ਹੈ। ਸੰਤੁਲਨ ਡਾਵਾਂਡੋਲ ਹੋ ਜਾਂਦਾ ਹੈ। ਲੋੜਾਂ ਸੀਮਿਤ ਹਨ ਪਰ ਲੋਭ ਦੀ ਕੋਈ ਸੀਮਾ ਨਹੀਂ। ਕਿਧਰੇ ਵੀ ਸਮਾਪਤ ਨਹੀਂ ਹੁੰਦਾ। ਲੋਭ ਤੇ ਸਿਕੰਦਰ ਦਾ ਵੀ ਨਹੀਂ ਸਮਾਪਤ ਹੋਇਆ ਸੀ। ਬਾਕੀਆਂ ਦਾ ਕਿਥੋਂ ਹੋਣਾ ਹੈ। ਲੋੜ ਦੀ ਸੀਮਾ ਹੈ।

ਇਹਦੇ 'ਤੇ ਦਾਸ ਜਿਹੜਾ ਉਦਾਹਰਣ ਦੇਂਦਾ ਹੁੰਦਾ ਹੈ, ਤੁਹਾਡੇ ਸਾਹਮਣੇ ਰੱਖਾਂ। ਭੁੱਖ ਦੀ ਸੀਮਾ ਹੈ। ਮਨੁੱਖ ਦੋ ਰੋਟੀਆਂ ਨਹੀਂ ਤਾਂ ਚਾਰ ਖਾ ਲਏਗਾ। ਚਾਰ ਨਹੀਂ ਤੇ ਚਲੋ ਅੱਠ ਖਾ ਲਏਗਾ, ਦੱਸ ਖਾ ਲਏਗਾ, ਸੀਮਾ ਹੈ। ਸਵਾਦ ਦੀ ਸੀਮਾ ਨਹੀਂ ਹੈ। ਇਹ ਸਾਰਾ ਦਿਨ ਖਾਂਦਾ ਰਹੇਗਾ ਅਤੇ ਅੱਧੇ ਅੱਧੇ ਘੰਟੇ ਬਾਅਦ ਖਾਂਦਾ ਰਹੇਗਾ। ਚਾਲੀ ਪੰਜਾਹ ਸੱਜਣ ਜੋ ਦਾਸ ਨਾਲ ਚੱਲਦੇ ਹਨ, ਉਹਨਾਂ ਵਿਚ ਵੀ ਇਕ ਦੋ ਐਸੇ ਹਨ। ਕਈ ਦਫ਼ਾ ਮੈਂ ਉਹਨਾਂ ਨੂੰ ਸਮਝਾਇਆ। ਹਰ ਅੱਧੇ ਘੰਟੇ ਬਾਅਦ ਉਹਨਾਂ ਨੂੰ ਕੁਝ ਨਾ ਕੁਝ ਚਾਹੀਦਾ ਹੈ। ਚੀਨੀ ਲੋਕ ਹਰ ਘੰਟੇ ਬਾਅਦ ਕੁਝ ਖਾਂਦੇ ਹਨ। ਇਹ ਗੱਲ ਵੱਖਰੀ ਹੈ ਕਿ ਉਹਨਾਂ ਦਾ ਖਾਣਾ ਲੀਕਵਡ ਹੈ, ਪਰ ਘੰਟੇ ਬਾਅਦ ਮੂੰਹ ਮਾਰਨ ਨੂੰ ਕੁਝ ਚਾਹੀਦਾ ਹੈ। ਰਸਨਾ ਦਾ ਸਵਾਦ ਚਾਹੀਦਾ ਹੈ। ਕੀ ਸਰੀਰ ਹਰ ਘੰਟੇ ਬਾਅਦ ਮੰਗਦਾ ਹੈ? ਐਸਾ ਨਹੀਂ। ਫਿਰ ਉਹ ਤਨ ਦੀ ਲੋੜ ਨਹੀਂ ਰਹਿ ਗਈ। ਤਨ ਦੀ ਲੋੜ ਨੂੰ ਮਨ ਦੀ ਲੋੜ ਬਣਾ ਲਿਆ ਤੇ ਇਹਨੂੰ ਲੋਭ ਕਹਿੰਦੇ ਹਨ। ਖਾਣ ਦਾ ਲੋਭ ਹੋ ਗਿਆ। ਸਾਰਾ ਸਾਰਾ ਦਿਨ ਹੀ ਲੰਗਰ ਦੇ ਆਲੇ ਦੁਆਲੇ ਘੁੰਮਦੇ ਹਨ। ਹਰ ਘੰਟੇ ਬਾਅਦ ਚਾਹ ਪੀਣੀ ਹੈ। ਹਰ ਘੰਟੇ ਬਾਅਦ ਕੁਝ ਖਾਣਾ ਹੈ। ਹੱਟਦੇ ਹੀ ਨਹੀਂ।

ਜਿਵੇਂ ਜਿਵੇਂ ਇਹ ਸਰੀਰ ਵਡੇਰਾ ਹੁੰਦਾ ਹੈ, ਬਜ਼ੁਰਗ ਹੁੰਦਾ ਹੈ, ਇਹ ਲੋੜ ਹੋਰ ਘੱਟਦੀ ਹੈ। ਭੋਜਨ ਦੀ ਲੋੜ ਘੱਟਦੀ ਹੈ। ਸਵਾਦ ਤੇ ਘੱਟਦਾ ਨਹੀਂ, ਸਵਾਦ ਤੇ ਵੱਧਦਾ ਜਾਂਦਾ ਹੈ। ਬੁੱਢਾ ਬੰਦਾ ਤੇ ਉਤਨਾ ਹੀ ਖਾਏਗਾ ਜਿਤਨਾ ਜਵਾਨ ਖਾਏਗਾ ਸਗੋਂ ਉਸ ਨਾਲੋਂ ਜ਼ਿਆਦਾ ਖਾਣ ਲੱਗ ਪੈਂਦਾ ਹੈ। ਇਸੇ ਤਰੀਕੇ ਦੇ ਨਾਲ ਜਦ ਗੋ ਧਨ, ਅਸਵਰ ਧਨ, ਸਵਰਨ ਧਨ ਜਾਂ ਅੱਜ ਦੀ ਕਰੰਸੀ ਨੂੰ ਕਹਿ ਦੇਈਏ, ਨੋਟਾਂ ਨੂੰ ਕਹਿ ਦੇਈਏ, ਜਿਹੜੀ ਚੀਜ਼ ਮਨ ਦੀ ਲੋੜ ਨਹੀਂ, ਉਹਦੇ ਨਾਲ ਮਨ ਨੂੰ ਤ੍ਰਿਪਤ ਕਰਾਂਗੇ ਤਾਂ ਨਹੀਂ ਹੋਵੇਗਾ। ਕਿਉਂਕਿ ਘਰ ਵਿਚ ਧਨ ਵੱਧਦਾ ਜਾ ਰਿਹਾ ਹੈ। ਮਨ ਵਿਚ ਭੁੱਖ ਵੱਧਦੀ ਜਾ ਰਹੀ ਹੈ। ਘਰ ਦੇ ਵਿਚ ਸੋਨਾ ਚਾਂਦੀ ਵੱਧਦਾ ਜਾ ਰਿਹਾ ਹੈ, ਮਨ ਵਿਚ ਕੰਗਾਲਤਾ ਵੱਧਦੀ ਜਾ ਰਹੀ ਹੈ। ਐਸਾ ਕਿਉਂ ਹੈ?

ਧਨ ਮਨ ਦੀ ਲੋੜ ਨਹੀਂ। ਇਸਨੂੰ ਕਿਧਰੇ ਭੁੱਲ ਕੇ ਵੀ ਮਨ ਦੀ ਲੋੜ ਨਾ ਸਮਝ ਲੈਣਾ। ਇਹ ਗੱਲ ਵੱਖਰੀ ਹੈ ਕਿ ਜਗਤ ਨੇ ਇਸ ਨੂੰ ਮਨ ਦੀ ਲੋੜ ਬਣਾਇਆ ਹੋਇਆ ਹੈ, ਇਸ ਵਾਸਤੇ ਲੋਭ ਵਿਆਪਕ ਹੈ। ਮਹਾਰਾਜ ਕਹਿੰਦੇ ਹਨ ਕਿ ਮਨੁੱਖੀ ਮਨ ਦੇ ਉੱਤੇ ਜੇਕਰ ਇਸ ਵਕਤ ਕੋਈ ਰਾਜ ਹੈ ਤਾਂ ਲੋਭ ਦਾ ਹੀ ਰਾਜ ਹੈ।

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

(ਅੰਗ ੪੬੮)

ਰਾਜਾ ਤੇ ਲੋਭ ਹੈ। ਜੇ ਲੋਭ ਹੈ, ਤਾਂ ਪਾਪ ਹੈ।

ਪਾਪਾ ਬਾਝਹੁ ਹੋਵੈ ਨਾਹੀ

(ਅੰਗ ੪੧੭)

ਲੋਭ ਦੀ ਪੂਰਤੀ ਬਿਨਾਂ ਪਾਪ ਤੋਂ ਨਹੀਂ ਹੋਵੇਗੀ। ਲੋੜਾਂ ਦੀ ਪੂਰਤੀ ਪੁੰਨ ਨਾਲ ਕੀਤੀ ਜਾ ਸਕਦੀ ਹੈ। ਕਿਉਂਕਿ ਸਤਿਗੁਰਾਂ ਦਾ ਇਹ ਵਾਕ ਆਇਆ ਹੈ ਕਿ ਲੋੜਾਂ ਦੀ ਪੂਰਤੀ ਪੁੰਨ ਨਾਲ ਕੀਤੀ ਜਾ ਸਕਦੀ ਹੈ ਪਰ ਲੋਭ ਦੀ ਪੂਰਤੀ ਪੁੰਨ ਨਾਲ ਨਹੀਂ ਹੋਏਗੀ, ਪਾਪ ਨਾਲ ਹੋਵੇਗੀ।

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥

(ਅੰਗ ੪੧੭)

ਜਗਤ ਦੇ ਸਾਰੇ ਧਨਵਾਨ ਮੈਨੂੰ ਮਾਫ਼ ਕਰਨਗੇ। ਜੋ ਜਿਤਨਾ ਵੱਡਾ ਧਨਵਾਨ ਹੈ, ਉਹ ਉਤਨਾ ਵੱਡਾ ਪਾਪੀ ਹੈ। ਅੰਨ ਪਾਣੀ ਸਰੀਰ ਦੀ ਲੋੜ ਹੈ। ਭੋਜਨ ਸਰੀਰ ਦੀ ਲੋੜ ਹੈ। ਭੁੱਖ ਦੀ ਸੀਮਾ ਹੈ ਭਾਵੇਂ ਕਿਸੇ ਨੂੰ ਘੱਟ ਲੱਗਦੀ ਹੈ। ਭਾਵੇਂ ਕਿਸੇ ਨੂੰ ਵੱਧ ਲੱਗਦੀ ਹੈ। ਲੋੜਾਂ ਪ੍ਰਕਿਰਤੀ ਸਭ ਦੀਆਂ ਪੂਰੀਆਂ ਕਰਦੀ ਹੈ।

ਸਭੁ ਕਿਛੁ ਬਹੁਤੋ ਬਹੁਤੁ ਉਪਾਇਆ॥

(ਅੰਗ ੧੦੪)

ਮਹਾਰਾਜ ਕਹਿੰਦੇ ਹਨ ਕਿ ਸਾਰੇ ਸੰਸਾਰ ਨੂੰ ਜਿਤਨਾ ਪਾਣੀ ਚਾਹੀਦਾ ਹੈ, ਬਹੁਤ ਜ਼ਿਆਦਾ ਹੈ। ਜਿਤਨਾ ਭੋਜਨ ਚਾਹੀਦਾ ਹੈ, ਕਈ ਗੁਣਾ ਜ਼ਿਆਦਾ ਹੈ। ਸੜਦਾ ਪਿਆ ਹੈ ਸਾਡੇ ਦੇਸ਼ ਵਿਚ ਅਨਾਜ। ਇਹ ਗੱਲ ਵੱਖਰੀ ਹੈ ਕਿ ਕਈ ਭੁੱਖੇ ਵੀ ਮਰ ਰਹੇ ਹਨ। ਲੱਖਾਂ ਟਨ ਅਨਾਜ ਸੜ ਰਿਹਾ ਹੈ। ਜਿਤਨੀ ਆਕਸੀਜਨ ਦੀ ਲੋੜ ਹੈ, ਕੁਦਰਤ ਨੇ ਕਰੋੜਾਂ ਗੁਣਾ ਜ਼ਿਆਦਾ ਬਣਾਈ ਹੈ। ਜਿਤਨੀ ਹਵਾ ਚਾਹੀਦੀ ਹੈ, ਅਨੰਤ ਗੁਣਾ ਜ਼ਿਆਦਾ ਹੈ। ਰਹਿਣ ਨੂੰ ਜਿਤਨੀ ਧਰਤੀ ਚਾਹੀਦੀ ਹੈ, ਬੇਸ਼ੁਮਾਰ ਹੈ। ਧਰਤੀ ਦੇ ਸਿਰਫ਼ ਚੌਥੇ ਭਾਗ 'ਤੇ ਮਨੁੱਖਤਾ ਰਹਿੰਦੀ ਹੈ। ਤਿੰਨ ਹਿੱਸੇ ਤਾਂ ਖ਼ਾਲੀ ਪਏ ਹਨ। ਕਿਧਰੇ ਦਲਦਲ ਹੈ, ਕਿਧਰੇ ਜੰਗਲ ਹੈ। ਕਿਧਰੇ ਪਹਾੜ ਹਨ, ਕੋਈ ਨਹੀਂ ਵੱਸਦਾ।

ਭਾਰਤ ਨਾਲੋਂ ਛੇ ਗੁਣਾ ਜ਼ਮੀਨ ਦੇ ਹਿਸਾਬ ਨਾਲ ਆਸਟਰੇਲੀਆ ਵੱਡਾ ਹੈ। ਤਿੰਨ ਕਰੋੜ ਦੀ ਅਬਾਦੀ ਹੈ। ਕੁਝ ਵੀ ਨਹੀਂ। ਹਜ਼ਾਰਾਂ ਮੀਲ ਤੱਕ ਕੋਈ ਅਬਾਦੀ ਨਹੀਂ। ਭਾਰਤ ਨਾਲੋਂ ਚਾਰ ਗੁਣਾ ਜ਼ਮੀਨ ਤੇ ਕੈਨੇਡਾ ਵੱਡਾ ਹੈ। ਕੁਲ ਢਾਈ ਕਰੋੜ ਦੀ ਅਬਾਦੀ, ਕੁਝ ਵੀ ਨਹੀਂ। ਸਾਰਾ ਖ਼ਾਲੀ ਪਿਆ ਹੈ। ਰਹਿਣ ਨੂੰ ਜਿਤਨੀ ਧਰਤੀ ਚਾਹੀਦੀ ਹੈ, ਬਹੁਤ ਜ਼ਿਆਦਾ

ਹੈ। ਪੀਣ ਨੂੰ ਜਿਤਨਾ ਪਾਣੀ ਚਾਹੀਦਾ ਹੈ, ਬਹੁਤ ਜ਼ਿਆਦਾ ਹੈ। ਫਿਰ ਗੁਰਬਾਣੀ ਤਾਂ ਐਸਾ ਵੀ ਕਹਿੰਦੀ ਹੈ ਕਿ ਜੀਵ ਦਾ ਜਨਮ ਬਾਅਦ ਵਿਚ ਹੁੰਦਾ ਹੈ, ਰਿਜ਼ਕ ਦਾ ਜਨਮ ਪਹਿਲੇ ਹੀ ਹੋ ਜਾਂਦਾ ਹੈ।

ਪਹਿਲੋ ਦੇ ਤੈਂ ਰਿਜਕੁ ਸਮਾਹਾ॥ ਪਿਛੋ ਦੇ ਤੈਂ ਜੰਤੁ ਉਪਾਹਾ॥

(ਅੰਗ ੧੩੦)

ਪਹਿਲੇ ਰਿਜ਼ਕ ਪੈਦਾ ਹੋ ਜਾਂਦਾ ਹੈ ਤੇ ਜੀਵ ਦਾ ਜਨਮ ਬਾਅਦ ਵਿਚ ਹੁੰਦਾ ਹੈ। ਇਹਦੇ ਉੱਤੇ ਕੋਈ ਉਦਾਹਰਣ ਚਾਹੀਦੀ ਹੈ। ਇਹਦੇ ਉੱਤੇ ਕੋਈ ਪ੍ਰਮਾਣ ਚਾਹੀਦਾ ਹੈ। ਗੁਰਬਾਣੀ ਦੇ ਨਾਲ ਨਾਲ ਦੁਨੀਆਂ ਦੇ ਹੋਰ ਵਿਦਵਾਨਾਂ ਦੇ ਹੋਰ ਖ਼ਿਆਲ ਵੀ ਮੇਲ ਖਾਂਦੇ ਹਨ।

ਇਕ ਸੂਫ਼ੀ ਫ਼ਕੀਰ ਦਾ ਖ਼ਿਆਲ ਹੈ ਕਿ ਕੋਈ ਚਿੰਤਾ ਕਰਨੀ ਹੈ, ਤੂੰ ਗ਼ਮ ਕਰਨਾ ਹੈ ਤਾਂ ਕਰ ਲੈ, ਪਰ ਰੋਜ਼ੀ ਦਾ ਗ਼ਮ, ਰਿਜ਼ਕ ਦਾ ਗ਼ਮ ਬਿਲਕੁਲ ਨਾ ਕਰੀਂ। ਮਾਤਾ ਦੇ ਅਸਥਨਾਂ ਦੇ ਵਿਚ ਦੁੱਧ ਪਹਿਲੇ ਬਣ ਗਿਆ, ਬੱਚੇ ਦਾ ਜਨਮ ਬਾਅਦ ਵਿਚ ਹੋਇਆ। ਸਤਿਗੁਰੂ ਕਹਿੰਦੇ ਹਨ ਕਿ ਜਿਹੜਾ ਲੋੜਾਂ ਦੀ ਖ਼ਾਤਰ ਮਿਹਨਤ ਕਰ ਰਿਹਾ ਹੈ, ਉਸ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ, ਪਰ-

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥ (ਅੰਗ ੧੪੧੭)

ਲੋਭੀ 'ਤੇ ਵਿਸ਼ਵਾਸ ਨਾ ਕਰਨਾ। ਉਹ ਤੇ ਕੁਝ ਵੀ ਕਰ ਸਕਦਾ ਹੈ। ਪਰ ਇਕ ਐਸਾ ਧਨ ਹੈ ਜਿਹਦਾ ਲੋਭ ਹੀ ਮਨ ਨੂੰ ਨਿਰਮਲ ਕਰ ਦੇਂਦਾ ਹੈ। ਤੁਸੀਂ ਆਖੋਗੇ ਲੋਭ ਤਾਂ ਮੈਲਾ ਕਰਦਾ ਹੈ, ਨਹੀਂ, ਲੋਭ ਨਿਰਮਲ ਵੀ ਕਰ ਦੇਂਦਾ ਹੈ। ਕਿਹੜੇ ਧਨ ਦਾ ਲੋਭ ਮਨੁੱਖ ਨੂੰ ਨਿਰਮਲ ਕਰ ਦੇਂਦਾ ਹੈ? ਜਿਹੜਾ ਧਨ ਹੈ ਹੀ ਨਿਰਮਲ, ਉਹਦਾ ਲੋਭ ਮਨ ਨੂੰ ਨਿਰਮਲ ਕਰ ਦੇਂਦਾ ਹੈ। ਤੇ ਤੁਸੀਂ ਆਖੋਗੇ ਫਿਰ ਨਿਰਮਲ ਧਨ ਕਿਹੜਾ ਹੈ? ਤੁਸੀਂ ਹੁਣ ਧੰਨ ਗੁਰੂ ਅਮਰਦਾਸ ਜੀ ਪਾਸੋਂ ਸਰਵਨ ਕਰੋ ਤੇ ਅੱਖਰੀ ਅਰਥ ਮੈਂ ਆਪ ਜੀ ਦੇ ਸਾਹਮਣੇ ਰੱਖਾਂ। ਫਿਰ ਅੱਜ ਦੇ ਸਬੰਧ ਵਿਚ ਕੁਝ ਵਿਚਾਰਾਂ ਆਪ ਜੀ ਦੇ ਸਾਹਮਣੇ ਰੱਖੀਏ। ਇਕ ਦਫ਼ਾ ਪਿਆਰ ਨਾਲ ਆਖੋ ਸਤਿਨਾਮੁ ਵਾਹਿਗੁਰੂ ਜੀ।

ਧਨਾਸਰੀ ਮਹਲਾ ੩ ॥ ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ॥

ਹਰੀ ਦਾ ਜਿਹੜਾ ਨਾਮ ਹੈ ਇਹੀ ਨਿਰਮਲ ਹੈ। ਇਹੀ ਅਪਾਰ ਧਨ ਹੈ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੈ। ਇਹੀ ਮਹਾਨ ਧਨ ਹੈ ਜੋ ਅਪਾਰ ਹੈ। ਇਹੀ ਇਕ ਧਨ ਹੈ ਜੋ ਜਨਮਾਂ ਜਨਮਾਤਰਾਂ ਦੀ ਮਨ ਦੀ ਮੈਲ ਨੂੰ ਧੋ ਦੇਂਦਾ ਹੈ। ਸ਼ੁੱਧ ਕਰ ਦੇਂਦਾ ਹੈ। ਇਸ ਢੰਗ ਦਾ ਕੋਈ ਸੰਗਰਹਿ ਕਰੇ। ਜਿਵੇਂ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਬੜਾ ਲੋਭ ਹੈ ਮੈਨੂੰ ਤੇਰੇ ਨਾਮ ਸੁਣਨ ਦਾ। ਕਰਾਂ ਕੀ, ਤੂੰ ਸਿਰਫ਼ ਦੋ ਹੀ ਕੰਨ ਦਿੱਤੇ ਹਨ ਮੈਨੂੰ। ਇਹਦੇ ਨਾਲ ਮੇਰੇ ਲੋਭ ਦੀ ਪੂਰਤੀ ਨਹੀਂ ਹੁੰਦੀ।

ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥

(ਅੰਗ ੭੮੧)

ਕਰੋੜਾਂ ਥਾਵਾਂ 'ਤੇ ਤੇਰਾ ਜਸ ਹੋ ਰਿਹਾ ਹੈ। ਮੈਂ ਤੇ ਸਿਰਫ਼ ਇਕੋ ਹੀ ਜਗ੍ਹਾ 'ਤੇ ਸੁਣ ਸਕਦਾ ਹਾਂ। ਹੇ ਪ੍ਰਭੂ! ਮੈਨੂੰ ਕਰੋੜਾਂ ਕੰਨ ਦੇ ਤਾਕਿ ਜਿਥੇ ਜਿਥੇ ਤੇਰੀ ਸਿਫਤੋ ਸਲਾਹ ਹੋ ਰਹੀ ਹੈ, ਮੈਂ ਉਹਵੀ ਸੁਣਾਂ। ਭਾਈ ਸਾਹਿਬ ਭਾਈ ਗੁਰਦਾਸ ਜੀ ਵੀ ਕਹਿੰਦੇ ਹਨ ਕਿ ਇਹ ਕੰਨ ਬੜੇ ਲੋਭੀ ਹਨ, ਬੜੇ ਦਲਿੱਦਰੀ ਹਨ, ਰੱਜਦੇ ਹੀ ਨਹੀਂ। ਹੇ ਗੁਰੂ! ਹੇ ਪ੍ਰਭੂ! ਤੇਰੀ ਮਹਿਮਾ ਸੁਣਦੇ ਸੁਣਦੇ ਰੱਜਦੇ ਹੀ ਨਹੀਂ। ਜੇ ਕਿਧਰੇ ਮੈਨੂੰ ਤੂੰ ਕਰੋੜਾਂ ਕੰਨ ਦੇ ਦੇਵੇਂ ਤਾਂ ਹਰ ਜਗ੍ਹਾ ਮੈਂ ਤੇਰਾ ਜਸ ਸੁਣਾਂ, ਜਿਥੇ ਜਿਥੇ ਵੀ ਹੁੰਦਾ ਹੈ ਅਤੇ ਇਹ ਵੀ ਲੋਭ ਹੈ। ਧਨ ਦਾ ਲੋਭ ਜਿਸਦੇ ਅੰਦਰ ਹੈ, ਬੜਾ ਬਦਕਿਸਮਤ ਮਨੁੱਖ ਹੈ। ਨਾਮ ਦਾ ਲੋਭ ਜਿਸਦੇ ਅੰਦਰ ਪੈਦਾ ਹੋ ਗਿਆ, ਬੜਾ ਖ਼ੁਸ਼ਕਿਸਮਤ ਮਨੁੱਖ ਹੈ। ਪੂਜਨ ਯੋਗ ਹੈ। ਪਰ ਇਹ ਲੋਭ ਕਦੋਂ ਪੈਦਾ ਹੁੰਦਾ ਹੈ। ਧਨ ਦਾ ਲੋਭ ਸ਼ਾਂਤ ਹੋਵੇ ਤਾਂ ਨਿਰਮਨ ਧਨ ਦਾ ਲੋਭ ਉਦੋਂ ਪੈਦਾ ਹੁੰਦਾ ਹੈ। ਜਿਤਨੇ ਚਿਰ ਤੱਕ ਮੈਲੇ ਧਨ ਦਾ ਲੋਭ ਮੌਜੂਦ ਹੈ, ਨਿਰਮਲ ਧਨ ਦਾ ਲੋਭ ਪੈਦਾ ਹੀ ਨਹੀਂ ਹੋ ਸਕਦਾ। ਐਸਾ ਕਦੀ ਹੋਇਆ ਹੀ ਨਹੀਂ।

ਸਾਹਿਬ ਗੁਰੂ ਅਮਰਦਾਸ ਜੀ ਫ਼ੁਰਮਾਣ ਕਰ ਰਹੇ ਹਨ ਕਿ ਇਕ ਐਸਾ ਧਨ ਹੈ ਜਿਸ ਨਾਲ ਮਨ ਦੀਆਂ ਲੋੜਾਂ ਦੀ ਪੂਰਤੀ ਹੋ ਸਕਦੀ ਹੈ। ਮਨ ਸ਼ਾਂਤ ਹੋ ਸਕਦਾ ਹੈ। ਇਹ ਹੈ ਪ੍ਰਭੂ ਦਾ ਨਾਮ। ਤੂੰ ਗਹਿਰ ਗੰਭੀਰ ਹੈਂ, ਅਤੀ ਅਪਾਰ ਹੈਂ, ਇੰਦਰੀਆਂ ਤੋਂ ਪਰੇ ਹੈਂ। ਉਹੀ ਨਿਰਮਲ ਧਨ ਹੈ।

ਗੁਰ ਕੈ ਸਬਦਿ ਭਰੇ ਭੰਡਾਰਾ॥

ਗੁਰੂ ਦੇ ਸਬਦ ਦੁਆਰਾ ਆਪਣੇ ਹਿਰਦੇ ਦੇ ਭੰਡਾਰ ਭਰੇ ਜਾ ਸਕਦੇ ਹਨ। ਗੁਰੂ ਸ਼ਬਦ ਦੁਆਰਾ ਪ੍ਰਾਪਤ ਹੋਵੇਗਾ, ਵਿਚਾਰ ਦੁਆਰਾ ਪ੍ਰਾਪਤ ਹੋਵੇਗਾ। ਗੁਰੂ ਸ਼ਬਦ ਦੇ ਜਾਪ ਦੁਆਰਾ ਪ੍ਰਾਪਤ ਹੋਵੇਗਾ। ਮੰਤਰ ਵੀ ਸ਼ਬਦ ਨੂੰ ਕਹਿੰਦੇ ਹਨ। ਮੰਤਰ ਬੋਲ, ਬੋਲ ਸ਼ਬਦ, ਸ਼ਬਦ ਵਾਕ ਹੈ, ਗੱਲ ਇਕੋ ਹੀ ਹੈ। ਗੁਰੂ ਦੇ ਸ਼ਬਦ ਦੁਆਰਾ ਇਹ ਪ੍ਰਾਪਤ ਹੋਵੇਗਾ ਇਹ ਪਰਮ ਧਨ, ਇਹ ਅਪਾਰ ਧਨ, ਇਹ ਮਹਾਨ ਧਨ।

ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ॥

ਨਾਮ ਦੇ ਧਨ ਤੋਂ ਬਿਨਾਂ ਹੋਰ ਸਭ ਕੁਝ ਨੂੰ ਜ਼ਹਿਰ ਜਾਣ, ਬਿਖੁ ਜਾਣ, ਜ਼ਹਿਰੀਲਾ ਜਾਣ, ਮੈਲਾ ਜਾਣ।

ਮਾਇਆ ਮੋਹਿ ਜਲੈ ਅਭਿਮਾਨੁ॥ ੧॥

ਦਰਅਸਲ ਉਹ ਧਨ ਜਿਸਨੂੰ ਤੂੰ ਮਨ ਦੀ ਲੋੜ ਬਣਾ ਰਿਹਾ ਹੈਂ, ਇਹਦੇ ਨਾਲ ਤਾਂ ਅਭਿਮਾਨ ਵੱਧ ਜਾਂਦਾ ਹੈ। ਕਿਸੇ ਨੂੰ ਰੂਪ ਦਾ ਮਾਣ, ਕਿਸੇ ਨੂੰ ਭੂਮੀ ਦਾ ਮਾਣ, ਕਿਸੇ ਨੂੰ ਧਨ

ਦਾ ਮਾਣ, ਕਿਸੇ ਨੂੰ ਜੋਬਨ ਦਾ ਮਾਣ, ਕਿਸੇ ਨੂੰ ਪ੍ਰਭੁੱਤਾ ਦਾ ਮਾਣ। ਇਹ ਸਭ ਮਨੁੱਖ ਦੇ ਅੰਦਰ ਹੰਕਾਰ ਵਧਾ ਦੇਵੇਗਾ। ਮਾਣ ਵਧਾ ਦੇਵੇਗਾ। ਜਿਸ ਜਿਸੇ ਮਨੁੱਖ ਦੇ ਅੰਦਰ ਨਾਮ ਧਨ ਵੱਧਦਾ ਹੈ, ਨਿਰਮਾਨਤਾ ਪ੍ਰਾਪਤ ਹੁੰਦੀ ਹੈ। ਗ਼ਰੀਬੀ ਪੈਦਾ ਹੁੰਦੀ ਹੈ। ਇਕ ਤੇ ਇਹ ਰੁਚੀ ਹੈ ਕਿ ਮੈਨੂੰ ਸਾਰੇ ਜਾਨਣ। ਧਨ ਦੀ ਲਾਲਸਾ ਇਸ ਕਰਕੇ ਵੱਧਦੀ ਹੈ ਕਿ ਧਨਵਾਨ ਨੂੰ ਫਿਰ ਸਾਰੇ ਜਾਣਦੇ ਹਨ। ਧਨਵਾਨ ਦੇ ਆਲੇ ਦੁਆਲੇ ਫਿਰ ਸਾਰੇ ਪ੍ਰਕਰਮਾ ਕਰਦੇ ਹਨ। ਨਾਮ ਧਨ ਜਿਵੇਂ ਜਿਵੇਂ ਪ੍ਰਾਪਤ ਹੁੰਦਾ ਹੈ, ਉਹਦੀ ਇੱਛਾ ਹੁੰਦੀ ਹੈ ਕਿ ਮੈਨੂੰ ਕੋਈ ਨਾ ਜਾਣੇ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਕਹਿੰਦੇ ਹਨ ਕਿ ਮੈਨੂੰ ਛੁੱਪੇ ਰਹਿਣ ਦੀ ਚਾਅ ਹੈ। ਮੈਂ ਤਾਂ ਛੁੱਪ ਜਾਣਾ ਚਾਹੁੰਦਾ ਹਾਂ। ਮੈਂ ਤਾਂ ਮਿੱਟ ਜਾਣਾ ਚਾਹੁੰਦਾ ਹਾਂ। ਮੈਂ ਤਾਂ ਗੁਮਨਾਮ ਹੋਣਾ ਚਾਹੁੰਦਾ ਹਾਂ। ਮਾਇਆਧਾਰੀ ਮਨੁੱਖ ਇਹ ਚਾਹੁੰਦਾ ਹੈ-

ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥ (ਅੰਗ ੨)

ਨੌਂ ਖੰਡ ਦੇ ਵਿਚ ਮੇਰੇ ਨਾਮ ਨੂੰ ਜਾਣਿਆ ਜਾਏ। ਜੇ ਕਿਧਰੇ ਨਾਮ ਧਨ ਦੀ ਪ੍ਰਾਪਤੀ ਹੋ ਜਾਏ ਤਾਂ ਫਿਰ ਇਹ ਹੁੰਦਾ ਹੈ-

ਮੋ ਕਉ ਕੋਇ ਨ ਜਾਨਤ ਕਹੀਅਤ ਦਾਸੁ ਤੁਮਾਰਾ॥

(ਅੰਗ ੧੦੦੫)

ਏਨਾ ਮਾਣ ਤੇਰੇ ਸੇਵਕਾਂ ਦਾ ਹੈ, ਭਾਵੇਂ ਕੋਈ ਨਹੀਂ ਜਾਣਦਾ। ਤੇ ਦੁੱਖ ਵੀ ਕੋਈ ਨਹੀਂ ਕੋਈ ਜਾਣੇ ਜਾਂ ਨਾ ਜਾਣੇ। ਇਕ ਐਸਾ ਧਨ ਹੈ ਜੋ ਮਨੁੱਖ ਨੂੰ ਖ਼ਿਆਲ ਦੇਂਦਾ ਹੈ ਕਿ ਮੈਂ ਸਭ ਕੁਝ ਹਾਂ, ਮੈਂ ਸਭ ਕੁਝ ਹਾਂ ਅਤੇ ਇਕ ਐਸਾ ਧਨ ਹੈ ਜਦ ਪ੍ਰਾਪਤ ਹੋ ਜਾਏ ਤਾਂ ਖ਼ਿਆਲ ਬਣਦਾ ਹੈ ਕਿ ਮੈਂ ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ। ਬਾਹਰ ਦਾ ਧਨ ਪ੍ਰਾਪਤ ਕਰਕੇ, ਸਭ ਕੁਝ ਹੋ ਕੇ ਵੀ ਮਨੁੱਖ ਕੁਝ ਵੀ ਨਹੀਂ, ਪਰ ਅੰਦਰ ਦਾ ਧਨ, ਇਹ ਨਿਰਮਲ ਧਨ, ਨਾ ਵੀ ਪ੍ਰਾਪਤ ਹੋਵੇ, ਸਿਰਫ਼ ਉਹਦੀ ਤੜਪ ਪ੍ਰਾਪਤ ਹੋਵੇ, ਤਾਂ ਵੀ ਮਨੁੱਖ ਸਭ ਕੁਝ ਹੋ ਜਾਂਦਾ ਹੈ। ਨਾਮ ਧਨ ਪ੍ਰਾਪਤ ਹੋ ਗਿਆ ਤੇ ਮਹਾਂ ਰੱਸ ਹੈ। ਮਹਾਂ ਅਨੰਦ ਹੈ, ਪਰ ਤੜਪ ਬਣੀ ਹੋਈ ਹੈ ਕਿ ਪ੍ਰਾਪਤ ਨਹੀਂ ਹੋਇਆ। ਯਕੀਨ ਜਾਣੋ ਤਾਂ ਵੀ ਬਹੁਤ ਕੁਝ ਪ੍ਰਾਪਤ ਹੋਇਆ ਹੈ। ਨਾ ਮਿਲ ਕੇ ਵੀ ਬਹੁਤ ਕੁਝ ਮਿਲ ਜਾਂਦਾ ਹੈ। ਹੋ ਸਕਦਾ ਹੈ, ਤੁਹਾਡੇ ਵਿਚੋਂ ਕੋਈ ਜਿਹੜੇ ਨਾਮ ਅਭਿਆਸੀ ਹੋਣ, ਜ਼ਰੂਰ ਉਹਨਾਂ ਦੀ ਪਕੜ ਵਿਚ ਇਹ ਗੱਲ ਆਈ ਹੋਵੇਗੀ ਕਿ ਨਾ ਮਿਲ ਕੇ ਵੀ ਬਹੁਤ ਕੁਝ ਮਿਲ ਜਾਂਦਾ ਹੈ। ਬਾਹਰੋਂ ਬਹੁਤਾ ਕੁਝ ਮਿਲ ਕੇ ਵੀ ਪਤਾ ਚੱਲਦਾ ਹੈ ਕਿ ਕੁਝ ਵੀ ਨਹੀਂ। ਇਸ ਵਾਸਤੇ ਮੇਰੇ ਪਾਤਿਸ਼ਾਹ ਕਹਿੰਦੇ ਹਨ ਕਿ ਗੁਰੂ ਦੇ ਸ਼ਬਦ ਦੁਆਰਾ, ਗੁਰੂ ਮੰਤਰ ਦੁਆਰਾ ਹਿਰਦੇ ਦੇ ਭੰਡਾਰ ਭਗਤ ਜਨ ਭਰਦੇ ਹਨ। ਇਹੀ ਸੱਚਾ ਧਨ ਹੈ, ਇਹੀ ਮਹਾਨ ਧਨ ਹੈ। ਇਹੀ ਨਿਰਮਲ ਧਨ ਹੈ।

ਗੁਰਮੁਖਿ ਹਰਿ ਰਸੁ ਚਾਖੈ ਕੋਇ॥

ਕੋਈ ਵਿਰਲਾ ਹੀ ਗੁਰਮੁਖਿ ਹੈ। ਹਰੀ ਨਾਮ ਦਾ ਰੱਸ, ਇਸ ਧਨ ਦਾ ਰੱਸ ਖਾਂਦਾ, ਚੱਖਦਾ ਤੇ ਅਨੰਦ ਲੈਂਦਾ ਹੈ

ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ॥ ਰਹਾਉ॥

ਪੂਰੇ ਭਾਗਾਂ ਨਾਲ ਇਸ ਨਿਰਮਲ ਧਨ ਦੀ ਪ੍ਰਾਪਤੀ ਹੁੰਦੀ ਹੈ ਤੇ ਐਸੇ ਮਨੁੱਖ ਨੂੰ ਹਰ ਵਕਤ ਅਨੰਦ ਰਹਿੰਦਾ ਹੈ, ਜਦ ਕਿ ਚੋਟੀ ਦੇ ਧਨਵਾਨ ਰੋਂਦੇ ਰਹਿੰਦੇ ਹਨ। ਚੋਟੀ ਦੇ ਪ੍ਰਤਿਭਾਸ਼ਾਲੀ ਮਨੁੱਖ ਰੋਂਦੇ ਰਹਿੰਦੇ ਹਨ। ਨਾਮ ਧਨ ਜਿਸਨੂੰ ਪ੍ਰਾਪਤ ਹੋ ਗਿਆ, ਉਹ ਸਦੀਵੀ ਅਨੰਦ ਵਿਚ ਰਹਿੰਦਾ ਹੈ। ਸਦੀਵੀ ਖੇੜੇ ਵਿਚ ਰਹਿੰਦਾ ਹੈ। ਮਾਨਸਿਕ ਤੱਲ ਦਾ ਰੱਸ ਸਦਾ ਉਹਦੇ ਅੰਦਰ ਬਣਿਆ ਰਹਿੰਦਾ ਹੈ।

ਸਬਦੁ ਦੀਪਕੁ ਵਰਤੈ ਤਿਹੁ ਲੋਇ॥

ਸ਼ਬਦ ਇਕ ਐਸਾ ਦੀਵਾ ਹੈ, ਜਿਸਦਾ ਚਾਨਣਾ ਤਿੰਨਾਂ ਲੋਕਾਂ ਵਿਚ ਭਾਵ ਜਿਸ ਜਿਸ ਦੇ ਅੰਦਰ ਨਾਮ ਦਾ ਪ੍ਰਕਾਸ਼ ਹੋਇਆ, ਸ਼ਬਦ ਕਰਕੇ ਹੋਇਆ। ਚਾਹੇ ਕਿਸੇ ਧਰਤੀ 'ਤੇ, ਕਿਸੇ ਦੀਪ 'ਤੇ, ਕਿਸੇ ਥਾਂ 'ਤੇ ਵੀ ਹੋਵੇ। ਜੇਕਰ ਕੋਈ ਪ੍ਰਭੂ ਨਾਲ ਜੁੜਿਆ ਹੈ ਤੇ ਨਾਮ ਧਨ ਨੂੰ ਪ੍ਰਾਪਤ ਕੀਤਾ ਹੈ ਤਾਂ ਸ਼ਬਦ ਦੁਆਰਾ ਹੀ ਪ੍ਰਾਪਤ ਕੀਤਾ ਹੈ। ਇਸ ਲਈ ਇਹ ਐਸਾ ਦੀਵਾ ਹੈ ਜਿਸਦਾ ਚਾਨਣਾ ਤਿੰਨਾਂ ਲੋਕਾਂ ਵਿਚ ਵਿਆਪਕ ਹੈ।

ਜੋ ਚਾਖੈ ਸੋ ਨਿਰਮਲੁ ਹੋਇ॥

ਜੋ ਇਸ ਰੱਸ ਨੂੰ ਚੱਖ ਲੈਂਦਾ ਹੈ, ਨਿਰਮਲ ਹੋ ਜਾਂਦਾ ਹੈ। ਇਹ ਨਿਰਮਲ ਧਨ ਹਿਰਦੇ ਨੂੰ ਨਿਰਮਲ ਕਰ ਦੇਂਦਾ ਹੈ। ਪਾਵਨ ਕਰ ਦੇਂਦਾ ਹੈ। ਪਵਿੱਤਰ ਕਰ ਦੇਂਦਾ ਹੈ।

ਨਿਰਮਲ ਨਾਮਿ ਹਉਮੈ ਮਲੁ ਧੋਇ॥

ਇਹ ਨਾਮ ਐਸਾ ਨਿਰਮਲ ਧਨ ਹੈ ਜੋ ਹੰਕਾਰ ਨੂੰ ਮਿਟਾ ਦੇਂਦਾ ਹੈ, ਪਰ ਬਾਰ ਬਾਰ ਮਨੁੱਖ ਦੇ ਅੰਦਰ ਇਹ ਖ਼ਿਆਲ ਪੈਦਾ ਹੁੰਦਾ ਹੈ ਕਿ ਮੈਂ ਕੁਝ ਵੀ ਨਹੀਂ, ਮੈਂ ਕੁਝ ਵੀ ਨਹੀਂ। ਮੇਰਾ ਨਾਮ ਕੋਈ ਨਾ ਜਾਣੇ।

ਸਾਚੀ ਭਗਤਿ ਸਦਾ ਸੁਖੁ ਹੋਇ॥ ੨॥

ਜੋ ਸੱਚਾ ਪਰੀਪੂਰਨ ਪ੍ਰਮਾਤਮਾ ਹੈ, ਉਹਦੀ ਭਗਤੀ ਨਾਲ, ਉਹਦੀ ਭਾਵਨਾ ਨਾਲ, ਸਦੀਵੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਸਦੀਵੀ ਅਨੰਦ ਦੀ ਪ੍ਰਾਪਤ ਹੁੰਦੀ ਹੈ।

ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ॥

ਜਿਨ੍ਹਾਂ ਨੇ ਹਰੀ ਦਾ ਰੱਸ ਚੱਖ ਲਿਆ ਹੈ, ਉਹੀ ਹਰੀ ਦੇ ਜਨ ਹਨ। ਉਹੀ ਧਨਵਾਨ ਹਨ। ਉਹੀ ਮਹਾਨ ਹਨ। ਉਹੀ ਲੋਕ ਧਨਵਾਨ ਗਿਣੇ ਜਾਂਦੇ ਹਨ।

ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ॥

ਸਦੀਵੀ ਉਹਨਾਂ ਦੇ ਮਨ ਵਿਚ ਖੇੜਾ ਬਣਿਆ ਰਹਿੰਦਾ ਹੈ। ਸੋਗ ਤੇ ਚਿੰਤਾ ਕਦੀ ਵੀ ਨਹੀਂ ਆਉਂਦੀ।

ਆਪਿ ਮੁਕਤੁ ਅਵਰਾ ਮੁਕਤੁ ਕਰਾਵੈ॥

ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਸਵੈਮ ਦੇ ਤੰਤਰ ਵਿਚ ਜਿਊਂਦਾ ਹੈ, ਸੁਤੰਤਰ ਮਤਲਬ ਸਵੈਮ ਦੇ ਤੰਤਰ ਵਿਚ। ਹੁਣ ਆਪਣੇ ਆਪ ਦੇ ਵਿਚ ਜਿਊਂਦਾ ਹੈ ਕਿਸੇ ਦੇ ਤੰਤਰ ਵਿਚ ਨਹੀਂ। ਕਿਸੇ ਦੀ ਮੁਥਾਜੀ ਵਿਚ ਨਹੀਂ। ਕਿਸੇ ਦੇ ਦਬਾਅ ਵਿਚ ਨਹੀਂ। ਆਪਣੀ ਆਤਮਾ ਦੀ ਪ੍ਰੇਰਨਾ ਅਨੁਸਾਰ ਜਿਊਂਦਾ ਹੈ। ਸੁਤੰਤਰ ਹੋ ਜਾਂਦਾ ਹੈ, ਮੁਕਤ ਹੋ ਜਾਂਦਾ ਹੈ ਅਤੇ ਦੂਜਿਆਂ ਨੂੰ ਵੀ ਮੁਕਤ ਕਰਦਾ ਹੈ।

ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ॥ ੩॥

ਜਿਹੜੇ ਜਿਹੜੇ ਸੱਜਣ, ਜਿਹੜੇ ਜਿਹੜੇ ਗੁਰਮੁਖਿ ਨਾਮ ਜਪਦੇ ਹਨ, ਸੁੱਖ ਦੀ ਪ੍ਰਾਪਤੀ ਕਰ ਲੈਂਦੇ ਹਨ। ਅਨੰਦ ਦੀ ਪ੍ਰਾਪਤੀ ਕਰ ਲੈਂਦੇ ਹਨ।

ਬਿਨੁ ਸਤਿਗੁਰ ਸਭ ਮੁਈ ਬਿਲਲਾਇ॥

ਬਿਨਾਂ ਸਤਿਗੁਰੂ ਦੀ ਸੇਵਾ ਤੋਂ, ਬਿਨਾਂ ਸ਼ਬਦ ਦੇ ਜਗਤ ਤੋਂ ਅਧਿਆਤਮਕ ਮੌਤ ਨਾਲ ਸਾਰੀ ਲੁਕਾਈ ਮਰੀ ਪਈ ਹੈ। ਜਗਤ ਮਰ ਜਾਂਦਾ ਹੈ। ਭਾਵ ਉਹ ਅਧਿਆਤਮਕ ਮੌਤ ਮਰ ਜਾਂਦਾ ਹੈ। ਉਹਦੇ ਅੰਦਰ ਰੱਬੀ ਗੁਣ ਨਹੀਂ ਹੁੰਦੇ। ਇਕ ਤੇ ਮੌਤ ਸਰੀਰਕ ਹੈ, ਸਵਾਸ ਨਹੀਂ ਚੱਲਦੇ। ਇਕ ਮੌਤ ਅਧਿਆਤਮਕ ਹੈ। ਕੋਈ ਗੁਣ ਨਹੀਂ ਹਨ। ਸਿਮਰਨ ਨਹੀਂ ਚੱਲਦਾ। ਯਾਦ ਨਹੀਂ ਚੱਲਦੀ।

ਹਰਿ ਬਿਸਰਤ ਤੇਰੇ ਗੁਣ ਗਲਿਆ॥ (ਅੰਗ ੧੨)

ਹਰੀ ਨੂੰ ਭੁੱਲਾ ਕੇ ਗੁਣ ਗਲ ਜਾਂਦੇ ਹਨ। ਗੁਣ ਮਰ ਜਾਂਦੇ ਹਨ। ਮਨੁੱਖ ਅੰਦਰੂਨੀ ਤੌਰ ਤੇ ਮਰ ਜਾਂਦਾ ਹੈ। ਜਿਵੇਂ ਜਿਵੇਂ ਮਨੁੱਖ ਪ੍ਰਮਾਤਮਾ ਨੂੰ ਭੁੱਲ ਰਿਹਾ ਹੈ, ਔਗੁਣਹਾਰਾ ਹੁੰਦਾ ਜਾ ਰਿਹਾ ਹੈ। ਗੁਣ ਤਾਂ ਭੁੱਲਦੇ ਜਾ ਰਹੇ ਹਨ। ਪ੍ਰਭੂ ਦੇ ਨਾਮ ਜਪ ਨਾਲ ਹੀ ਗੁਣ ਪੈਦਾ ਹੁੰਦੇ ਹਨ। ਅਨੁਭਵ ਪੈਦਾ ਹੁੰਦਾ ਹੈ। ਇਸ ਤਰੀਕੇ ਨਾਲ ਅਧਿਆਤਮਕ ਮੌਤ ਨਾਲ ਸਾਰੀ ਦੁਨੀਆਂ ਮਰੀ ਹੋਈ ਹੈ, ਗੁਰੂ ਨੂੰ ਭੁੱਲਾ ਕੇ ਸ਼ਬਦ ਨੂੰ ਭੁਲਾ ਕੇ।

ਅਨਦਿਨੁ ਦਾਝਹਿ ਸਾਤਿ ਨ ਪਾਇ॥

ਸਾਰੀ ਲੁਕਾਈ ਦਿਨ ਰਾਤ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੀ ਹੈ। ਸ਼ਾਂਤੀ ਕੋਈ ਨਹੀਂ। ਸਕੂਨ ਕੋਈ ਨਹੀਂ।

ਸਤਿਗੁਰ ਮਿਲੈ ਸਭੁ ਤ੍ਰਿਸਨ ਬੁਝਾਏ॥

ਜੇ ਸਤਿਗੁਰੂ ਦਾ ਮਿਲਾਪ ਹੋ ਜਾਏ ਤਾਂ ਸਾਰੀ ਤ੍ਰਿਸ਼ਨਾ ਦੀ ਅਗਨੀ ਸ਼ਾਂਤ ਹੋਵੇ ਅਤੇ

ਇਸ ਨੂੰ ਸਕੂਨ ਨਸੀਬ ਹੋਵੇ।

ਨਾਨਕ ਨਾਮਿ ਸਾਂਤਿ ਸੁਖੁ ਪਾਏ॥

ਗੁਰੂ ਅਮਰਦਾਸ ਜੀ ਮਹਾਰਾਜ ਫੁਰਮਾਣ ਕਰਦੇ ਹਨ ਕਿ ਫਿਰ ਪ੍ਰਭੂ ਦੇ ਨਾਮ ਦੁਆਰਾ ਗੁਰੂ ਦੀ ਜਿਵੇਂ ਹੀ ਪ੍ਰਾਪਤੀ ਹੁੰਦੀ ਹੈ, ਪ੍ਰਭੂ ਦੇ ਨਾਮ ਦੁਆਰਾ ਉਹਨੂੰ ਨਿਹਚਲ ਸ਼ਾਂਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਸਕੂਨ ਦੀ ਪ੍ਰਾਪਤੀ ਹੋ ਜਾਂਦੀ ਹੈ। ਭੁੱਲਾਂ ਚੁੱਕਾਂ ਦੀ ਖਿਮਾ। ਫਤਹਿ ਪ੍ਰਵਾਨ ਕਰਨਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਤੇਰੇ ਚਾਕਰਾਂ ਪਾ ਖਾਕ

ਰਾਗੁ ਤਿਲੰਗ ਮਹਲਾ ੧ ਘਰੁ ੧

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥ ੧ ॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥
ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥ ੨ ॥
ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥ ੩ ॥
ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪ ॥੧ ॥

(ਅੰਗ ੭੨੧)

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਨਮਾਨ ਯੋਗ ਗੁਰੂ ਰੂਪ ਸਾਧਸੰਗਤ ਜੀਉ!

ਧੰਨ ਗੁਰੂ ਨਾਨਕ ਦੇਵ ਜੀ ਦਾ ਇਹ ਮਹਾਂਵਾਕ ਸ਼ੁੱਧ ਫ਼ਾਰਸੀ ਵਿਚ ਹੈ, ਪਰਸ਼ੀਅਨ ਵਿਚ ਹੈ। ਪਰਸ਼ੀਅਨ, ਫ਼ਾਰਸੀ ਹਿੰਦੋਸਤਾਨੀ ਭਾਸ਼ਾ ਨਹੀਂ ਹੈ। ਈਰਾਕ ਦੇ ਕੁਝ ਸ਼ਹਿਰਾਂ ਤੇ ਪਿੰਡਾਂ ਵਿਚ ਪਰਸ਼ੀਅਨ ਬੋਲੀ ਜਾਂਦੀ ਹੈ, ਸਮਝੀ ਜਾਂਦੀ ਹੈ। ਦੁਨੀਆਂ ਦੀਆਂ ਵੱਡੀਆਂ ਭਾਸ਼ਾਵਾਂ ਵਿਚੋਂ ਇਹ ਇਕ ਵੱਡੀ ਭਾਸ਼ਾ ਹੈ। ਦੂਸਰਾ ਨੁਕਤਾ ਇਹ ਹੈ ਕਿ ਧਰਮ ਦਾ ਬਹੁਤਾ ਗਿਆਨ ਭਾਰਤੀ ਭਾਸ਼ਾਵਾਂ ਵਿਚ ਲਿਖਿਆ ਗਿਆ ਹੈ। ਸੰਸਕ੍ਰਿਤ ਹੈ, ਬ੍ਰਿਜ ਭਾਸ਼ਾ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ 80% ਜਿਹੜੇ ਸ਼ਬਦ ਹਨ, ਇਸਨੂੰ ਬ੍ਰਿਜ ਭਾਸ਼ਾ ਕਹਿੰਦੇ ਹਨ।

ਜਿਹੜੀ ਲਿਪੀ ਹੈ ਇਸਨੂੰ ਅਸੀਂ ਗੁਰਮੁਖੀ ਕਹਿੰਦੇ ਹਾਂ ਅਤੇ ਇਹ ਲਿਪੀ ਲਗ ਪਗ 2000 ਸਾਲ ਦੇ ਪੁਰਾਣੇ ਜਿਹੜੇ ਖੰਡਰ ਰਸ਼ੀਆ ਦੇ ਵਿਚ ਮਿਲਦੇ ਹਨ ਉਥੇ ਇਹ ਲਿਪੀ ਲਿਖੀ ਹੋਈ ਹੈ। ਇਸਨੂੰ ਧੰਨ ਗੁਰੂ ਨਾਨਕ ਦੇਵ ਜੀ ਨੇ ਅਪਣਾਇਆ। ਇਸ ਕਰਕੇ ਇਸਦਾ ਨਾਮ ਗੁਰਮੁਖੀ ਪਿਆ। ਫਿਰ ਅੱਜ ਅਸੀਂ ਇਸਨੂੰ ਪੰਜਾਬੀ ਲਿਪੀ ਕਹਿੰਦੇ ਹਾਂ।

ਪਰਸ਼ੀਅਨ ਅਤੇ ਹਿੰਦੋਸਤਾਨ ਦੀਆਂ ਭਾਸ਼ਾਵਾਂ ਵਿਚ ਧਾਰਮਿਕ ਗਿਆਨ ਸਭ ਤੋਂ ਜ਼ਿਆਦਾ ਹੈ। ਧਰਮ ਦਾ ਮੂਲ ਗਿਆਨ ਭਾਰਤੀ ਭਾਸ਼ਾਵਾਂ ਵਿਚ ਹੈ, ਸੰਸਕ੍ਰਿਤ ਵਿਚ ਹੈ, ਬ੍ਰਿਜ ਭਾਸ਼ਾ ਵਿਚ ਹੈ। ਇਸ ਤੋਂ ਬਾਅਦ ਜੇਕਰ ਧਰਮ ਦੀਆਂ ਡੂੰਘੀਆਂ ਕੁਝ ਗੱਲਾਂ ਮਿਲਦੀਆਂ ਹਨ ਤਾਂ ਫ਼ਾਰਸੀ ਵਿਚ ਮਿਲਦੀਆਂ ਹਨ। ਕਿਉਂਕਿ ਈਰਾਨ, ਅਫ਼ਗਾਨਿਸਤਾਨ ਇਕ ਅਜਿਹਾ ਦੇਸ਼ ਹੈ ਜਿਸਨੇ ਫ਼ਕੀਰ ਬਹੁਤ ਪੈਦਾ ਕੀਤੇ ਹਨ। ਜੇ ਭਾਰਤ ਨੂੰ ਸੰਤਾਂ, ਗੁਰੂਆਂ, ਅਵਤਾਰਾਂ ਦੀ ਧਰਤੀ ਕਹਿੰਦੇ ਹਨ ਤਾਂ ਈਰਾਨ ਤੇ ਅਫ਼ਗਾਨਿਸਤਾਨ ਨੂੰ ਵੀ ਪੀਰਾਂ ਫ਼ਕੀਰਾਂ ਦੀ ਧਰਤੀ ਕਹਿੰਦੇ ਹਨ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਵਿਚ ਇਕ ਖ਼ੂਬੀ ਸੀ ਕਿ ਜਿਸ ਦੇਸ਼ ਵਿਚ ਜਾਂਦੇ ਸਨ ਤੇ ਸਤਿਗੁਰ ਨੂੰ ਪਤਾ ਸੀ ਇਹਨਾਂ ਮੇਰੇ ਦੇਸ਼ ਦੀ ਬੋਲੀ ਤਾਂ ਸਮਝਣੀ ਨਹੀਂ ਇਸ ਲਈ ਉਸਨੂੰ ਸਮਝਾਉਂਦੇ ਸਨ ਉਸੇ ਦੀ ਭਾਸ਼ਾ ਵਿਚ।

ਭਾਸ਼ਾ ਇਕ ਭਾਂਡਾ ਹੈ। ਭਾਂਡਾ ਸੋਨੇ ਦਾ ਵੀ ਹੁੰਦਾ ਹੈ, ਪਿੱਤਲ ਦਾ ਵੀ ਹੁੰਦਾ ਹੈ, ਮਿੱਟੀ ਦਾ ਵੀ ਹੁੰਦਾ ਹੈ, ਤਾਂਬੇ ਦਾ ਵੀ ਹੁੰਦਾ ਹੈ। ਇਹ ਭਾਸ਼ਾ ਮਹਾਨ ਹੈ, ਉਹ ਭਾਸ਼ਾ ਮਹਾਨ ਹੈ, ਵਿਅਰਥ ਦੀਆਂ ਗੱਲਾਂ ਹਨ। ਸਵਾਲ ਇਹ ਹੈ ਕਿ ਇਸ ਭਾਸ਼ਾ ਵਿਚ ਪਰੋਸ ਕੇ ਦਿੱਤਾ ਕੀ ਜਾ ਰਿਹਾ ਹੈ? ਗਾਲ੍ਹ ਇੰਗਲਿਸ਼ ਵਿਚ ਵੀ ਕੱਢੀ ਜਾ ਸਕਦੀ ਹੈ, ਗਾਲ੍ਹ ਪੰਜਾਬੀ ਵਿਚ ਵੀ ਕੱਢੀ ਜਾ ਸਕਦੀ ਹੈ, ਗਾਲ੍ਹ ਹਿੰਦੀ ਵਿਚ ਵੀ ਕੱਢੀ ਜਾ ਸਕਦੀ ਹੈ, ਭਾਂਡਿਆਂ ਦਾ ਕੀ ਹੈ? ਪ੍ਰਮਾਤਮਾ ਦਾ ਗਿਆਨ ਕਿਸੇ ਵੀ ਭਾਸ਼ਾ ਵਿਚ ਦਿੱਤਾ ਜਾ ਸਕਦਾ ਹੈ। ਅੱਜ ਦਾ ਇਹ ਮਹਾਨ ਵਾਕ ਸ਼ੁੱਧ ਫ਼ਾਰਸੀ ਵਿਚ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੰਸਕ੍ਰਿਤ, ਅਰਬੀ, ਫ਼ਾਰਸੀ ਦੇ ਮਹਾਂ ਪੰਡਿਤ ਸਨ। ਜਾਪ ਸਾਹਿਬ ਸੰਸਕ੍ਰਿਤ ਅਰਬੀ ਫ਼ਾਰਸੀ ਦਾ ਸੰਗਮ ਹੈ। ਇਸੇ ਵਾਸਤੇ ਕਹਿੰਦੇ ਹਨ ਕਿ ਬਿਖੜਾ ਹੈ। ਪੜ੍ਹਨ ਲੱਗਿਆਂ ਵੀ ਔਖਿਆਈ ਹੈ, ਸਮਝਣ ਸਮਝਾਉਣ ਲੱਗਿਆਂ ਤਾਂ ਔਖਿਆਈ ਹੈ ਹੀ। ਆਪ ਸਰਵਨ ਕਰੋ।

ਰਾਗ ਤਿਲੰਗ ਮਹਲਾ ੧ ਘਰੁ ੧ ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਇਹ ਵਾਕ ਤਿਲੰਗ ਰਾਗ ਦੇ ਅੰਦਰ ਹੈ। ਇਹ ਪਹਿਲੇ ਘਰ ਤਾਲ ਵਿਚ ਹੈ। ਪੂਰਾ ਮੰਗਲਾਚਰਨ ਮੌਜੂਦ ਹੈ। ਇਸਲਾਮੀ ਧਰਮ ਗ੍ਰੰਥ ਜਦੋਂ ਲਿਖੇ ਜਾਂਦੇ ਹਨ ਤਾਂ ਉਸਦੇ ਉੱਤੇ ਕਲਮਾ ਵੱਡੇ ਰੂਪ ਵਿਚ ਜਾਂ ਛੋਟੇ ਰੂਪ ਵਿਚ ਹੁੰਦਾ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ

ਵਿਚ ਕਿਤੇ ਮੰਗਲਾਚਰਨ ਛੋਟੇ ਰੂਪ ਵਿਚ ਹੈ, ਕਿਤੇ ਪੂਰਨ ਰੂਪ ਵਿਚ ਹੈ। ਆਦਿ ਕਾਲ ਤੋਂ ਧਾਰਮਿਕ ਲੋਕ, ਈਸ਼ਵਰੀ ਚਿੰਤਕ ਅਵਤਾਰੀ ਪੁਰਸ਼ ਜਦੋਂ ਪ੍ਰਮਾਤਮਾ ਦੀ ਗੱਲ ਲਿਖਦੇ ਰਹੇ ਹਨ, ਉਸਦਾ ਗਿਆਨ ਜਦੋਂ ਲਿਖਤੀ ਰੂਪ ਵਿਚ ਦਿੰਦੇ ਰਹੇ ਹਨ ਤਾਂ ਮੰਗਲਾਚਰਨ ਕਰਦੇ ਰਹੇ ਹਨ। ਸਾਡੇ ਦੇਸ਼ ਦੇ ਜਿਹੜੇ ਪ੍ਰਾਚੀਨ ਧਾਰਮਿਕ ਗ੍ਰੰਥ ਹਨ, ਉਹਨਾਂ ਵਿਚ ਮੰਗਲਾਚਰਨ ਮਿਲਦਾ ਹੈ ਗਨੇਸ਼ ਦਾ, ਸੁਰਸਤੀ ਦਾ। ਕਿਉਂਕਿ ਅਜਿਹੀ ਉਹਨਾਂ ਦੀ ਧਾਰਨਾ ਹੈ ਕਿ ਸਿੱਧੀ ਦਾਤਾ ਗਨੇਸ਼ ਹੈ, ਬੁੱਧੀ ਦਾਤਾ ਸੁਰਸਤੀ ਹੈ।

ਭਾਰਤ ਵਿਚ ਸਭ ਤੋਂ ਵੱਡੀ ਪੂਜਾ ਅਤੇ ਸਭ ਤੋਂ ਵੱਡੇ ਤਿਉਹਾਰ ਹਿੰਦੂ ਜਗਤ ਦੇ ਸੁਰਸਤੀ ਪੂਜਨ ਦੇ ਆਲੇ ਦੁਆਲੇ ਘੁੰਮਦੇ ਹਨ, ਗਨੇਸ਼ ਦੀ ਪੂਜਾ ਦੇ ਆਲੇ ਦੁਆਲੇ ਘੁੰਮਦੇ ਹਨ। ਤਨ ਦੇ ਲਈ ਸਿੱਧੀ ਚਾਹੀਦੀ ਹੈ, ਪਦਾਰਥ ਚਾਹੀਦੇ ਹਨ, ਧਨ ਚਾਹੀਦਾ ਹੈ। ਮਨ ਦੇ ਲਈ ਗਿਆਨ ਚਾਹੀਦਾ ਹੈ। ਜੇਕਰ ਤਨ ਨੂੰ ਪਦਾਰਥ ਗਨੇਸ਼ ਤੋਂ ਮਿਲ ਸਕਦੇ ਹਨ ਤੇ ਮਨ ਨੂੰ ਗਿਆਨ ਸੁਰਸਤੀ ਤੋਂ ਮਿਲ ਸਕਦਾ ਹੈ ਤਾਂ ਫਿਰ ਪ੍ਰਮਾਤਮਾ ਤਾਂ ਕੁਝ ਵੀ ਨਹੀਂ। ਮਨ ਵਿਚ ਜਾਣਨ ਦੀ ਭੁੱਖ ਹੈ। ਇਹ ਚੀਜ਼ ਕਿਉਂ ਹੈ? ਕਿਥੋਂ ਹੈ? ਕਈ ਵਾਰੀ ਕੋਈ ਜਾਣਕਾਰੀ ਦੇ ਰਿਹਾ ਹੋਵੇ ਤੇ ਗੱਲ ਅਧੂਰੀ ਰਹਿ ਜਾਏ ਤਾਂ ਅਗਲਾ ਔਖਾ ਹੁੰਦਾ ਹੈ ਕਿ ਗੱਲ ਪੂਰੀ ਕਰ। ਇਹ ਮਾਨਸਿਕ ਭੁੱਖ ਹੈ। ਮਨੁੱਖ ਦੇ ਅੰਦਰ ਜਨਮ ਦੇ ਨਾਲ ਨਾਲ ਜਾਣਨ ਦੀ ਵੀ ਭੁੱਖ ਹੈ। ਪਦਾਰਥਾਂ ਦੀ ਵੀ ਭੁੱਖ ਹੈ। ਗਿਆਨ ਦੀ ਵੀ ਭੁੱਖ ਹੈ। ਇਸ ਤਰ੍ਹਾਂ ਦੋ ਮਹਾਨ ਦੇਵਤੇ ਤੇ ਦੇਵੀ ਬਣਾ ਦਿੱਤੀ ਗਈ।

ਰੂਹੇ ਜ਼ਮੀਨ ਵਿਚ ਸਦੀਆਂ ਤੋਂ ਬਾਅਦ ਫਿਰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਈਸ਼ਵਰੀ ਗਿਆਨ ਨੂੰ ਜਨਮ ਦਿੱਤਾ ਤੇ ਆਖਿਆ ਸਿੱਧੀ ਮਿਲਦੀ ਹੈ ਉਸੇ ਇਕ ਓਅੰਕਾਰ ਤੋਂ, ਬੁੱਧ ਮਿਲਦੀ ਹੈ ਉਸ ਇਕ ਓਅੰਕਾਰ ਤੋਂ। ਉਹੀ ਸਿੱਧੀ ਦਾਤਾ ਹੈ, ਉਹੀ ਬੁੱਧੀ ਦਾਤਾ ਹੈ।

ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ॥

(ਅੰਗ ੬੦੪)

ਇਹ ਦਾਤਾਂ ਨਾ ਗਨੇਸ਼ ਕੋਲ ਹਨ, ਨਾ ਸੁਰਸਤੀ ਕੋਲ ਹਨ, ਪਰੀਪੂਰਨ ਪ੍ਰਮਾਤਮਾ ਕੋਲ ਹਨ। ਇਸ ਵਾਸਤੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਮੰਗਲ ਮਿਲਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦਾ ਜੋ ਪਹਿਲਾ ਅੱਖਰ ਹੈ ਉਹ ਇਕ ਹੈ। ਗੱਲ ਇਕ ਤੋਂ ਆਰੰਭ ਕੀਤੀ। ਫਿਰ ਸਾਰੀ ਬਾਣੀ ਇਸ ਇਕ ਦੀ ਪ੍ਰਕਰਮਾ ਕਰਦੀ ਹੈ। ਓਅੰਕਾਰ ਨੂੰ ਤਿੰਨ ਧੁਨਾਂ ਦਾ ਤੇ ਤਿੰਨ ਸ਼ਬਦਾਂ ਦਾ ਜੋੜ ਮੰਨਦੇ ਹਨ - ਆਕਾਰ, ਪ੍ਰਕਾਰ, ਮਕਾਰ। ਭਾਵ ਓਅੰਕਾਰ। ਓਅੰਕਾਰ ਨੂੰ ਬ੍ਰਹਿਮੰਡ ਦੀ ਧੁਨੀ ਮੰਨਦੇ ਹਨ। ਇਸੇ ਤੋਂ ਸਭ ਕੁਝ ਹੋਇਆ ਹੈ। ਇਸੇ ਤੋਂ ਉੱਤਪਤੀ ਹੋਈ ਹੈ, ਇਸੇ ਤੋਂ ਪਾਲਣਾ ਚੱਲ ਰਹੀ ਹੈ, ਇਸੇ ਤੋਂ ਹੀ ਨਾਸ਼ ਹੁੰਦਾ ਹੈ, ਇਸੇ ਤੋਂ ਪਰਲੋ ਹੁੰਦੀ ਹੈ।

ਉਤਪਤਿ ਪਰਲਉ ਸਬਦੇ ਹੋਵੈ॥

(ਅੰਗ ੧੧੭)

ਕਿਹੜੇ ਸ਼ਬਦ ਤੋਂ ਹੁੰਦੀ ਹੈ? ਓਅੰਕਾਰ। ਉਹ ਸਤਿ ਸਰੂਪ ਹੈ, ਟਿੱਕਿਆ ਹੋਇਆ ਹੈ, ਨਾਮ ਹੈ, ਹਸਤੀ ਹੈ। ਕਹਿੰਦੇ ਹਨ ਇਸਦੇ ਨਾਲ ਤਾਂ ਬੱਚਾ ਉੱਚਾ ਹੋ ਗਿਆ। ਨਾਮ ਕਿ ਆਸਮਾਨ 'ਤੇ ਟੰਗਿਆ ਗਿਆ ਹੈ। ਹਸਤੀ ਵੱਡੀ ਹੋ ਗਈ ਹੈ। ਉਹ ਕਿਸੇ ਦੀ ਵੀ ਕਿਰਤ ਨਹੀਂ, ਕਰਤਾ ਹੈ। ਕਿਸੇ ਦਾ ਵੀ ਬਣਾਇਆ ਹੋਇਆ ਨਹੀਂ, ਸਭ ਕੁਝ ਨੂੰ ਬਣਾਉਣ ਵਾਲਾ ਹੈ।

ਕਰੁਣਾ ਕ੍ਰਿਤ ਹੈਂ॥ ਅਕ੍ਰਿਤਾ ਕ੍ਰਿਤ ਹੈਂ॥ ਅੰਮ੍ਰਿਤਾ ਮ੍ਰਿਤ ਹੈਂ॥

ਉਹ ਅਕਿਰਤ ਹੈ। ਉਹ ਅੰਮ੍ਰਿਤ ਹੈ, ਉਸਨੂੰ ਕੋਈ ਮਿੱਟਾ ਨਹੀਂ ਸਕਦਾ, ਪਰ ਅਜਿਹਾ ਕਰਤਾ ਹੈ ਕਿ ਪੁਰਖ ਹੈ। ਹਮੇਸ਼ਾਂ ਕਰਤਾ ਕਿਰਤ ਤੋਂ ਵੱਖ ਹੋ ਜਾਂਦਾ ਹੈ। ਬਣਾਉਣ ਵਾਲਾ ਬਣੀ ਹੋਈ ਚੀਜ਼ ਦੇ ਅੰਦਰ ਨਹੀਂ ਹੁੰਦਾ। ਘੁਮਿਆਰ ਅਲੱਗ ਹੋ ਗਿਆ, ਘੜਾ ਅਲੱਗ ਹੋ ਗਿਆ। ਉਹ ਕਰਤਾ ਹੈ। ਆਪਣੀ ਕਿਰਤ ਦੇ ਵਿਚ ਪੂਰਿਆ ਹੋਇਆ ਹੈ। ਇਸਨੂੰ ਕਲਗੀਧਰ ਪਾਤਿਸ਼ਾਹ ਇੰਝ ਬਿਆਨ ਕਰਦੇ ਹਨ ਕਿ ਜ਼ੱਰੇ ਤੋਂ ਲੈ ਕੇ ਸੂਰਜ ਤੱਕ, ਕੀੜੀ ਤੋਂ ਲੈ ਕੇ ਹਾਥੀ ਤੱਕ ਉਹੀ ਬਿਰਾਜਮਾਨ ਹੈ। ਉਹ ਕੀੜੀ ਵਿਚ ਵੀ ਹੈ, ਹਾਥੀ ਵਿਚ ਵੀ ਹੈ। ਉਹ ਪੂਰਿਆ ਹੋਇਆ ਹੈ ਆਪਣੀ ਕਿਰਤ ਵਿਚ। ਉਸਦੇ ਸੁਭਾਅ ਵਿਚ ਭੈਅ ਨਹੀਂ ਹੈ, ਵੈਰ ਨਹੀਂ ਹੈ।

ਮਨੁੱਖ ਦੀ ਪਹਿਚਾਣ ਇਕ ਤਾਂ ਰੂਪ ਤੋਂ ਹੁੰਦੀ ਹੈ, ਇਕ ਉਸਦੇ ਸੁਭਾਅ ਤੋਂ ਹੁੰਦੀ ਹੈ। ਹੋ ਸਕਦਾ ਹੈ ਰੂਪ ਬੜਾ ਸੁੰਦਰ ਹੋਵੇ, ਪਰ ਸੁਭਾਅ ਬੜਾ ਭੈੜਾ ਹੋਵੇ। ਹੋ ਸਕਦਾ ਹੈ ਸੁਭਾਅ ਬੜਾ ਚੰਗਾ ਹੋਵੇ, ਪਰ ਸੁਭਾਅ ਬੜਾ ਭੈੜਾ ਹੋਵੇ। ਹੋ ਸਕਦਾ ਹੈ ਸੁਭਾਅ ਬੜਾ ਚੰਗਾ ਹੋਵੇ, ਪਰ ਰੂਪ ਬੜਾ ਭੈੜਾ ਹੋਵੇ। ਲੱਤਾਂ ਵੀ ਟੇਢੀਆਂ, ਬਾਹਵਾਂ ਵੀ ਟੇਢੀਆਂ, ਕਮਰ ਵੀ ਟੇਢੀ, ਗਰਦਨ ਵੀ ਟੇਢੀ। ਹਰ ਥਾਂ ਤੋਂ ਸਰੀਰ ਵਿਚ ਬਲ, ਕਰੂਪ ਹੈ। ਉਸ ਜ਼ਮਾਨੇ ਵਿਚ ਦੁਨੀਆਂ ਦਾ ਸਭ ਤੋਂ ਕਰੂਪ ਮਨੁੱਖ ਅਸ਼ਟਾਵਕਰ ਸੀ, ਪਰ ਉਸ ਜ਼ਮਾਨੇ ਦੇ ਸੁਭਾਉ ਕਰਕੇ ਸਭ ਤੋਂ ਸੁੰਦਰ ਮਨੁੱਖ ਵੀ ਅਸ਼ਟਾਵਕਰ ਸੀ। ਜਿਥੇ ਪ੍ਰਮਾਤਮਾ ਦੇ ਸੁਭਾਅ ਵਿਚ ਭੈਅ ਨਹੀਂ ਹੈ, ਵੈਰ ਨਹੀਂ ਹੈ, ਉਥੇ ਉਸਦੀ ਹੋਂਦ ਵਿਚ ਸਮਾਂ ਵੀ ਨਹੀਂ ਹੈ।

ਤਨ ਨੂੰ ਭੱਜਣ ਦੌੜਨ ਵਾਸਤੇ ਅਸਥਾਨ ਚਾਹੀਦਾ ਹੈ। ਜਗ੍ਹਾ ਹੀ ਨਹੀਂ ਹੈ, ਮਨੁੱਖ ਕਿੱਥੇ ਬੈਠੇਗਾ? ਜਗ੍ਹਾ ਹੀ ਨਹੀਂ ਹੈ, ਕਿੱਥੇ ਕੰਮ ਕਰੇਗਾ, ਭੱਜੇਗਾ, ਦੌੜੇਗਾ? ਮਨ ਭੱਜਦਾ ਹੈ ਸਮੇਂ ਵਿਚ। ਇਸਨੂੰ ਅਸਥਾਨ ਦੀ ਲੋੜ ਨਹੀਂ ਹੈ। ਇਥੇ ਬੈਠਿਆਂ ਬੈਠਿਆਂ ਹੀ ਮਨ ਦੌੜ ਰਿਹਾ ਹੈ। ਮਨ ਸਮੇਂ ਵਿਚ ਦੌੜਦਾ ਹੈ। ਕਿਹੜੇ ਸਮੇਂ ਵਿਚ ਦੌੜਦਾ ਹੈ? ਗੁਜ਼ਰੇ ਹੋਏ ਸਮੇਂ ਦੀਆਂ ਯਾਦਾਂ ਵਿਚ ਚਲਾ ਜਾਂਦਾ ਹੈ, ਆਉਣ ਵਾਲੇ ਸਮੇਂ ਦੀ ਚਿੰਤਾ ਵਿਚ ਚਲਾ ਜਾਂਦਾ ਹੈ। ਮਨੁੱਖ ਕਦੀ ਚਿੰਤਾ ਵਿਚ ਬੈਠਾ ਹੁੰਦਾ ਹੈ, ਕਦੀ ਯਾਦਾਂ ਡੁੱਬਿਆ ਹੁੰਦਾ ਹੈ। ਸਮਾਂ ਪ੍ਰਮਾਤਮਾ ਕਰਕੇ ਹੈ, ਸਮੇਂ ਕਰਕੇ ਪ੍ਰਮਾਤਮਾ ਨਹੀਂ ਹੈ। ਸਾਨੂੰ ਸਮੇਂ ਨੇ ਬਣਾਇਆ ਹੈ ਤੇ ਸਮਾਂ ਖਾ ਵੀ ਜਾਵੇਗਾ।

ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵਜੂ ਅਵਤਰਾ॥

ਕਾਲ ਪਾਇ ਕਰਿ ਬਿਸਨ ਪ੍ਰਕਾਸਾ॥ ਸਕਲ ਕਾਲ ਕਾ ਕੀਆ ਤਮਾਸਾ॥

(ਚੌਪਈ ਸਾਹਿਬ)

ਸਾਰਾ ਸੰਸਾਰ ਕਾਲ ਦਾ ਤਮਾਸ਼ਾ ਹੈ। ਜੋ ਸਮੇਂ ਵਿਚ ਬਣਿਆ ਹੈ, ਸਮਾਂ ਮਿਟਾ ਦੇਵੇਗਾ। ਉਹ ਜਨਮਿਆ ਨਹੀਂ। ਅਜਨਮ ਹੈ, ਅਮਰਨ ਹੈ। ਜੰਮਿਆ ਨਹੀਂ ਹੈ ਤਾਂ ਫਿਰ ਕਿਵੇਂ ਹੈ? ਸੈਭੰ। ਸੰਸਕ੍ਰਿਤ ਦਾ ਸ਼ਬਦ ਹੈ ਸ੍ਵੈਭੂ, ਆਪਣੇ ਆਪ ਤੋਂ ਪ੍ਰਗਟ ਹੋਇਆ ਹੈ। ਫਿਰ ਸਾਰਾ ਗਿਆਨ ਉਸੇ ਤੋਂ ਆ ਰਿਹਾ ਹੈ, ਉਹ ਜਿਹੜਾ ਇਕ ਹੈ, ਉਹ ਗੁਰੂ ਹੈ। ਗਿਆਨ ਗੁਰੂ ਹੈ, ਗਿਆਨ ਸਾਰਾ ਪ੍ਰਮਾਤਮਾ ਤੋਂ ਆ ਰਿਹਾ ਹੈ। ਕੋਈ ਗਹਿਰ ਗੰਭੀਰ ਕਿਰਤ ਕਿਸੇ ਕਵੀ ਦੀ ਨਹੀਂ ਹੁੰਦੀ, ਪ੍ਰਮਾਤਮਾ ਦੀ ਹੁੰਦੀ ਹੈ। ਕਵੀ ਦੀ ਪਕੜ ਵਿਚ ਆ ਗਈ, ਉਸਦੇ ਭਾਂਡੇ ਵਿਚ ਸਮਾ ਗਈ। ਕੋਈ ਗਿਆਨ ਮਨੁੱਖ ਦਾ ਨਹੀਂ ਹੁੰਦਾ, ਸਭ ਪ੍ਰਮਾਤਾਮ ਦਾ ਹੈ। ਜਦੋਂ ਕੋਈ ਕਹਿ ਦਿੰਦਾ ਹੈ ਕਿ ਗਿਆਨ ਮੇਰਾ ਹੈ, ਉਸੇ ਗਿਆਨ ਦੀ ਸੀਮਾ ਬਣ ਜਾਂਦੀ ਹੈ। ਜਦੋਂ ਕੋਈ ਕਹਿੰਦਾ ਹੈ ਕਿ ਗਿਆਨ ਪ੍ਰਮਾਤਮਾ ਤੋਂ ਆਇਆ ਹੈ, ਉਹੀ ਅਸੀਮ ਹੋ ਜਾਂਦਾ ਹੈ। ਪ੍ਰਸਾਦਿ ਦਿਆਲੂ ਹੈ, ਬਖ਼ਸ਼ਿੰਦ ਹੈ, ਰਹੀਮ ਹੈ, ਕਰੁਣਾਕਰ ਹੈ। ਹੁਣ ਆਪ ਸ਼ਬਦ ਸਰਵਨ ਕਰੋ।

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥

ਇਸ ਪੰਗਤੀ ਵਿਚ ਅਰਦਾਸ ਹੈ। ਕੀਤੀ ਹੋਈ ਸਾਧਨਾ, ਕੀਤਾ ਹੋਇਆ ਜੱਪ ਤੱਪ ਉਹੀ ਸਫਲ ਹੈ ਜੋ ਮਨੁੱਖ ਨੂੰ ਅਰਦਾਸ ਤੱਕ ਲੈ ਜਾਏ। ਕੁਝ ਧਰਮ ਤਾਂ ਅਜਿਹੇ ਹਨ ਜਿਵੇਂ ਈਸਾਈ ਕਿ ਚਰਚ ਕਿਉਂ ਜਾ ਰਹੇ ਹੋ? ਪ੍ਰਾਰਥਨਾ ਕਰਨ ਜਾ ਰਹੇ ਹਾਂ। ਸਾਡੇ ਵਿਚ ਅਜਿਹਾ ਨਹੀਂ ਹੈ। ਕੀਰਤਨ ਸੁਣਨ ਜਾ ਰਹੇ ਹਾਂ, ਕਥਾ ਸੁਣਨ ਜਾ ਰਹੇ ਹਾਂ, ਗੁਰੂ ਦੇ ਦਰਸ਼ਨ ਕਰਨ ਲਈ ਜਾ ਰਹੇ ਹਾਂ, ਸੇਵਾ ਕਰਨ ਜਾ ਰਹੇ ਹਾਂ, ਪੁੰਨ ਕਰਨ ਜਾ ਰਹੇ ਹਾਂ। ਇਹ ਸਭ ਕੁਝ ਕੀਤਾ ਹੋਇਆ ਪੁੰਨ, ਸੁਣਿਆ ਹੋਇਆ ਕੀਰਤਨ ਕਥਾ ਇਸਦਾ ਫੱਲ ਕੀ ਹੈ? ਅੰਦਰੋਂ ਅਰਦਾਸ ਦਾ ਨਿਕਲਣਾ। ਉਹ ਅਰਦਾਸ ਫਿਰ ਵਿਅਰਥ ਨਹੀਂ ਹੁੰਦੀ।

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥

(ਅੰਗ ੮੧੯)

ਇਹ ਕਦੋਂ ਨਿਕਲਦੀ ਹੈ? ਜੱਪ ਕਰ ਕਰ ਕੇ ਨਿਕਲਦੀ ਹੈ, ਕੀਰਤਨ ਸੁਣ ਸੁਣ ਕੇ ਨਿਕਲਦੀ ਹੈ, ਕਥਾ ਸੁਣ ਸੁਣ ਕੇ ਨਿਕਲਦੀ ਹੈ, ਪਾਠ ਕਰ ਕਰ ਕੇ ਨਿਕਲਦੀ ਹੈ, ਉਂਝ ਨਹੀਂ ਨਿਕਲੇਗੀ। ਉਂਝ ਬਥੇਰੀਆਂ ਅਰਦਾਸਾਂ ਹੁੰਦੀਆਂ ਹਨ। ਕੋਈ ਰਸਮੀ ਅਰਦਾਸ, ਦੀਵਾਨ ਦੀ ਅਰਦਾਸ। ਦਿਲ ਦੀ ਗਹਿਰਾਈ 'ਚੋਂ ਅਰਦਾਸ ਨਿਕਲਦੀ ਹੈ ਜੱਪ ਕਰ ਕਰ ਕੇ, ਤੱਪ ਕਰ ਕਰ ਕੇ, ਸਾਧਨਾ ਕਰ ਕਰ ਕੇ, ਨਿਕਲਦੀ ਹੈ ਫਿਰ ਵਿਅਰਥ ਵੀ ਨਹੀਂ ਜਾਂਦੀ।

ਦਿਲ ਸੇ ਜੋ ਬਾਤ ਨਿਕਲਤੀ ਹੈ ਅਸਰ ਰਖਤੀ ਹੈ।
ਪਰ ਨਹੀਂ ਤਾਕਤੇ ਪਰਵਾਜ਼ ਮਗਰ ਰਖਤੀ ਹੈ।

ਦਿਲ ਦੀ ਗਹਿਰਾਈ 'ਚੋਂ ਜਿਹੜੀ ਅਰਦਾਸ ਨਿਕਲਦੀ ਹੈ, ਪ੍ਰਮਾਤਮਾ ਤੱਕ ਪਹੁੰਚਦੀ ਹੈ। ਅਸੀਂ ਅਰਦਾਸ ਕਹਿੰਦੇ ਹਾਂ, ਪਰਸ਼ੀਅਨ ਵਿਚ ਕਹਿੰਦੇ ਹਨ ਅਰਜ਼ੋਈ ਕਰਨੀ। ਹਿੰਦੀ ਵਿਚ ਕਹਿੰਦੇ ਹਨ ਪ੍ਰਾਰਥਨਾ ਕਰਨੀ। ਗੁਰੂ ਨਾਨਕ ਨੇ ਇਕ ਸ਼ਬਦ ਨੂੰ ਜਨਮ ਦਿੱਤਾ ਹੈ ਅਰਦਾਸ ਕਰਨੀ ਹੈ। ਹੱਥ ਜੋੜ ਕੇ ਅਰਦਾਸ ਕਰਨੀ ਹੈ। ਸਤਿਗੁਰੂ ਕਹਿੰਦੇ ਹਨ ਇਕ ਮੇਰੀ ਅਰਜ਼ੋਈ ਹੈ, ਇਕ ਮੇਰੀ ਅਰਦਾਸ ਹੈ, ਹੇ ਕਰਤਾ! ਜੇ ਤੂੰ ਕੰਨ ਲਾ ਕੇ ਸੁਣੇ। ਮਨੁੱਖ ਜਿਥੇ ਹੁੰਦਾ ਹੈ ਉਥੇ ਹੀ ਉਸਦੇ ਕੰਨ ਹੁੰਦੇ ਹਨ। ਘਰ ਦੇ ਵਿਚ ਬੈਠੀ ਹੈ ਮਾਂ ਤੇ ਸਾਨੂੰ ਕੁਝ ਸੁਣਾਉਣਾ ਚਾਹੇ ਤਾਂ ਨਹੀਂ ਸੁਣ ਸਕਦੇ। ਕਿਉਂਕਿ ਅਸੀਂ ਜਿਥੇ ਬੈਠੇ ਹਾਂ, ਕੰਨ ਉਥੇ ਹੀ ਹਨ। ਜਿਥੇ ਸਾਨੂੰ ਸੁਣਾਇਆ ਜਾ ਰਿਹਾ ਹੈ, ਉਥੇ ਸਾਡੇ ਕੰਨ ਕੋਈ ਨਹੀਂ। ਮਨੁੱਖ ਜਿਥੇ ਹੁੰਦਾ ਹੈ ਉਸਦੀਆਂ ਇੰਦਰੀਆਂ ਵੀ ਉਥੇ ਹੁੰਦੀਆਂ ਹਨ, ਉਸ ਦੀ ਜ਼ਬਾਨ ਵੀ ਉਥੇ ਹੁੰਦੀ ਹੈ, ਉਸਦੀਆਂ ਅੱਖਾਂ ਵੀ ਉਥੇ ਹੁੰਦੀਆਂ ਹਨ। ਜਿਥੇ ਹੈ ਉਥੇ ਤਾਂ ਦੇਖ ਸਕਦਾ ਹੈ, ਜਿਥੇ ਨਹੀਂ ਹੈ, ਨਹੀਂ ਦੇਖ ਸਕਦਾ। ਜਿਥੇ ਹੈ ਸੁਣ ਸਕਦਾ ਹੈ, ਜਿਥੇ ਨਹੀਂ ਹੈ ਨਹੀਂ ਸੁਣ ਸਕਦਾ। ਪ੍ਰਮਾਤਮਾ ਤਾਂ ਵਿਆਪਕ ਹੈ। ਜੇ ਵਿਆਪਕ ਹੈ ਤਾਂ ਉਸਦਾ ਸੁਣਨਾ ਵੀ ਵਿਆਪਕ ਹੈ। ਕਿਸੇ ਥਾਂ ਵੀ ਅਰਜ਼ੋਈ ਕੀਤੀ ਜਾ ਸਕਦੀ ਹੈ। ਉਸਦਾ ਦੇਖਣਾ ਵੀ ਵਿਆਪਕ ਹੈ।

ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥

(ਅੰਗ ੬੧੨)

ਹੇ ਪ੍ਰਭੂ! ਤੂੰ ਕੰਨ ਕਰ ਭਾਵ ਸੁਣ। ਇਕ ਬੇਨਤੀ ਹੈ।

ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥ ੧॥

ਪਰਸ਼ੀਅਨ ਵਿਚ ਸੱਚ ਨੂੰ ਹੱਕ ਕਹਿੰਦੇ ਹਨ। ਜਿਵੇਂ ਭਾਈ ਨੰਦ ਲਾਲ ਜੀ ਕਹਿੰਦੇ ਹਨ-

ਹਕ ਹਕ ਅੰਦੇਸ਼ ਗੁਰੂ ਗੋਬਿੰਦ ਸਿੰਘ।
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ।

ਹੇ ਕਲਗੀਧਰ! ਤੁਸੀਂ ਤਾਂ ਹੱਕ ਹੋ ਭਾਵ ਸੱਚ ਹੋ। ਸਤਿਗੁਰੂ ਕਹਿੰਦੇ ਹਨ ਹਕਾ, ਹੇ ਸੱਚੇ। ਕਬੀਰ ਕਹਿੰਦੇ ਹਨ ਬਜ਼ੁਰਗ ਨੂੰ, ਪੁਰਾਣੇ ਨੂੰ। ਪੁਰਾਣੀ ਚੀਜ਼ ਨੂੰ ਕਬੀਰ ਕਹਿੰਦੇ ਹਨ। ਸੰਤ ਫ਼ਕੀਰ ਨੂੰ ਵੀ ਕਬੀਰ ਕਹਿੰਦੇ ਹਨ। ਪ੍ਰਮਾਤਮਾ ਨੂੰ ਵੀ ਕਬੀਰ ਕਹਿੰਦੇ ਹਨ। ਇਹ ਕਬੀਰ ਲਫ਼ਜ਼ ਫ਼ਾਰਸੀ ਦਾ ਵੀ ਹੈ ਅਤੇ ਅਰਬੀ ਦਾ ਵੀ ਹੈ। ਹੇ ਸੱਚ ਦੇ ਸਰੂਪ! ਹੇ ਸਭ ਤੋਂ ਵੱਡੇ! ਬਖ਼ਸ਼ਿੰਦ ਹੈਂ ਤੂੰ। ਤੇਰੇ ਸੁਭਾਅ ਵਿਚ ਦਇਆ ਹੀ ਦਇਆ ਹੈ। ਤੇਰੇ ਸੁਭਾਅ ਵਿਚ ਰਹਿਮਤ ਹੀ ਰਹਿਮਤ ਹੈ। ਹੇ ਪਾਲਣਹਾਰੇ! ਤੂੰ ਨਿਰਵਿਕਾਰ ਹੈਂ। ਤੂੰ ਅਤੀ ਨਿਰਮਲ ਹੈਂ ਅਤੇ ਸ੍ਰਿਸ਼ਟੀ ਦਾ ਕਰਨਹਾਰ ਹੈਂ। ਤੂੰ ਕਬੀਰ ਹੈਂ। ਇਸ ਤਰ੍ਹਾਂ ਮੇਰੇ ਪਾਤਿਸ਼ਾਹ ਉਸ ਪ੍ਰਮਾਤਮਾ ਦੀ ਮਹਿਮਾ ਗਾਇਨ ਕਰ ਰਹੇ ਹਨ।

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥

ਹੇ ਪ੍ਰਭੂ! ਮੈਂ ਆਪਣੇ ਦਿਲ ਨੂੰ ਸਮਝਾਉਂਦਾ ਹਾਂ ਕਿ ਇਹ ਸੰਸਾਰ ਫ਼ਾਨੀ ਹੈ। ਨਾਸ਼ਵੰਤ ਹੈ। ਤੂੰ ਹਕਾ ਹੈਂ, ਜਗਤ ਤਾਂ ਝੂਠ ਹੈ। ਤੂੰ ਕਬੀਰ ਹੈਂ, ਇਹ ਸਭ ਕੁਛ ਤਾਂ ਤੁੱਛ ਹੈ। ਇਹ ਜੋ ਟਿੱਕਿਆ ਹੋਇਆ ਜਗਤ ਦਿੱਸਦਾ ਪਿਆ ਹੈ, ਇਹ ਤਾਂ ਮਿੱਟ ਜਾਏਗਾ। ਹੇ ਮੇਰੇ ਦਿਲ! ਤੂੰ ਅਜਿਹਾ ਜਾਣ। ਹੇ ਪ੍ਰਭੂ! ਮੈਂ ਆਪਣੇ ਦਿਲ ਨੂੰ ਅਜਿਹਾ ਸਮਝਾ ਰਿਹਾ ਹਾਂ ਕਿ ਸਭ ਕੁਝ ਨਾਸ਼ਵੰਤ ਹੈ। ਧਰਮ ਦਾ, ਪ੍ਰਭੂ ਦਾ ਸਾਰਾ ਗਿਆਨ ਮੌਤ ਦੇ ਗਿਆਨ ਤੋਂ ਆਰੰਭ ਹੁੰਦਾ ਹੈ। ਲੋਭ, ਵਾਸ਼ਨਾ, ਹੰਕਾਰ ਸਾਰਾ ਜੀਵਨ ਦੀ ਲਾਲਸਾ ਤੋਂ ਸ਼ੁਰੂ ਹੁੰਦਾ ਹੈ। ਜਿੰਨੀ ਜੀਵਨ ਦੀ ਲਾਲਸਾ, ਉੱਨਾ ਹੰਕਾਰੀ, ਲੋਭੀ, ਵਾਸ਼ਨਾ ਵਿਚ ਗ੍ਰਸਿਆ ਹੋਇਆ। ਜਿੰਨਾ ਮੌਤ ਦਾ ਗਿਆਨ, ਉੱਨਾ ਬੈਰਾਗੀ, ਸੱਤਵਾਦੀ, ਆਤਮ ਦਰਸੀ। ਹੇ ਮੇਰੇ ਦਿਲ! ਸੱਚਾ ਜਾਣ ਕੇਵਲ ਉਸਨੂੰ, ਵੱਡਾ ਜਾਣ ਕੇਵਲ ਉਸ ਪਰੀਪੂਰਨ ਪ੍ਰਮਾਤਮਾ ਨੂੰ।

ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥ ੧॥ ਰਹਾਉ॥

ਸਾਡੇ ਦੇਸ਼ ਵਿਚ ਕਹਿੰਦੇ ਹਨ ਕਿ ਮੌਤ ਦਾ ਦੇਵਤਾ ਧਰਮ ਰਾਜ ਹੈ। ਇਸਲਾਮ ਵਿਚ ਮੌਤ ਦਾ ਦੇਵਤਾ ਹੈ ਅਜ਼ਰਾਈਲ। ਮੂਇ ਕਹਿੰਦੇ ਹਨ ਕੇਸਾਂ ਨੂੰ। ਉਸ ਧਰਮ ਰਾਜ ਨੇ, ਉਸ ਮੌਤ ਦੇ ਦੇਵਤੇ ਨੇ ਹਰ ਇਕ ਦੇ ਕੇਸਾਂ ਨੂੰ ਪਕੜਿਆ ਹੋਇਆ ਹੈ। ਸਾਹਿਬ ਕਹਿੰਦੇ ਹਨ ਕਿ ਮੇਰੇ ਕੇਸ ਵੀ ਉਸਦੇ ਹੱਥ ਵਿਚ ਹਨ। ਮਮ ਭਾਵ ਮੈਂ। ਬਹੁਤੇ ਵੱਡੇ ਗੁਣਾ ਦਾ ਜ਼ਿਕਰ ਕਰਨਾ ਹੈ ਤਾਂ ਗੁਰੂ ਨਾਨਕ ਦੇਵ ਜੀ ਦੂਜਿਆਂ ਨੂੰ ਅੱਗੇ ਕਰ ਦਿੰਦੇ ਹਨ, ਕਮਜ਼ੋਰੀ ਦਾ ਜ਼ਿਕਰ ਕਰਨਾ ਹੈ, ਕਿਤੇ ਔਗੁਣਾ ਦਾ ਜ਼ਿਕਰ ਕਰਨਾ ਹੈ ਤਾਂ ਫਿਰ ਆਪਣੇ ਨੂੰ ਅੱਗੇ ਕਰ ਦਿੰਦੇ ਹਨ-

ਕਹੁ ਨਾਨਕ ਹਮ ਨੀਚ ਕਰੰਮਾ॥
ਸਰਣਿ ਪਰੇ ਕੀ ਰਾਖਹੁ ਸਰਮਾ॥

(ਅੰਗ ੩੭੮)

ਦੂਜੇ ਨੂੰ ਨੀਚ ਕਹਿ ਕੇ ਵੱਡੇ ਦਾ ਉਪਦੇਸ਼ ਦੇਣਾ ਇਹ ਤਾਂ ਸਾਰੀ ਦੁਨੀਆਂ ਕਰਦੀ ਹੈ। ਆਪਣੇ ਆਪ ਨੂੰ ਨੀਚ ਕਹਿ ਕੇ ਉਸ ਵੱਡੇ ਦੀ ਗੱਲ ਜਗਤ ਦੀ ਝੋਲੀ ਵਿਚ ਪਾਉਣੀ ਇਹ ਸਿਰਫ਼ ਗੁਰੂ ਨਾਨਕ ਦੇ ਘਰ ਦੀ ਮਹਿਮਾ ਹੈ। ਹੇ ਮੇਰੇ ਦਿਲ! ਇਹ ਸੱਚ ਕਰਕੇ ਜਾਣ ਕਿ ਉਸਨੇ ਸਾਰਿਆਂ ਦੇ ਕੇਸਾਂ ਨੂੰ ਪਕੜਿਆ ਹੋਇਆ ਹੈ। ਪਰ ਕੀਤਾ ਕੀ ਜਾਵੇ, ਦਿਲ ਨਾਦਾਨ ਹੈ, ਨਹੀਂ ਸਮਝਦਾ। ਰੋਜ਼ ਸਾਲ ਦੇ ਸਾਲ ਜਨਮ ਦਿਨ ਤਾਂ ਮਨਾਈ ਜਾਂਦਾ ਹੈ, ਪਰ ਮਰਨ ਦਿਨ ਨੂੰ ਤਾਂ ਮੰਨਦਾ ਹੀ ਨਹੀਂ ਹੈ। ਜਨਮ ਤਾਂ ਹੋ ਗਿਆ ਉਸਨੂੰ ਛੱਡ, ਮਰਨ ਨੂੰ ਮੰਨ। ਪਰ ਇਹ ਤਾਂ ਜਨਮ ਨੂੰ ਮੰਨਦਾ ਹੈ। ਸਾਹਿਬ ਕਹਿੰਦੇ ਹਨ ਕਿ ਅਜਿਹਾ ਇਹ ਨਾਦਾਨ ਦਿਲ ਹੈ, ਮੰਨਦਾ ਨਹੀਂ।

ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ॥

ਹਿੰਦੀ ਸੰਸਕ੍ਰਿਤ ਦਾ ਜਨ ਸ਼ਬਦ ਹੋਵੇ ਤੇ ਇਸਦੇ ਅਰਥ ਬਣਦੇ ਹਨ ਆਦਮੀ। ਫ਼ਾਰਸੀ ਦਾ ਜ਼ਨ ਸ਼ਬਦ ਹੈ ਤਾਂ ਇਸਦੇ ਅਰਥ ਬਣਦੇ ਹਨ ਇਸਤਰੀ। ਪਦਰ ਲਿਖਤ ਵਿਚ ਪਦਰ ਹੈ ਉਚਾਰਨ ਈਰਾਨ, ਅਫ਼ਗ਼ਾਨਿਸਤਾਨ ਵਿਚ ਪਿਦਰ ਹੈ। ਸਾਹਿਬ ਇਥੇ ਕਹਿੰਦੇ ਹਨ ਕਿ ਇਸਤਰੀ, ਪਿਤਾ, ਪੁੱਤਰ ਇਹ ਜੋ ਸੰਬੰਧੀ ਹਨ, ਜਿੰਨੇ ਵੀ ਸਮਾਜਿਕ ਸੰਬੰਧ ਹਨ, ਕਿਸੇ ਨੇ ਤੇਰੀ ਬਾਂਹ ਨਹੀਂ ਪਕੜਨੀ। ਕਿਸੇ ਨੇ ਤੇਰਾ ਸਹਾਰਾ ਨਹੀਂ ਬਣਨਾ। ਇਕ ਇਕ ਕਰਕੇ ਤੂੰ ਦੇਖ ਲਏਂਗਾ ਕਿ ਬੇਸਹਾਰਾ ਹੋ ਗਿਆ ਮਾਂ ਤੋਂ, ਬੇਸਹਾਰਾ ਹੋ ਗਿਆ ਪਿਤਾ ਤੋਂ, ਪੁੱਤਰਾਂ ਤੋਂ, ਭਰਾਵਾਂ ਤੋਂ, ਮਿੱਤਰਾਂ ਤੋਂ। ਸਾਰਿਆਂ ਤੋਂ ਬੇਸਹਾਰਾ ਹੋ ਕੇ ਜੇ ਤੂੰ ਉਸ ਇਕ ਦਾ ਸਹਾਰਾ ਪਕੜਨਾ ਹੈਂ ਤਾਂ ਸ਼ੁਰੂ ਤੋਂ ਹੀ ਉਸਦਾ ਸਹਾਰਾ ਪਕੜ ਲੈ, ਫਿਰ ਕਦੀ ਬੇਸਹਾਰਾ ਹੋਵੇਂਗਾ ਨਹੀਂ। ਬੇਸਹਾਰਾ ਹੋ ਕੇ ਉਸਦਾ ਕੀ ਆਸਰਾ ਪਕੜਨਾ ਹੈ? ਪਹਿਲਾਂ ਹੀ ਉਸਦਾ ਸਹਾਰਾ ਪਕੜ। ਨਹੀਂ ਰਿਹਾ ਕੋਈ ਤਾਂ ਤੇਰਾ ਸਹਾਰਾ ਬਣਿਆ ਹੋਇਆ ਹੈ। ਕਿਉਂਕਿ ਸੰਬੰਧੀ ਅੱਜ ਹਨ, ਕੱਲ ਨਹੀਂ ਹਨ। ਪਰ ਉਹ ਸਦੀਵੀ ਹੈ, ਹਕਾ ਹੈ, ਉਹ ਸੱਚ ਹੈ। ਜੋ ਸਦੀਵੀ ਹੈ, ਉਸਨੂੰ ਮਨੁੱਖ ਸਹਾਰਾ ਨਹੀਂ ਬਣਾਉਂਦਾ ਤੇ ਜੋ ਸਦਾ ਸੰਗ ਵੀ ਨਹੀਂ ਤੇ ਸਦੀਵੀ ਵੀ ਨਹੀਂ, ਉਹਨਾਂ ਦੇ ਸਹਾਰੇ ਬਣਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ–

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥

ਉਹ ਮਨੁੱਖ ਚਾਹੇ ਕੋਈ ਵੀ ਹੈ।

ਦੇਵਨ ਕਉ ਏਕੈ ਭਗਵਾਨੁ॥

(ਅੰਗ ੨੮੧)

ਮਹਾਰਾਜ ਕਹਿੰਦੇ ਹਨ ਕਿ ਕਿਸੇ ਨੇ ਤੇਰੀ ਬਾਂਹ ਨਹੀਂ ਪਕੜਨੀ।

ਆਖਿਰ ਖ਼ਿਅਫ਼ਤਮ ਕਸ ਨ ਦਾਰਦ ਚੂੰ ਸਵਦ ਤਕਬੀਰ॥ ੨॥

ਪਰ ਜਦੋਂ ਇਸ ਤੋਂ ਰੁਖ਼ਸਤ ਹੋਵੇਂਗਾ ਤੇ ਤਕਬੀਰ ਜਨਾਜ਼ੇ ਦੀ ਨਿਮਾਜ਼ ਜੋ ਕਬਰਿਸਤਾਨ 'ਤੇ ਪੜ੍ਹਦੇ ਹਨ। ਜਿਵੇਂ ਸਾਡੇ ਸ਼ਮਸ਼ਾਨ ਘਾਟ 'ਤੇ ਕੀਰਤਨ ਸੋਹਿਲਾ ਪੜ੍ਹਦੇ ਹਨ, ਇਹ ਤਕਬੀਰ ਜਨਾਜ਼ੇ ਦੀ ਨਿਮਾਜ਼ ਪੜ੍ਹਦੇ ਹਨ। ਆਖ਼ਿਰ ਇਹ ਤੇਰੇ ਸਾਰੇ ਸੰਬੰਧੀ ਵੱਧ ਤੋਂ ਵੱਧ ਜਨਾਜ਼ੇ ਦੀ ਨਿਮਾਜ਼ ਪੜ੍ਹ ਕੇ ਆ ਜਾਣਗੇ। ਬਸ ਇੰਨਾ ਹੀ ਕਰ ਸਕਦੇ ਹਨ, ਹੋਰ ਕੁਝ ਨਹੀਂ। ਤੇਰਾ ਸਹਾਰਾ ਤੇਰੇ ਅਹਿਮਾਲ ਬਣਨਗੇ। ਤੇਰਾ ਸਹਾਰਾ ਤੇਰਾ ਜੱਪਿਆ ਹੋਇਆ ਨਾਮ ਬਣੇਗਾ। ਤੇਰਾ ਸਹਾਰਾ ਉਹੀ ਬਣੇਗਾ ਜੋ ਸਾਰਿਆਂ ਦਾ ਸਹਾਰਾ ਹੈ, ਪਰ ਸ਼ਰਤ ਹੈ ਤੂੰ ਪਕੜਿਆ ਹੋਵੇ।

ਭਾਈ ਸਾਹਿਬ ਭਾਈ ਨੰਦ ਲਾਲ ਕਹਿੰਦੇ ਹਨ ਕਿ ਤੇਰੇ ਕੋਲ ਹੱਥ ਹਨ, ਉਸਦਾ ਦਾਮਨ ਪਕੜ ਲੈ, ਜਿਸਦਾ ਦਾਮਨ ਕਦੀ ਛੁੱਟਦਾ ਨਹੀਂ।

ਸਬ ਰੋਜ਼ ਗਸ਼ਤਮ ਦਰ ਹਵਾ ਕਰਦੇਮ ਬਦੀ ਖ਼ਿਆਲ॥

ਹੇ ਪ੍ਰਭੂ! ਦਿਨ ਤੇ ਰਾਤ ਮਾੜੇ ਖ਼ਿਆਲਾਂ ਵਿਚ ਮੇਰਾ ਮਨ ਰਹਿੰਦਾ ਹੈ। ਸਿਰਫ਼ ਖ਼ਿਆਲਾਂ ਵਿਚ ਨਹੀਂ, ਕਦੀ ਕਦੀ ਉਹਨਾਂ ਨੂੰ ਕਿਰਤ ਵੀ ਦੇ ਦਿੰਦੇ ਹਾਂ, ਬਦੀਆਂ ਵੀ ਕਰਦੇ ਹਾਂ। ਕਦੀ ਕਦੀ ਹੇ ਪ੍ਰਭੂ! ਇਹ ਤਨ ਬਦੀਆਂ ਕਰ ਬੈਠਦਾ ਹੈ। ਇਕ ਨੁਕਤਾ ਚੇਤੇ ਰੱਖਣਾ। ਚੋਰ ਦੇ ਵਿਚਾਰਾਂ ਵਿਚ ਚੋਰੀ ਹਰ ਸਮੇਂ ਹੁੰਦੀ ਹੈ। ਕਿਰਤ ਵਿਚ ਉਦੋਂ ਪ੍ਰਗਟ ਹੁੰਦੀ ਹੈ ਜਦੋਂ ਉਸਨੂੰ ਮੌਕਾ ਮਿਲ ਜਾਏ। ਕਠੋਰਤਾ ਕਠੋਰ ਮਨੁੱਖ ਦੇ ਵਿਚਾਰਾਂ ਵਿਚ ਹਰ ਸਮੇਂ ਹੁੰਦੀ ਹੈ। ਪ੍ਰਗਟ ਉਦੋਂ ਹੁੰਦੀ ਹੈ ਜਦੋਂ ਮੌਕਾ ਮਿਲ ਜਾਏ। ਇਸੇ ਤਰੀਕੇ ਨਾਲ ਸਦਾਚਾਰ, ਰਹਿਮ ਦਿਲੀ, ਭਾਈਚਾਰਾ, ਮਿਠਾਸ ਤੇ ਦਇਆ ਸੰਤ ਦੇ ਅੰਦਰ ਹਰ ਸਮੇਂ ਹੁੰਦੀ ਹੈ, ਪਰ ਕਿਰਤ ਵਿਚ ਉਦੋਂ ਪ੍ਰਗਟ ਹੁੰਦੀ ਹੈ ਜਿਥੇ ਲੋੜ ਪੈ ਜਾਏ। ਸਾਹਿਬ ਕਹਿੰਦੇ ਹਨ ਕਿ ਦਿਨ ਰਾਤ ਖ਼ਿਆਲਾਂ ਵਿਚ ਬਦੀ ਹੀ ਬਦੀ। ਹੇ ਪ੍ਰਭੂ! ਮੈਂ ਇਸ ਤਰ੍ਹਾਂ ਹਾਂ। ਮੇਰਾ ਮਨ ਅਜਿਹਾ ਹੈ। ਪ੍ਰਮਾਤਮਾ ਦੇ ਅੱਗੇ ਆਪਣੇ ਗੁਣ ਨਹੀਂ ਰੱਖੇ ਜਾ ਰਹੇ, ਅਰਦਾਸ ਵਿਚ ਔਗੁਣ ਰੱਖੇ ਜਾ ਰਹੇ ਹਨ।

ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ॥ ੩॥

ਨੇਕੀਆਂ ਨੂੰ ਤਾਂ ਮੈਂ ਪਕੜਨ ਦੀ ਕੋਸ਼ਿਸ਼ ਨਹੀਂ ਕਰਦਾ, ਹੇ ਪ੍ਰਭੂ! ਮੇਰਾ ਹਾਲ ਕੀ ਹੋਣਾ ਹੈ? ਮੇਰੇ ਨਾਲ ਤੂੰ ਕੀ ਫ਼ੈਸਲਾ ਕਰੇਂਗਾ?

ਥਰਹਰ ਕੰਪੈ ਬਾਲਾ ਜੀਉ॥ ਨਾ ਜਾਨਉ ਕਿਆ ਕਰਸੀ ਪੀਉ॥

(ਅੰਗ ੭੯੨)

ਕਿਉਂਕਿ ਨੇਕੀਆਂ ਨੂੰ ਮੈਂ ਪਕੜਨ ਦੀ ਕੋਸ਼ਿਸ਼ ਨਹੀਂ ਕਰਦਾ, ਉਹਨਾਂ ਨੂੰ ਤਾਂ ਮੈਂ ਹੱਥ ਨਹੀਂ ਪਾਉਂਦਾ। ਹੇ ਖ਼ੁਦਾ! ਪਤਾ ਨਹੀਂ ਮੇਰਾ ਕੀ ਹਾਲ ਹੋਣਾ ਹੈ?

ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ॥

ਹੇ ਪ੍ਰਭੂ! ਮੈਂ ਚੰਗੀ ਕਿਸਮਤ ਵਾਲਾ ਵੀ ਨਹੀਂ ਹਾਂ। ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਹਨ ਕਿ ਬਦਬਖ਼ਤ ਕੌਣ ਹੈ? ਕਹਿੰਦੇ ਹਨ ਕਿ ਮੈਂ ਜੋਤਸ਼ੀ ਤਾਂ ਨਹੀਂ, ਪਰ ਮੈਂ ਦੱਸ ਸਕਦਾ ਹਾਂ ਕਿ ਬਦਬਖ਼ਤ ਕੌਣ ਹੈ?

ਗਰ ਇਨਸਾਫ ਤੁਰਸੀ ਬਦਬਖ਼ਤ ਕਸ ਅਸਤ॥

ਕਿਹੜਾ ਮਨੁੱਖ ਬਦਕਿਸਮਤ ਹੈ? ਕਿ

ਦਰਗਹ ਦਸਤ ਰੰਜ ਦੀਘਰ ਕਸ ਅਸਤ॥

ਜੋ ਦੂਜੇ ਦੇ ਨੁਕਸਾਨ ਵਿਚ ਨਫ਼ਾ ਦੇਖਦਾ ਹੈ, ਜੋ ਦੂਜੇ ਦੀ ਬੇਇਜ਼ਤੀ ਵਿਚ ਇੱਜ਼ਤ ਲੱਭਦਾ ਹੈ, ਜੋ ਦੂਜੇ ਦੀ ਢਹਿੰਦੀ ਕਲਾ ਵਿਚ ਚੜ੍ਹਦੀ ਕਲਾ ਲੱਭਦਾ ਹੈ। ਦੂਜਿਆਂ ਦੇ ਰੋਣੇ ਵਿਚ ਹਾਸੇ ਲੱਭਦਾ ਹੈ, ਇਹ ਦੁਨੀਆਂ ਦਾ ਬਦਬਖ਼ਤ ਬੰਦਾ ਹੈ। ਕਦੀ ਹੱਸ ਨਹੀਂ ਸਕਦਾ।

ਇਸ ਵਾਸਤੇ ਗੁਰਬਾਣੀ ਦਾ ਫ਼ੈਸਲਾ-

ਪਰ ਕਾ ਬੁਰਾ ਨ ਰਾਖਹੁ ਚੀਤ॥
ਤੁਮ ਕਉ ਦੁਖੁ ਨਹੀ ਭਾਈ ਮੀਤ॥

(ਅੰਗ ੩੮੬)

ਸਤਿਗੁਰੂ ਇਥੇ ਕਹਿੰਦੇ ਹਨ ਕਿ ਮੈਂ ਚੰਗੀ ਕਿਸਮਤ ਵਾਲਾ ਨਹੀਂ ਹਾਂ, ਬਦਬਖ਼ਤ ਹਾਂ। ਫਿਰ ਮੈਂ ਚੁਗ਼ਲਖ਼ੋਰ ਵੀ ਹਾਂ। ਜ਼ੱਰੇ ਨੂੰ ਪਹਾੜ ਬਣਾਉਂਦਾ ਹਾਂ। ਹੇ ਪ੍ਰਭੂ! ਮੈਂ ਗ਼ਾਫ਼ਿਲ ਵੀ ਹਾਂ। ਸੁਚੇਤ ਵੀ ਨਹੀਂ ਹਾਂ। ਤੈਨੂੰ ਦੇਖ ਸਕਾਂ, ਹੇ ਪ੍ਰਭੂ! ਮੇਰੇ ਕੋਲ ਅੱਖਾਂ ਵੀ ਕੋਈ ਨਹੀਂ। ਦੂਸਰਾ ਮੈਂ ਮੂੰਹ ਫੱਟ ਬੜਾ ਹਾਂ। ਜੋ ਮੂੰਹ ਵਿਚ ਆਉਂਦਾ ਹੈ, ਮੈਂ ਕਹਿ ਦਿੰਦਾ ਹਾਂ। ਇਹ ਨਹੀਂ ਦੇਖਦਾ ਕਿ ਮੌਕਾ ਕੀ ਹੈ, ਵਾਤਾਵਰਨ ਕੀ ਹੈ? ਨਾਨਕ ਦੀ ਇਕ ਅਰਜ਼ੋਈ ਹੈ ਕਿ ਤੂੰ ਨਹੀਂ ਮਿਲਦਾ ਤੇ ਨਾ ਸਹੀ, ਤੇਰੇ ਦਰਸ਼ਨ ਨਹੀਂ ਤਾਂ ਨਾ ਸਹੀ, ਪਰ ਜੋ ਤੇਰੇ ਮਾਰਗ 'ਤੇ ਚੱਲਦੇ ਹਨ, ਤੇਰੇ ਚਾਕਰ ਹਨ, ਉਹਨਾਂ ਦੀ ਖ਼ਾਕ ਬਣਾ ਦੇ। ਉਹਨਾਂ ਦੇ ਚਰਨਾਂ ਦੀ ਧੂੜ ਬਣਾ ਦੇ। ਤੇਰਾ ਰਹਿਮ ਭਰਿਆ ਹੱਥ ਮੇਰੇ ਸਿਰ 'ਤੇ ਨਹੀਂ ਤਾਂ ਨਾ ਸਹੀ, ਤੇਰਾ ਮਿਲਣਾ ਨਹੀਂ ਹੈ ਤਾਂ ਨਾ ਸਹੀ, ਪਰ ਘੱਟ ਤੋਂ ਘੱਟ ਜੋ ਤੇਰੇ ਮਾਰਗ 'ਤੇ ਚੱਲਦੇ ਹਨ, ਜੋ ਤੇਰੇ ਸੇਵਕ ਹਨ, ਉਹਨਾਂ ਦੇ ਚਰਨਾਂ ਦੀ ਖ਼ਾਕ ਬਣਾ ਦੇ। ਇਸ ਤਰ੍ਹਾਂ ਦੀ ਅਰਦਾਸ ਸਤਿਗੁਰੂ ਸਾਰਿਆਂ ਦੇ ਅੰਦਰੋਂ ਪੈਦਾ ਕਰੇ। ਸਾਹਿਬ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ

ਧਨਾਸਰੀ ਮਹਲਾ ੫ ਘਰੁ ੯ ਦੁਪਦੇ ੧ੴ ਸਤਿਗੁਰ ਪ੍ਰਸਾਦਿ॥

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ॥
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ॥ ੧॥
ਗੁਰ ਕਾ ਬਚਨੁ ਬਸੈ ਜੀਅ ਨਾਲੇ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥ ੧॥ ਰਹਾਉ॥
ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ॥
ਸਾਗਰ ਮਾਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ॥੨॥੧॥੩੨॥

(ਅੰਗ ੬੭੯)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਨਮਾਨ ਯੋਗ ਗੁਰੂ ਸਾਧਸੰਗਤਿ ਜੀਉ!

ਧੰਨ ਗੁਰੂ ਅਰਜਨ ਦੇਵ ਜੀ ਦੀਆਂ ਬਖ਼ਸ਼ਿਸ਼ਾਂ ਨਾਲ ਭਰਿਆ ਹੋਇਆ ਅੱਜ ਦਾ ਇਹ ਪਾਵਨ ਪਵਿੱਤਰ ਹੁਕਮਨਾਮਾ ਜਿਸਦੇ ਵਿਚ ਧਰਮ ਦੀ ਜਿਹੜੀ ਮੂਲ ਗੱਲ ਹੈ, ਬੁਨਿਆਦੀ ਗੱਲ ਹੈ, ਸਤਿਗੁਰੂ ਉਸੇ ਦਾ ਜ਼ਿਕਰ ਕਰਦੇ ਹਨ, ਸਿਮਰਨ। ਸਮੂੰਹ ਸੰਸਾਰ ਦੇ ਧਰਮ, ਉਂਝ ਧਰਮ ਇਕੋ ਹੀ ਹੈ। ਸਕੂਲ ਵਿਚ ਵਿੱਦਿਆ ਤਾਂ ਇਕੋ ਹੀ ਹੈ, ਪਰ ਸਕੂਲਾਂ ਦੀਆਂ ਬਿਲਡਿੰਗਾਂ ਅਲੱਗ ਅਲੱਗ ਹਨ। ਸਕੂਲ ਦੇ ਪ੍ਰਿੰਸੀਪਲ ਅਲੱਗ ਅਲੱਗ ਹਨ, ਅਧਿਆਪਕ ਅਲੱਗ ਅਲੱਗ ਹਨ। ਸਿਖਸ਼ਾ ਇਕੋ ਦਿੱਤੀ ਜਾ ਰਹੀ ਹੈ - ਮਸਜਿਦ ਦੇ ਵਿਚ, ਮੰਦਿਰ ਦੇ ਵਿਚ, ਗੁਰਦੁਆਰੇ ਦੇ ਵਿਚ, ਚਰਚ ਦੇ ਵਿਚ ਕਿ ਯਾਦ ਕਰੋ ਗੁਰੂ ਨੂੰ, ਯਾਦ ਕਰੋ ਪ੍ਰਭੂ ਨੂੰ, ਯਾਦ ਕਰੋ ਖ਼ੁਦਾ ਨੂੰ। ਕਿਸੇ ਸਕੂਲ ਵਿਚ ਮੁਹੰਮਦ ਸਾਹਿਬ ਪੜ੍ਹਾ ਰਹੇ ਹਨ, ਕਿਸੇ ਵਿਚ ਹਜ਼ਰਤ ਈਸਾ ਪੜ੍ਹਾ ਰਹੇ ਹਨ, ਕਿਸੇ ਵਿਚ ਅਧਿਆਪਕ ਬਣੇ ਬੈਠੇ ਹਨ ਸ੍ਰੀ ਕ੍ਰਿਸ਼ਨ, ਸ੍ਰੀ ਰਾਮ ਅਤੇ ਕਿਸੇ ਥਾਂ 'ਤੇ ਸਮਝਾ ਰਹੇ ਹਨ ਧੰਨ ਗੁਰੂ ਨਾਨਕ ਦੇਵ ਜੀ, ਧੰਨ ਗੁਰੂ ਗੋਬਿੰਦ ਸਿੰਘ ਜੀ। ਇਹਨਾਂ ਸਾਰਿਆਂ ਦਾ ਕਹਿਣਾ ਇਕੋ ਹੀ ਹੈ ਕਿ ਯਾਦ ਕਰੋ, ਸਿਮਰਨ ਕਰੋ।

ਧਰਮ ਬਸ ਇਸੇ ਮੂਲ ਗੱਲ 'ਤੇ ਖੜਾ ਹੈ। ਇਹ ਧਾਰਮਿਕ ਮਨੁੱਖ ਹੈ। ਬਹੁਤਾ ਪਾਠ

ਕਰਦਾ ਹੈ। ਦਾਨ ਕਰਦਾ ਹੈ। ਪੁੰਨ ਕਰਦਾ ਹੈ। ਇਹ ਧਾਰਮਿਕ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ, ਧਾਰਮਿਕ ਨਹੀਂ ਹੈ। ਧਾਰਮਿਕ ਤਾਂ ਉਹ ਹੈ ਜਿਸਦੀ ਯਾਦ ਵਿਚ ਪ੍ਰਮਾਤਮਾ ਹੈ, ਜਿਸਦੇ ਸਿਮਰਨ ਵਿਚ ਪ੍ਰਮਾਤਮਾ ਹੈ। ਇਹ ਰੋਜ਼ ਗੁਰਦੁਆਰੇ ਆਉਂਦਾ ਹੈ, ਇਹ ਮੰਦਿਰ ਵਿਚ ਪੂਜਾ ਕਰਦਾ ਹੈ, ਇਹ ਤਾਂ ਪੰਜ ਵਕਤ ਦਾ ਪੱਕਾ ਨਿਮਾਜ਼ੀ ਹੈ। ਕਿਸੇ ਸਕੂਲ ਵਿਚ ਮੁਹੰਮਦ ਸਾਹਿਬ ਪੜ੍ਹਾ ਰਹੇ ਹਨ। ਉਹਨਾਂ ਨੇ ਵੀ ਖ਼ੁਦਾਈ ਇਬਾਦਤ ਯਾਦ 'ਤੇ ਖੜੀ ਕੀਤੀ ਹੈ। ਨਿਮਾਜ਼ ਇਕ ਸਾਧਨ ਹੈ ਕਿ ਉਹ ਯਾਦ ਆ ਜਾਏ। ਕੋਈ ਮੰਦਿਰ ਵਿਚ ਜਾ ਰਿਹਾ ਹੈ, ਪੂਜਾ ਪਾਠ ਇਕ ਸਾਧਨ ਹੈ ਕਿ ਉਹ ਯਾਦ ਆ ਜਾਏ। ਕਥਾ ਕੀਰਤਨ ਇਕ ਸਾਧਨ ਹੈ ਕਿ ਉਹ ਯਾਦ ਆ ਜਾਏ। ਹਜ਼ਾਰ ਵਾਰੀ ਤੂੰ ਸੁਖਮਨੀ ਸਾਹਿਬ ਦਾ ਪਾਠ ਕੀਤਾ। ਕੀ ਇਕ ਵਾਰੀ ਵੀ ਤੈਨੂੰ ਚੇਤੇ ਆਇਆ ਹੈ ਪ੍ਰਮਾਤਮਾ! ਜੇਕਰ ਇਕ ਸੈਕਿੰਡ ਵੀ ਉਸਦੀ ਯਾਦ ਹੈ ਤਾਂ ਸਾਰੇ ਪਾਪ ਧੁੱਲ ਗਏ ਹਨ।

ਇਸਦੇ ਉਤੇ ਮੈਂ ਇਕ ਉਦਾਹਰਣ ਦਿੰਦਾ ਹੁੰਦਾ ਹਾਂ। ਜੇਕਰ ਕੋਈ ਮਕਾਨ ਇਕ ਅੰਦਾਜ਼ੇ ਦੇ ਮੁਤਾਬਿਕ 100 ਸਾਲ ਤੋਂ ਨਹੀਂ ਖੋਲ੍ਹਿਆ ਗਿਆ। ਦਰਵਾਜ਼ੇ ਬੰਦ ਸਨ, ਬਾਰੀਆਂ ਬੰਦ ਸਨ, ਰੋਸ਼ਨਦਾਨ ਬੰਦ ਸਨ, ਮੋਟੇ ਮੋਟੇ ਪਰਦੇ ਲਗੇ ਹੋਏ ਸਨ ਅਤੇ ਉਸਦੇ ਅੰਦਰ ਹਨੇਰਾ ਸੀ। ਕਿਉਂਕਿ ਰੋਸ਼ਨੀ ਜਾਣ ਦਾ ਕੋਈ ਸਾਧਨ ਹੀ ਨਹੀਂ ਸੀ। ਕੀ ਇਸ 100 ਸਾਲ ਦੇ ਹਨੇਰੇ ਨੂੰ ਕੱਢਣ ਵਾਸਤੇ 100 ਸਾਲ ਲੱਗਣਗੇ? ਤਰਕ, ਵਿਚਾਰ ਤਾਂ ਇਹੀ ਆਖੇਗੀ ਕਿ ਜਿਸ ਰਸਤੇ 'ਤੇ ਮੈਂ ਜਿੰਨੇ ਕਦਮ ਚੱਲਕੇ ਅੱਗੇ ਪਹੁੰਚਿਆ ਹਾਂ, ਜੇ ਮੈਨੂੰ ਵਾਪਿਸ ਆਉਣਾ ਪਵੇ ਤਾਂ ਉੱਨੇ ਹੀ ਕਦਮ ਚੱਲਕੇ ਆਉਣਾ ਪਏਗਾ। ਤਾਰਕਿਕ ਨੇ ਕਹਿ ਦੇਣਾ ਹੈ ਕਿ ਉਸ ਮਕਾਨ ਵਿਚੋਂ ਹਨੇਰੇ ਨੂੰ ਕੱਢਣ ਲਈ ਘੱਟ ਤੋਂ ਘੱਟ 100 ਸਾਲ ਲੱਗਣਗੇ। ਭਾਵੇਂ 100 ਸਾਲ ਦਾ ਹਨੇਰਾ ਹੈ, ਭਾਵੇਂ ਹਜ਼ਾਰ ਸਾਲ ਦਾ ਹਨੇਰਾ ਹੈ, ਇਸ ਹਨੇਰੇ ਨੂੰ ਕੱਢਣ ਲੱਗਿਆਂ ਇਕ ਛਿਨ ਲੱਗਦਾ ਹੈ। ਬੱਤੀ ਜਲਾਈ ਤਾਂ ਦਿਨ। ਹਾਂ, ਹਨੇਰੇ ਨੂੰ ਕੱਢਣ ਦਾ ਇਕ ਢੰਗ ਗ਼ਲਤ ਵੀ ਹੋ ਸਕਦਾ ਹੈ, ਕੋਈ ਡੰਡੇ ਲੈ ਲਵੇ, ਕੋਈ ਸੋਟੀਆਂ ਲੈ ਲਵੇ ਕਿ ਕੱਢੀਏ ਹਨੇਰੇ ਨੂੰ।

ਆਪ ਦੀ ਗਿਆਤ ਲਈ ਅਰਜ਼ ਕਰਾਂ। ਮਨ ਦੇ ਹਨੇਰੇ ਨੂੰ ਕੱਢਣ ਵਾਸਤੇ ਦੁਨੀਆਂ ਵਿਚ ਬਹੁਤ ਸਾਰੇ ਭਗਤ ਆਪਣੇ ਤਨ ਨੂੰ ਸਜ਼ਾ ਵੀ ਦਿੰਦੇ ਰਹੇ ਹਨ। ਸੂਰਦਾਸ ਨੇ ਆਪਣੀਆਂ ਅੱਖਾਂ ਕੱਢ ਦਿੱਤੀਆਂ। ਆਖਿਆ ਇਹਨਾਂ ਨੇ ਮੈਨੂੰ ਭਟਕਾਇਆ ਹੈ। ਇਸ ਤਰ੍ਹਾਂ ਦੇ ਫ਼ਕੀਰ ਵੀ ਹੋਏ ਹਨ, ਆਪਣੀ ਜ਼ਬਾਨ ਹੀ ਕੱਟ ਦਿੱਤੀ। ਇਹ ਬੜਾ ਝੂਠ ਬੋਲੀ ਹੈ, ਬੜਾ ਕੌੜਾ ਬੋਲੀ ਹੈ, ਇਸਨੇ ਮੇਰੀ ਜ਼ਿੰਦਗੀ ਵਿਚ ਫਿਕਿਆਈ ਭਰ ਦਿੱਤੀ ਹੈ। ਹਮੇਸ਼ਾਂ ਅਜਿਹਾ ਹੁੰਦਾ ਰਿਹਾ ਹੈ। ਗ਼ਲਤੀ ਮਨ ਦੀ ਹੈ, ਸਜ਼ਾ ਧਾਰਮਿਕ ਲੋਕ ਮਨ ਨੂੰ ਦਿੰਦੇ ਹਨ। ਸਮਾਜ ਤੇ ਕਾਨੂੰਨ ਵੀ ਅਜਿਹਾ ਕਰਦਾ ਹੈ। ਸਊਦੀ ਅਰਬ ਵਿਚ ਛੋਟੀਆਂ ਛੋਟੀਆਂ ਗ਼ਲਤੀਆਂ 'ਤੇ ਕੋੜੇ ਮਾਰੇ ਜਾਂਦੇ ਹਨ। ਚੋਰੀ ਕਰਨ 'ਤੇ ਬਾਂਹ ਕੱਟ ਦਿੱਤੀ ਜਾਂਦੀ ਹੈ। ਅੱਜ ਵੀ ਹੈ। ਚੋਰੀ ਦਾ ਖ਼ਿਆਲ ਤਾਂ ਮਨ ਦਾ ਹੈ ਤੇ ਮਨ ਨੇ ਹੀ ਹੱਥ ਨੂੰ ਹੁਕਮ ਦਿੱਤਾ ਹੈ ਕਿ ਇਹ ਚੀਜ਼ ਚੁੱਕ ਲੈ, ਪਰ ਸਜ਼ਾ

ਤਾਂ ਹੱਥ ਨੂੰ ਦਿੱਤੀ ਜਾ ਰਹੀ ਹੈ, ਜਿਸਨੇ ਹੁਕਮ ਮੰਨਿਆ ਹੈ। ਗ਼ਲਤੀ ਮਨ ਦੀ, ਸਜ਼ਾ ਤਨ ਨੂੰ ਮਿਲੀ ਹੈ।

ਜੇਲ੍ਹ ਦੇ ਅੰਦਰ ਕੋੜੇ ਮਾਰਨ ਨਾਲ, ਲੰਮੀਆਂ ਕੈਦਾਂ ਨਾਲ ਕੋਈ ਕੈਦੀ ਨਹੀਂ ਬਦਲਿਆ। ਉਲਟਾ ਹੋਰ ਪੱਕੇ ਮੁਲਜ਼ਿਮ ਹੋ ਜਾਂਦੇ ਹਨ। ਅੰਦਰ ਕੈਦੀ ਇਕ ਦੂਸਰੇ ਕੋਲੋਂ ਪੁੱਛਦੇ ਹਨ ਤੂੰ ਕਿੰਨੀ ਵਾਰੀ ਜੇਲ੍ਹ ਆਇਆ ਹੈਂ? ਕਹਿੰਦਾ ਹੈ ਮੈਂ ਪਹਿਲੀ ਵਾਰੀ ਆਇਆ ਹਾਂ। ਤਾਂ ਕਹਿੰਦੇ ਹਨ ਕਿ ਇਹ ਨਵਾਂ ਖਿਡਾਰੀ ਹੈ, ਇਕ ਪਾਸੇ ਕਰੋ ਇਸਨੂੰ। ਅਸੀਂ ਦੱਸਵੀਂ ਵਾਰੀ ਆ ਰਹੇ ਹਾਂ। ਉਹ ਉਸਤਾਦ ਬਣ ਜਾਂਦੇ ਹਨ। ਅਪਰਾਧ ਤਾਂ ਮਨ ਕਰਦਾ ਹੈ, ਪਰ ਸਜ਼ਾ ਤਨ ਨੂੰ ਦਿੱਤੀ ਜਾ ਰਹੀ ਹੈ। ਸਿੱਖ ਜਗਤ ਵਿਚ ਵੀ ਅਜਿਹਾ ਹੋ ਰਿਹਾ ਹੈ। ਕੋਈ ਗਿਆਨ-ਇੰਦਰਿਆਂ, ਕਰਮ-ਇੰਦਰਿਆਂ ਦੀ ਗ਼ਲਤੀ ਨਹੀਂ ਹੈ। ਮਨ ਨੂੰ ਸਜ਼ਾ ਨਾ ਕਾਨੂੰਨ ਦੇ ਸਕਦਾ ਹੈ, ਨਾ ਸਮਾਜ ਦੇ ਸਕਦਾ ਹੈ ਤੇ ਨਾ ਹੀ ਮਨੁੱਖ ਦੇ ਸਕਦਾ ਹੈ। ਹਾਂ, ਮਨ ਨੂੰ ਬਦਲ ਸਕਦਾ ਹੈ। ਰੂਪ ਦਾ ਚਿੰਤਨ ਕਰਦਿਆਂ ਮਨ ਭਟਕਿਆ ਸੀ, ਹੁਣ ਅਰੂਪ ਨੂੰ ਚਿੰਤਨ ਕਰੇ। ਪਦਾਰਥਾਂ ਨੂੰ ਵੇਖਕੇ ਲੋਭ ਪੈਦਾ ਹੋਇਆ ਸੀ, ਭਟਕਿਆ ਸੀ, ਹੁਣ ਪ੍ਰਮਾਤਮਾ ਦਾ ਸਿਮਰਨ ਕਰੇ। ਆਕਾਰ ਨੂੰ ਦੇਖਕੇ ਇਸਨੇ ਗ਼ਲਤੀਆਂ ਕੀਤੀਆਂ ਸਨ, ਹੁਣ ਨਿਰੰਕਾਰ ਦਾ ਚਿੰਤਨ ਕਰੇ। ਇਸਦੇ ਨਾਲ ਮਨ ਬਦਲ ਸਕਦਾ ਹੈ। ਕਰ ਕਰ ਕੇ ਥੱਕ ਗਏ ਹਨ ਅਜਿਹੇ ਤਾਂ ਮੈਂ ਸਿੱਖ ਜਗਤ ਵਿਚ ਬਥੇਰਿਆਂ ਨੂੰ ਜਾਣਦਾ ਹਾਂ। ਅਜਿਹੇ ਮੈਂ ਇਸਲਾਮੀ ਜਗਤ ਤੇ ਹਿੰਦੂ ਜਗਤ ਵਿਚ ਵੀ ਬਹੁਤ ਦੇਖੇ ਹਨ। ਕਰ ਕਰ ਕੇ ਥੱਕੇ ਨਹੀਂ, ਵਿਚਾਰੇ ਟੁੱਟ ਗਏ ਹਨ। ਹੁਣ ਨਹੀਂ ਪਾਠ ਕਰਦੇ, ਹੁਣ ਨਹੀਂ ਕਥਾ ਕੀਰਤਨ ਸੁਣਦੇ, ਹੁਣ ਨਹੀਂ ਗੁਰਦੁਆਰੇ ਆਉਂਦੇ।

ਇਸਦੇ ਉੱਤੇ ਕਬੀਰ ਨੇ ਇਕ ਬੜੀ ਪ੍ਰਬਲ ਦਲੀਲ ਦਿੱਤੀ ਹੈ-

ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ॥
ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ॥

(ਅੰਗ ੧੩੭੧)

ਅੰਬਾਂ ਦਾ ਬਗ਼ੀਚਾ ਸੀ। ਬੜੇ ਦਰੱਖਤ ਹਰੇ ਭਰੇ ਤੇ ਬੂਰ ਆਏ, ਫੁੱਲ ਆਏ। ਬਾਗ਼ਬਾਨ ਮਾਲੀ ਬੜਾ ਖ਼ੁਸ਼, ਇੰਨੇ ਫੁੱਲ ਲੱਗੇ ਹਨ। ਐਤਕੀਂ ਅੰਬਾਂ ਦੀ ਫ਼ਸਲ ਨਾਲ ਮਾਲਾ ਮਾਲ ਹੋ ਜਾਵਾਂਗੇ। ਇਕ ਦਿਨ ਅਜਿਹਾ ਹੋਇਆ ਕਿ ਜ਼ੋਰ ਦਾ ਝੱਖੜ ਆਇਆ, ਬੜੀ ਜ਼ੋਰ ਦੀ ਹਵਾ ਚੱਲੀ। ਅੱਧੇ ਤੋਂ ਵੀ ਜ਼ਿਆਦਾ ਬੂਰ ਝੜ ਗਏ। ਪਰ ਫਿਰ ਵੀ ਬੂਰ ਲੱਗੀ ਹੋਈ ਹੈ। ਫਿਰ ਵੀ ਫੁੱਲ ਲੱਗੇ ਹੋਏ ਹਨ। ਮਾਲੀ ਕਹਿੰਦਾ ਹੈ, ਕੋਈ ਨਹੀਂ ਫਿਰ ਵੀ ਕਾਫ਼ੀ ਹੈ। ਜੇ ਇਹ ਵੀ ਕਿਤੇ ਫਲੀਭੂਤ ਹੋ ਗਏ, ਆਪਾਂ ਮਾਲਾ ਮਾਲ ਹੋ ਜਾਵਾਂਗੇ। ਰੱਬ ਦੀ ਨੇਤ ਜ਼ੋਰ ਦਾ ਮੀਂਹ ਪਿਆ ਤੇ ਗੜ੍ਹੇ ਵੀ ਨਾਲ ਪੈ ਗਏ। ਝੱੜ ਗਈ ਬਹੁਤ ਸਾਰੀ ਬੂਰ। ਉਦਾਸ ਤਾਂ ਹੋਇਆ ਹੈ ਬਾਗ਼ਬਾਨ।

ਗੁਰੂ ਉਦਾਸ ਤਾਂ ਹੋ ਜਾਂਦਾ ਹੈ ਕਿ ਬੜੀ ਮਿਹਨਤ ਕੀਤੀ, ਕਿੰਨਾ ਸੰਘਰਸ਼ ਕੀਤਾ,

ਨਉ-ਖੰਡ ਪ੍ਰਿਥਵੀ ਦਾ ਭਰਮਨ, ਫਿਰ ਕਿਤੇ ਤੱਤੀ ਤਵੀ 'ਤੇ, ਕਿਤੇ ਕੋਈ ਕੁਰਾਹੀਆ ਕਹਿੰਦਾ ਹੈ, ਕਿਤੇ ਗਵਾਲੀਅਰ ਦੀ ਕੈਦ ਤੇ ਕਿਤੇ ਕੋਈ ਕੋਈ ਭੂਤਨਾ ਬੇਤਾਲਾ ਕਹਿੰਦਾ ਹੈ, ਕਿਤੇ ਦਰ ਦਰ ਦੀਆਂ ਠੋਕਰਾਂ ਤੇ ਕਿਤੇ ਬੱਚੇ ਕੰਧਾਂ ਵਿਚ। ਮਿਹਨਤ ਤਾਂ ਬੜੀ ਕੀਤੀ ਕਿ ਕੋਈ ਮਨੁੱਖ ਦੀ ਜ਼ਿੰਦਗੀ ਵਿਚ ਰੱਸ ਪੈਦਾ ਹੋਵੇ। ਰੱਸ ਹੀ ਪ੍ਰਮਾਤਮਾ ਹੈ, ਬੇਰੱਸੀ ਹੀ ਸੰਸਾਰ ਹੈ। ਕੀਰਤਨ ਸੁਣ ਕੇ ਰੱਸ ਤਾਂ ਆਪਣੇ ਵਿਚੋਂ ਪੈਦਾ ਹੋਵੇਗਾ, ਬਾਹਰੋਂ ਨਹੀਂ ਆਵੇਗਾ। ਬੜੇ ਬੜੇ ਅਵਤਾਰੀ ਪੁਰਸ਼ ਦੁੱਖੀ ਤਾਂ ਹੋ ਜਾਂਦੇ ਹਨ।

ਸੰਤਨ ਦੁਖ ਪਾਏ ਤੇ ਦੁਖੀ॥ ਸੁਖ ਪਾਏ ਸਾਧਨ ਕੇ ਸੁਖੀ॥

(ਚੌਪਈ ਸਾਹਿਬ)

ਇੰਨੇ ਗੜ੍ਹੇ ਪੈ ਗਏ, ਇੰਨੇ ਮੀਂਹ ਪੈ ਗਏ, ਝੱੜ ਗਏ। ਦੁੱਖੀ ਤਾਂ ਹੋਇਆ ਬਾਗ਼ਬਾਨ ਪਰ ਫਿਰ ਵੀ ਕੁਝ ਬਚੀ ਹੈ ਤੇ ਸਹਿਜੇ ਸਹਿਜੇ ਹੁਬ ਅੰਬੀਆਂ 'ਤੇ ਆਈ ਹੈ। ਉਹਨਾਂ ਵਿਚੋਂ ਅੰਬੀਆਂ ਨਿਕਲਣ ਲੱਗੀਆਂ। ਖ਼ੁਸ਼ ਹੈ ਬਾਗ਼ਬਾਨ, ਕੋਈ ਨਹੀਂ ਇਸਦੇ ਨਾਲ ਵੀ ਸਾਡੇ ਘਾਟੇ ਦੀ ਪੂਰਤੀ ਹੋ ਜਾਏਗੀ। ਚੱਲ ਜਾਏਗਾ ਗੁਜ਼ਾਰਾ। ਅੰਬੀਆਂ ਪੱਕਣ 'ਤੇ ਆਈਆਂ ਹਨ। ਇੰਨੇ ਗਾਲ੍ਹੜ ਆਏ, ਇੰਨੇ ਤੋਤੇ ਆਏ, ਇੰਨੇ ਕਾਂ ਆਏ, ਟੁੱਕ ਕੇ ਰੱਖ ਦਿੱਤਾ। ਹੁਣ ਜੁੜੀਆਂ ਹੋਈਆਂ ਤਾਂ ਹਨ ਇਹ ਅੰਬੀਆਂ ਦਰੱਖ਼ਤ ਨਾਲ ਪਰ ਟੁੱਕੀਆਂ ਹੋਈਆਂ ਹਨ, ਦਾਗ਼ੀ ਹਨ।

ਮੈਂ ਅਰਜ਼ ਕਰਾਂ, ਕਿਸੇ ਦੀ ਜ਼ਿੰਦਗੀ ਵਿਚ ਦੁੱਖਾਂ ਦੇ ਤੂਫ਼ਾਨ ਚੱਲ ਪੈਂਦੇ ਹਨ ਆਰਥਿਕ ਜਾਂ ਪਰਿਵਾਰਿਕ। ਬਹੁਤਿਆਂ ਦੀ ਜ਼ਿੰਦਗੀ ਇਸ ਨਾਲ ਝੜ ਜਾਂਦੀ ਹੈ।

ਝੜ ਝੜ ਪਵਦੇ ਕਚੇ ਬਿਰਹੀ

(ਅੰਗ ੧੪੨੫)

ਕੁਝ ਅਜਿਹੇ ਹੁੰਦੇ ਹਨ ਜਿਨ੍ਹਾਂ ਦੀ ਜ਼ਿੰਦਗੀ ਵਿਚ ਕੋਈ ਬਹੁਤ ਵੱਡਾ ਹਾਦਸਾ ਹੋ ਜਾਂਦਾ ਹੈ, ਕੋਈ ਅਸਾਧ ਰੋਗ ਹੋ ਜਾਂਦਾ ਹੈ। ਅਜਿਹਾ ਸਰੀਰਕ ਰੋਗ, ਜਿਸਦਾ ਕੋਈ ਇਲਾਜ ਨਹੀਂ। ਗੁਰੂ ਅਰਜਨ ਦੇਵ ਜੀ ਇਸਦਾ ਜ਼ਿਕਰ ਵੀ ਕਰਦੇ ਹਨ-

ਅਸਾਧ ਰੋਗੁ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ॥

(ਅੰਗ ੧੦੦੧)

ਕੋਈ ਦਵਾਈਆਂ ਉਸਦਾ ਇਲਾਜ ਨਹੀਂ ਕਰ ਸਕਦੀਆਂ। ਅਜਿਹਾ ਰੋਗ ਕਿ ਪੀੜਾ ਤਾਂ ਵੱਧਦੀ ਜਾ ਰਹੀ ਹੈ, ਇਲਾਜ ਕੋਈ ਵੀ ਨਹੀਂ। ਵੇਦਨਾ ਤਾਂ ਵੱਧਦੀ ਜਾ ਰਹੀ ਹੈ, ਹਕੀਮ, ਵੈਦ, ਡਾਕਟਰ ਕੋਈ ਨਹੀਂ। ਅਜਿਹਾ ਰੋਗ ਜੋ ਜਾਂਦਾ ਹੀ ਨਹੀਂ। ਮਨੁੱਖੀ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਪ੍ਰਮਾਤਮਾ ਤੋਂ ਵੀ ਨਿਰਾਸ਼ ਹੋ ਜਾਂਦਾ ਹੈ, ਟੁੱਟ ਜਾਂਦਾ ਹੈ। ਪਤਾ ਨਹੀਂ ਮੈਂ ਕਿੰਨੇ ਦੇਖੇ ਇਸ ਤਰ੍ਹਾਂ ਦੇ। ਅਜਿਹੀ ਜ਼ੋਰ ਦੀ ਬਾਰਿਸ਼ ਪੈ ਗਈ। ਉਹ ਜਿਹੜੀ ਬੂਰ ਅੰਬੀਆਂ ਬਣਨ ਵਾਲੀ ਸੀ, ਟੁੱਟ ਗਈ। ਖ਼ੁਸ਼ਕਿਸਮਤੀ ਅਨੁਸਾਰ ਹਾਦਸਿਆਂ ਨੇ ਤਾਂ ਇਹਨਾਂ ਨੂੰ ਨਹੀਂ

ਤੋੜਿਆ, ਤੂਫਾਨਾਂ ਤੋਂ ਤਾਂ ਬੱਚ ਗਏ, ਨੁਕਸਾਨ ਆਇਆ ਸ਼ੁਕਰਾਨੇ ਵਿਚ ਰਹਿ ਗਏ। ਕੋਈ ਅਜ਼ੀਜ਼ ਸੰਬੰਧੀ ਜੋ ਪ੍ਰਾਣਾਂ ਤੋਂ ਪਿਆਰਾ ਸੀ, ਨਹੀਂ ਰਿਹਾ, ਸਮਝਾ ਲਿਆ ਆਪਣੇ ਮਨ ਨੂੰ। ਸਮਾਜ ਵਿਚ ਕੋਈ ਰੁਤਬਾ ਘੱਟ ਗਿਆ, ਬਹੁਤ ਵੱਡੀ ਬੇਪਤੀ ਹੋ ਗਈ, ਸਮਝਾ ਲਿਆ।

ਕਵੀ ਤੁਲਸੀ ਦਾਸ ਕਹਿੰਦੇ ਹਨ- *ਜਸ ਅਪਜਸ ਬਿਧੀ ਹਾਥ।* ਜੱਸ ਅਪਜੱਸ ਪ੍ਰਭੂ ਦੇ ਹੱਥ ਵਿਚ ਹੈ। ਅਜਿਹਾ ਅਪਜੱਸ ਹੋ ਗਿਆ, ਟੁੱਟ ਗਿਆ। ਇਹਨਾਂ ਸਾਰੇ ਹਾਦਸਿਆਂ ਤੋਂ ਕੋਈ ਬੱਚ ਗਿਆ ਤਾਂ ਪੱਕਣ ਲੱਗਾ ਹੈ, ਰੱਸ ਆਉਣ ਲੱਗ ਪਿਆ। ਬਾਣੀ ਪੜ੍ਹਦਾ ਹੈ, ਰੱਸ ਆਉਣ ਲੱਗ ਪਿਆ। ਕੀਰਤਨ ਸੁਣਦਾ ਹੈ, ਰੱਸ ਆਉਣ ਲੱਗ ਪਿਆ। ਕਥਾ ਕਰਦਾ ਹੈ, ਰੱਸ ਆਉਣ ਲੱਗ ਪਿਆ, ਸੰਗਤ ਵਿਚ ਬੈਠਦਾ ਹੈ, ਰੱਸ ਆਉਣ ਲੱਗ ਪਿਆ ਹੈ। ਗੁਰਦੁਆਰੇ ਦੀ ਤਰਫ਼ ਚੱਲਦਾ ਹੈ? ਰੱਸ ਆਉਣ ਲੱਗ ਪਿਆ ਹੈ। ਤੋਰ ਵੀ ਨਿਰਾਲੀ ਹੋ ਜਾਂਦੀ ਹੈ। ਅਧਿਆਤਮਕ ਹੋ ਜਾਂਦੀ ਹੈ।

ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ॥

(ਅੰਗ ੯੬੪)

ਚੱਲਦੇ ਹਨ ਪੈਰ ਗੁਰੂ ਦੇ ਵੱਲ, ਰੱਸ ਆਉਂਦਾ ਹੈ। ਝੁੱਕਦਾ ਹੈ ਸਿਰ ਗੁਰੂ ਦੇ ਅੱਗੇ, ਰੱਸ ਆਉਂਦਾ ਹੈ। ਸੁਣਦਾ ਹੈ ਕਥਾ, ਰੱਸ ਆਉਂਦਾ ਹੈ। ਪੱਕਣ ਲੱਗ ਪਿਆ ਹੈ। ਕੱਚੇ ਫੱਲਾਂ ਵਿਚ ਰੱਸ ਨਹੀਂ ਆਉਂਦਾ, ਪੱਕਿਆਂ ਵਿਚ ਆਉਂਦਾ ਹੈ। ਪੱਕਣ ਲੱਗਾ ਪਰ ਪੂਰਾ ਪੱਕਿਆ ਨਹੀਂ, ਕਿਤੇ ਕੁਸੰਗਤ ਮਿਲ ਗਈ ਹੈ। ਹੈ ਤਾਂ ਕੁਸੰਗਤ ਸੀ, ਪਰ ਉਸ ਨੂੰ ਸਤਿਸੰਗ ਸਮਝ ਲਿਆ। ਜਿਵੇਂ ਅੱਜ ਮੈਂ ਸਿੱਖ ਜਗਤ ਵਿਚ ਇਸ ਤਰ੍ਹਾਂ ਦੇ ਬਹੁਤ ਦੇਖੇ ਜਿਹੜੇ ਕਹਿੰਦੇ ਹਨ ਕਿ ਕੋਈ ਜੱਪ ਤੱਪ ਦੀ ਲੋੜ ਨਹੀਂ, ਕੋਈ ਬਾਣੀ ਪੜ੍ਹਨ ਦੀ ਲੋੜ ਨਹੀਂ ਤਾਂ ਸਿਰਫ਼ ਵਿਚਾਰ ਕਿਵੇਂ ਪੈਦਾ ਹੋਣਗੇ? ਕਿਵੇਂ ਪ੍ਰਮਾਤਮਾ ਦੇ ਵਿਚਾਰ ਪੈਦਾ ਹੋਣਗੇ? ਬਿਨਾਂ ਪ੍ਰੇਰਨਾ ਤੋਂ, ਬਿਨਾਂ ਸਤਿਸੰਗ ਤੋਂ। ਜੇਕਰ ਕਿਸੇ ਮਨੁੱਖ ਨੂੰ ਕੁਸੰਗਤ ਮਿਲ ਜਾਵੇ ਜੋ ਥੋੜਾ ਜਿਹਾ ਤਾਰਕਿਕ ਹੋਵੇ, ਜੋ ਬੁੱਧੀ ਦੀ ਪ੍ਰਧਾਨਤਾ ਮੰਨਦਾ ਹੋਵੇ। ਜਦੋਂ ਕਿ ਦਿਮਾਗ਼ ਦਾ ਇੰਨਾ ਹੀ ਕੰਮ ਹੈ ਦਰਵਾਜ਼ੇ ਤੱਕ ਪਹੁੰਚਾਉਣਾ, ਘਰ ਤੱਕ ਨਹੀਂ ਪਹੁੰਚਾ ਸਕਦੀ।

ਅਕਲ ਇਕ ਆਖ਼ਰੀ ਸਰਹੱਦ ਹੈ। ਲੰਘ ਗਏ ਪਰਿਵਾਰ ਦੇ ਝਮੇਲਿਆਂ ਤੋਂ, ਲੰਘ ਗਏ ਸੰਸਾਰ ਦੀਆਂ ਔਕੜਾਂ ਤੋਂ, ਲੰਘ ਗਏ ਸਮਾਜ ਦੀਆਂ ਕੁਰੀਤੀਆਂ ਤੋਂ, ਲੰਘ ਗਏ ਨਫ਼ੇ ਨੁਕਸਾਨ ਤੋਂ, ਇੱਜ਼ਤ ਬੇਇਜ਼ਤੀ ਤੋਂ। ਅਖ਼ੀਰ ਵਿਚ ਹੁਣ ਆਪਣੇ ਵਿਚਾਰਾਂ ਤੋਂ ਲੰਘੀਏ, ਆਪਣੀ ਸਮਝ ਤੋਂ ਲੰਘੀਏ। ਆਪਣੀ ਸਮਝ ਨਹੀਂ ਪਹੁੰਚਾਏਗੀ ਪ੍ਰਮਾਤਮਾ ਤੱਕ। ਆਪਣੀ ਸਮਝ ਹੁਣ ਇਹ ਆਖ਼ਰੀ ਸਰਹੱਦ ਹੈ, ਇਸਨੂੰ ਵੀ ਟੱਪ। ਠੀਕ ਹੈ ਤੂੰ ਟੱਪ ਗਿਆ ਹੈਂ ਪਰਿਵਾਰ ਦੇ ਝਮੇਲਿਆਂ ਤੋਂ, ਉਸਦੇ ਵਿਚ ਨਹੀਂ ਪੈਂਦਾ ਤੂੰ। ਹੁਣ ਕੋਈ ਪਰਿਵਾਰਿਕ ਗੱਲਾਂ ਤੇਰੇ ਪਾਠ ਪੂਜਾ ਵਿਚ ਫ਼ਰਕ ਨਹੀਂ ਪਾਉਂਦੀਆਂ। ਹੁਣ ਸੰਸਾਰਿਕ ਔਕੜਾਂ ਤੇਰੇ ਅੰਮ੍ਰਿਤ ਵੇਲੇ ਉੱਠਣ 'ਤੇ ਕੋਈ ਔਕੜਾਂ ਨਹੀਂ ਪਾਉਂਦੀਆਂ। ਹੁਣ ਸੰਸਾਰ ਦੇ ਝਮੇਲੇ ਤੇਰੇ ਜੱਪ ਤੱਪ ਵਿਚ ਫ਼ਰਕ

ਨਹੀਂ ਪਾਉਂਦੇ। ਇਹਨਾਂ ਤੋਂ ਤਾਂ ਤੂੰ ਲੰਘ ਆਇਆ ਹੈਂ, ਹੁਣ ਆਪਣੀ ਅਕਲ ਤੋਂ ਵੀ ਲੰਘ।

ਕਹਿੰਦੇ ਹਨ ਕਿ ਸ਼ਾਇਦ ਸੰਸਾਰ, ਪਰਿਵਾਰ ਤੇ ਹੋਰ ਸਾਰੀ ਵਿਵਸਥਾ ਨਾਲ ਵੀ ਮਨੁੱਖ ਨੂੰ ਇੰਨਾ ਮੋਹ ਨਾ ਹੋਵੇ, ਜਿੰਨਾ ਆਪਣੀ ਸੋਚਣੀ ਨਾਲ ਹੁੰਦਾ ਹੈ। ਜੇ ਆਪਣੀ ਸੋਚਣੀ ਨਾਲ ਮੋਹ ਹੈ ਤਾਂ ਫਿਰ ਆਪਣੀ ਸੋਚਣੀ 'ਤੇ ਮਾਣ ਹੈ। ਫਿਰ ਗੁਰੂ ਦੇ ਸਾਹਮਣੇ ਵੀ ਕਹਿ ਸਕਦਾ ਹੈ ਮੈਂ ਸਹੀ ਹਾਂ। ਗੁਰੂ ਦੇ ਸਾਹਮਣੇ ਤਾਂ ਕਹਿਣਾ ਹੁੰਦਾ ਹੈ, ਹੇ ਗੁਰੂ! ਅਜੇ ਤੱਕ ਜੇ ਅਧਿਆਤਮਕ ਰੱਸ ਮੈਨੂੰ ਨਹੀਂ ਪ੍ਰਾਪਤ ਹੋਇਆ ਤਾਂ ਮੈਂ ਗ਼ਲਤ ਹਾਂ। ਛੱਬੀ ਸਾਲ ਦੀ ਲੰਮੀ ਚੌੜੀ ਤਪੱਸਿਆ ਤੋਂ ਬਾਅਦ ਵੀ ਬਾਬਾ ਫਰੀਦ ਕਹਿੰਦੇ ਹਨ-

ਮੁਝੁ ਅਵਗਨ ਸਹ ਨਾਹੀ ਦੋਸੁ॥

(ਅੰਗ ੭੯੪)

ਹੇ ਖ਼ੁਦਾ! ਤੇਰਾ ਮਿਲਣਾ ਨਹੀਂ ਹੋਇਆ ਤਾਂ ਫਿਰ ਮੈਂ ਹੀ ਗ਼ਲਤ ਹਾਂ, ਤੂੰ ਠੀਕ ਹੈਂ। ਆਪਣੀ ਅਕਲ 'ਤੇ ਰੁੱਕ ਗਿਆ ਅਤੇ ਇਹ ਰੋਕਦੀ ਹੈ। ਕਈ ਸੰਘਰਸ਼ਸ਼ੀਲ ਮਨੁੱਖ ਹੁੰਦੇ ਹਨ, ਉਨ੍ਹਾਂ ਨੂੰ ਸਮਾਜ ਦੀਆਂ ਔਕੜਾਂ ਨਹੀਂ ਰੋਕਦੀਆਂ। ਪਰ ਆਪਣੀ ਸੋਚਣੀ ਦੇ ਸਾਹਮਣੇ ਤਾਂ ਹਰ ਬੰਦਾ ਕਮਜ਼ੋਰ ਹੈ, ਮੈਂ ਠੀਕ ਹਾਂ। ਤੂੰ ਠੀਕ ਹੈਂ ਤਾਂ ਫਿਰ ਆਤਮਿਕ ਰੱਸ ਕਿਉਂ ਨਹੀਂ? ਤੂੰ ਠੀਕ ਹੈਂ ਤਾਂ ਪਰਮ ਪ੍ਰਕਾਸ਼ ਕਿਉਂ ਨਹੀਂ ਹੈ? ਤੂੰ ਠੀਕ ਹੈਂ ਤਾਂ ਫਿਰ ਸਮਾਧੀ ਕਿਉਂ ਨਹੀਂ ਹੈ? ਤੂੰ ਠੀਕ ਹੈਂ ਤਾਂ ਤੇਰਾ ਹਿਰਦਾ ਨਿਰਵੈਰ, ਨਿਰਮਲ ਕਿਉਂ ਨਹੀਂ ਹੈ? ਤੂੰ ਠੀਕ ਹੈਂ ਤਾਂ ਤੇਰੇ ਕੋਲ ਦੈਵੀ ਗੁਣਾ ਦੀ ਦਾਤ ਕਿਉਂ ਨਹੀਂ ਹੈਂ? ਤੂੰ ਗ਼ਲਤ ਹੈਂ। ਸਮਾਜ ਨੂੰ ਗ਼ਲਤ ਕਹਿ ਦੇਣਾ, ਪਰਿਵਾਰ ਨੂੰ ਗ਼ਲਤ ਕਹਿ ਦੇਣਾ, ਸੰਸਾਰ ਨੂੰ ਗ਼ਲਤ ਕਹਿ ਦੇਣਾ, ਸਾਰੀ ਦੁਨੀਆਂ ਕਹਿ ਰਹੀ ਹੈ। ਆਪਣੇ ਆਪ ਨੂੰ ਗ਼ਲਤ ਕਹਿ ਦੇਣਾ, ਕਦੀ ਕਦਾਈਂ ਕੋਈ ਆਤਮਦਰਸ਼ੀ ਭਗਤ ਕਹਿੰਦਾ ਹੈ। ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਦਾ ਇਕ ਕਬਿਤ ਗੁਰਦੁਆਰੇ ਵਿਚ ਮੈਂ ਸੁਣਾ ਰਿਹਾ ਸੀ ਕਿ ਦੋ ਬ੍ਰਾਹਮਣ ਮੈਨੂੰ ਰੋਂਦੇ ਹੋਏ ਮਿਲੇ। ਕਹਿੰਦੇ ਹਨ ਕਿ ਕਿਸ ਦਾ ਪਦਾ ਹੈ? ਸਾਨੂੰ ਲਿਖਾ ਦਿਉ। ਇਹ ਗੁਰਦਾਸ ਜੀ ਕੌਣ ਹਨ? ਮੈਂ ਕਿਹਾ ਇਹ ਗੁਰੂ ਘਰ ਦੇ ਵੇਦ ਵਿਆਸ ਹਨ। ਕਹਿਣ ਲੱਗੇ ਕਿ ਵੇਦ ਵਿਆਸ ਹਨ, ਪਰ ਕਹਿੰਦੇ ਕੀ ਪਏ ਹਨ ਆਪਣੇ ਆਪ ਨੂੰ। ਮੈਂ ਪੁੱਛਿਆ, ਠੀਕ ਨਹੀਂ ਕਹਿ ਰਹੇ? ਕਹਿਣ ਲੱਗੇ ਕਿ ਇੰਨਾ ਠੀਕ ਕਹਿ ਰਹੇ ਹਨ ਕਿ ਸਾਨੂੰ ਆਪਣੀਆਂ ਗ਼ਲਤੀਆਂ ਦਿਖਾਈ ਦਿੱਤੀਆਂ।

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਇਸ ਤਰ੍ਹਾਂ ਦਾ ਸੁਹੱਪਣ ਤਾਂ ਮੇਰੇ ਕੋਲ ਨਹੀਂ ਹੈ। ਕਿਸ ਰੂਪ ਨੂੰ ਅੱਗੇ ਕਰਕੇ ਮੈਂ ਤੈਨੂੰ ਰੀਝਾਵਾਂ। ਮੇਰੀ ਜਾਤ ਵੀ ਉੱਚੀ ਨਹੀਂ ਹੈ। ਇਕ ਵੀ ਗੁਣ ਨਹੀਂ, ਗੁਣਾ ਤੋਂ ਹੀਣ ਹਾਂ। ਗਿਆਨ ਤੋਂ ਵੀ ਹੀਣ ਹਾਂ। ਇਹ ਕਿਤੇ ਅਤਿਕਥਨੀ ਨਾ ਸਮਝ ਲੈਣਾ। ਹਰ ਉਹ ਅਭਿਆਸੀ, ਹਰ ਉਹ ਜਪੀਸ਼ਵਰ, ਹਰ ਉਹ ਤਪੀਸ਼ਵਰ ਮਹਿਸੂਸ ਕਰਦਾ ਹੈ ਕਿ ਜੇਕਰ ਅੱਜ ਤੱਕ ਰੱਸ ਨਹੀਂ ਬਣਿਆ ਤਾਂ ਮੈਂ ਗ਼ਲਤ ਹਾਂ। ਅਜੇ ਤੱਕ ਸਮਾਧੀ ਲੀਨ ਨਹੀਂ ਹੋਇਆ। ਕੋਈ ਕਥਾ ਕੀਰਤਨ, ਗੁਰਬਾਣੀ, ਗੁਰਦੁਆਰੇ ਦਾ ਦੋਸ਼

ਨਹੀਂ, ਤੂੰ ਦੋਸ਼ੀ ਹੈਂ। ਤੂੰ ਆਪਣੀ ਸੋਚਣੀ ਤੋਂ ਅੱਗੇ ਨਹੀਂ ਜਾ ਰਿਹਾ। ਤੇਰੀ ਸੋਚਣੀ ਰੋਕੀ ਜਾ ਰਹੀ ਹੈ। ਹੇ ਗੁਰੂ! ਮੇਰੇ ਅਜਿਹੇ ਭਾਗ ਵੀ ਕੋਈ ਨਹੀਂ, ਭਾਗਾਂ ਤੋਂ ਵੀ ਹੀਣਾ, ਤੱਪ ਤੋਂ ਵੀ ਹੀਣਾ, ਕੁਲ ਤੋਂ ਵੀ ਹੀਣਾ, ਗੁਣਾ ਤੋਂ ਵੀ ਹੀਣਾ, ਗਿਆਨ ਤੋਂ ਵੀ ਹੀਣਾ। ਦੂਸਰੀ ਪੰਗਤੀ ਵਿਚ ਭਾਈ ਸਾਹਿਬ ਕਹਿੰਦੇ ਹਨ ਕਿ ਤੈਨੂੰ ਦੇਖ ਸਕਾਂ, ਅੱਖਾਂ ਵੀ ਕੋਈ ਨਹੀਂ। ਤੈਨੂੰ ਸੁਣ ਸਕਾਂ, ਮੇਰੇ ਕੋਲ ਕੰਨ ਵੀ ਕੋਈ ਨਹੀਂ। ਮੈਂ ਆਪਣੇ ਬੋਲ ਤੇਰੇ ਕੰਨਾਂ ਤੱਕ ਪਹੁੰਚਾ ਸਕਾਂ, ਮੇਰੇ ਕੋਲ ਜ਼ਬਾਨ ਵੀ ਕੋਈ ਨਹੀਂ। ਹੱਥ ਵੀ ਕੋਈ ਨਹੀਂ, ਪੈਰ ਵੀ ਕੋਈ ਨਹੀਂ, ਟੁੰਡਾ ਵੀ ਹਾਂ, ਲੰਗੜਾ ਵੀ ਹਾਂ। ਕੁਝ ਸਮਝ ਸਕਾਂ ਅਸਲੀਅਤ ਨੂੰ, ਮੇਰੇ ਕੋਲ ਬੁੱਧ ਬੱਲ ਵੀ ਕੋਈ ਨਹੀਂ। ਪ੍ਰੀਤ ਵੀ ਕੋਈ ਨਹੀਂ, ਮਰਿਆਦਾ ਵੀ ਕੋਈ ਨਹੀਂ, ਰੀਤ ਵੀ ਕੋਈ ਨਹੀਂ, ਜੀਊਣ ਦਾ ਢੰਗ ਵੀ ਕੋਈ ਨਹੀਂ, ਭਾਵਨਾ ਵੀ ਕੋਈ ਨਹੀਂ, ਸ਼ਰਧਾ ਵੀ ਕੋਈ ਨਹੀਂ। ਚਿੱਤ ਚੇਤੇ ਕਰ ਸਕੇ, ਇਸ ਤਰ੍ਹਾਂ ਦੀ ਚੇਤੇ ਸ਼ਕਤੀ ਵੀ ਕੋਈ ਨਹੀਂ। ਕਮਾਲ ਦੀ ਗੱਲ ਜੋ ਮਹਾਨ ਗਿਆਨੀ ਹੈ ਉਹ ਕਹਿੰਦਾ ਹੈ, ਮੈਂ ਗਿਆਨ ਤੋਂ ਹੀਣ ਹਾਂ। ਜੋ ਗੁਣਾ ਦਾ ਸਾਗਰ ਹੈ, ਕਹਿੰਦਾ ਹੈ, ਮੇਰੇ ਕੋਲ ਕੋਈ ਗੁਣ ਨਹੀਂ। ਅਜਿਹਾ ਨਹੀਂ। ਪਰਿਵਾਰਿਕ ਔਕੜਾਂ, ਸੰਸਾਰਿਕ ਔਕੜਾਂ, ਆਰਥਿਕ ਔਕੜਾਂ ਤੋਂ ਲੰਘ ਕੇ ਆਇਆ ਹੈ ਜੱਪ ਤੱਪ ਕਰਕੇ, ਹੈ ਉਸ ਕੋਲ ਬਹੁਤ ਕੁਝ, ਕੁਝ ਗੁਣ ਹਨ, ਪਰ ਰੱਸ ਨਹੀਂ ਹੈ। ਰੱਸ ਨਾ ਹੋਣ ਕਰਕੇ ਉਸਨੂੰ ਸਾਰੇ ਗੁਣ ਔਗੁਣ ਦਿਖਾਈ ਦਿੰਦੇ ਹਨ। ਹੇ ਪ੍ਰਭੂ! ਤੇਰੀ ਚਰਨ ਸ਼ਰਨ ਕਿਸ ਤਰ੍ਹਾਂ ਪ੍ਰਾਪਤ ਹੋਵੇ? ਸਾਰੇ ਅੰਗ ਤਾਂ ਮੇਰੇ ਭੰਗ ਹਨ। ਇਕ ਅੰਗ ਥੋੜੀ ਭੰਗ ਹੈ। ਕਹਿੰਦੇ ਹਨ ਰਜਨੀ ਲਿਆਈ ਸੀ ਪਿੰਗਲੇ ਨੂੰ। ਪਿੰਗਲਾ ਸੀ ਪਰ ਹੱਥ ਤਾਂ ਸਨ, ਅੱਖਾਂ ਤਾਂ ਸਨ, ਕੰਨ ਤਾਂ ਸਨ, ਜ਼ਬ'ਨ ਨਾਲ ਬੋਲ ਤਾਂ ਸਕਦਾ ਸੀ। ਸਾਹਿਬ ਕਹਿੰਦੇ ਹਨ ਕਿ ਬੁੱਧ ਬੱਲ ਵੀ ਕੋਈ ਨਹੀਂ, ਰਹੁਰੀਤੀ ਵੀ ਮੈਂ ਨਹੀਂ ਜਾਣਦਾ, ਕੋਈ ਗੁਣ ਨਹੀਂ ਹੈ। ਇਹ ਅਵਸਥਾ ਕਿਸਦੀ ਬਣਦੀ ਹੈ? ਜੋ ਦੇਖਦਾ ਹੈ ਆਖ਼ਰੀ ਹੱਦ ਅਕਲ ਦੀ। ਕਹਿੰਦਾ ਹੈ, ਹੇ ਅਕਲ! ਹੇ ਸਮਝ! ਤੂੰ ਸਮਾਜ ਦੀਆਂ ਔਕੜਾਂ ਤੋਂ ਮੈਨੂੰ ਬਚਾਇਆ ਹੈ। ਤੂੰ ਆਰਥਿਕ ਔਕੜਾਂ ਦੇ ਹੁੰਦਿਆਂ ਮੈਨੂੰ ਡਿੱਗਣ ਨਹੀਂ ਦਿੱਤਾ। ਪਰ ਰੱਬੀ ਰੱਸ ਤਾਂ ਕੋਈ ਨਹੀਂ, ਅਧਿਆਤਮਕ ਰੱਸ ਤਾਂ ਕੋਈ ਨਹੀਂ। ਉਸ ਪਰਮ ਸਰੂਪ ਦੀ ਝਲਕ ਤਾਂ ਕੋਈ ਨਹੀਂ।

ਦੁਨੀਆਂ ਦੇ ਅਵਤਾਰੀ ਪੁਰਸ਼ ਕੀ ਕਹਿੰਦੇ ਹਨ? ਜਿਸ ਅਕਲ ਨੂੰ ਨਾਲ ਲੈ ਕੇ ਇਥੇ ਤੱਕ ਪਹੁੰਚਿਆ ਹੈਂ। ਜੇਕਰ ਸਾਰਿਆਂ ਨੂੰ ਛੱਡ ਕੇ ਆਇਆ ਹੈਂ ਤਾਂ ਹੁਣ ਇਸ ਅਕਲ ਨੂੰ ਵੀ ਛੱਡ। ਇਸਨੂੰ ਇਕ ਮਹਾਨ ਆਲਮ, ਇਕ ਮਹਾਨ ਸ਼ਾਇਰ ਇਕਬਾਲ ਕਹਿੰਦਾ ਹੈ -

ਤੇਰੇ ਸੀਨੇ ਮੇਂ ਦਮ ਹੈ ਪਰ ਦਿਲ ਨਹੀਂ।
ਅਕਲ ਤਾਂ ਹੈ ਪਰ ਜਜ਼ਬੇ ਕੋਈ ਨਹੀਂ,

ਭਾਵਨਾ ਕੋਈ ਨਹੀਂ।

ਨਿਕਲ ਜਾਓ ਅਕਲ ਸੇ ਆਗੇ ਕਿ ਯੇਹ ਨੂਰ ਚਿਰਾਗ਼ੇ ਰਾਹ ਹੈ, ਮੰਜ਼ਿਲ ਨਹੀਂ ਹੈ।

ਇਕ ਰਸਤੇ ਦਾ ਦੀਵਾ ਸੀ ਤੇ ਤੂੰ ਦੀਵੇ ਦੀ ਪ੍ਰਕਰਮਾ ਕਰਨ ਲੱਗ ਪਿਆ ਹੈਂ। ਘਰ ਨਹੀਂ ਹੈ, ਰਸਤੇ ਦਾ ਚਾਨਣਾ ਸੀ। ਉਸਦੇ ਆਲੇ ਦੁਆਲੇ ਘੁੰਮਣ ਲੱਗ ਪਿਆ ਹੈਂ। ਬਹੁਤਾ ਤਾਰਕਿਕ ਮਨੁੱਖ ਆਪਣੀ ਤਰਕ ਤੋਂ ਅਗੇ ਨਹੀਂ ਜਾਂਦਾ, ਬਹੁਤਾ ਸਮਝਦਾਰ ਮਨੁੱਖ ਆਪਣੀ ਸਮਝ ਤੋਂ ਅੱਗੇ ਨਹੀਂ ਜਾਂਦਾ। ਕੌਣ ਦੱਸੇ? ਸਮਝ ਤੈਨੂੰ ਪ੍ਰਮਾਤਮਾ ਨਾਲ ਨਹੀਂ ਜੋੜ ਸਕਦੀ।

ਅੱਜ ਦਾ ਇਹ ਪਾਵਨ ਪਵਿੱਤਰ ਵਾਕ ਜਿਸਦੇ ਵਿਚ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਪ੍ਰਭੂ ਸਿਮਰਨ ਦੀ ਗੱਲ ਕਰ ਰਹੇ ਹਨ, ਉਸਦੇ ਸਾਰੇ ਇਹ ਸਾਧਨ ਹਨ - ਕਥਾ, ਕੀਰਤਨ, ਸੇਵਾ। ਸਿਮਰਨ ਫੱਲ ਹੈ। ਤੁਸੀਂ ਆਖੋਗੇ ਸਿਮਰਨ ਫੱਲ ਹੈ? ਹਾਂ, ਸਿਮਰਨ ਜੋੜ ਦਿੰਦਾ ਹੈ।

ਤੁਧੁ ਚਿਤਿ ਆਏ ਮਹਾ ਆਨੰਦਾ

(ਅੰਗ ੭੪੯)

ਚੇਤੇ ਵਿਚ ਆ ਗਿਆ, ਮਹਾਂ ਆਨੰਦ ਬਣ ਗਿਆ। ਸਿਮਰਨ ਤਾਂ ਮਹਾਂ ਆਨੰਦ ਹੈ। ਸਿਮਰਨ ਕਰ ਰਿਹਾ ਹੈ, ਉੱਭ ਦੁੱਖੀ ਹਨ, ਕਲਪ ਰਹੇ ਹਨ। ਪ੍ਰਭੂ-ਸਿਮਰਨ ਦਰਬਾਰ ਹੈ, ਬੈਠੇ ਤਾਂ ਸਾਰੇ ਹਨ ਪਰ ਕਲਪਦੇ ਬੈਠੇ ਹਨ।

ਤੂ ਚਿਤ ਆਵੇ ਤੇਰੀ ਮਇਆ॥

(ਅੰਗ ੩੯੯)

ਹੇ ਪ੍ਰਭੂ! ਇਹ ਤੇਰੀ ਬਖ਼ਸ਼ਿਸ਼ ਹੈ ਜੋ ਤੂੰ ਚੇਤੇ ਆ ਜਾਵੇਂ। ਸੰਬੰਧ ਸਾਰੇ ਯਾਦਾਂ ਦੇ ਹਨ। ਕੋਈ ਭੈਣ ਭਰਾ ਦੇ ਸੰਬੰਧ ਨਹੀਂ ਹੁੰਦੇ। ਕੋਈ ਮਿੱਤਰ ਪੁੱਤਰਾਂ ਦੇ ਸੰਬੰਧ ਨਹੀਂ ਹੁੰਦੇ। ਜੋ ਯਾਦ ਆਉਂਦਾ ਹੈ, ਉਹ ਸੰਬੰਧੀ ਹੈ। ਜਿਹੜਾ ਬਿਲਕੁਲ ਭੁੱਲ ਗਿਆ, ਉਹ ਕਾਹਦਾ ਸੰਬੰਧੀ ਹੈ। ਭੁੱਲ ਗਿਆ ਭਰਾ, ਚਾਚਾ, ਤਾਇਆ, ਮਿੱਤਰ ਕਦੀ ਯਾਦ ਨਹੀਂ ਆਉਂਦਾ। ਖ਼ਾਕ ਸੰਬੰਧੀ ਹੈ, ਕਦੀ ਯਾਦ ਤਾਂ ਆਉਂਦਾ ਨਹੀਂ। ਠੀਕ ਹੈ ਤੂੰ ਦਾਨੀ ਹੋਵੇਂਗਾ, ਗਿਆਨੀ ਹੋਵੇਂਗਾ, ਰੋਜ਼ ਦਾ ਸਤਿਸੰਗੀ ਹੋਵੇਂਗਾ, ਸੇਵਾ ਕਰਦਾ ਹੋਵੇਂਗਾ। ਨਹੀਂ ਮੰਨਦੇ ਤੂੰ ਸਿਮਰਨ ਕਰਦਾ ਹੋਵੇਂਗਾ। ਸਿਮਰਨ ਤਾਂ ਫੱਲ ਹੈ। ਸਭ ਕੁਝ ਇਸ ਵਾਸਤੇ ਕਰਦਾ ਹੈ ਕਿ ਉਸਨੂੰ ਯਾਦ ਕਰਨ ਲੱਗ ਪਏ। ਜਿਵੇਂ ਹੀ ਯਾਦ ਕਰਦਾ ਹੈ-

ਤੁਧੁ ਚਿਤਿ ਆਏ ਮਹਾ ਅਨੰਦਾ ਜਿਸ ਵਿਸਰਹਿ ਸੋ ਮਰਿ ਜਾਏ॥

(ਅੰਗ ੭੪੯)

ਉਸਨੂੰ ਭੁੱਲ ਜਾਣ ਨਾਲ ਮਰ ਜਾਂਦਾ ਹੈ। ਕੀ? ਮਨੁੱਖ ਦੇ ਗੁਣ ਮਰ ਜਾਂਦੇ ਹਨ। ਮਨੁੱਖ ਦੀਆਂ ਖ਼ੁਸ਼ੀਆਂ ਮਰ ਜਾਂਦੀਆਂ ਹਨ। ਮਨੁੱਖ ਦਾ ਖੇੜਾ ਮਰ ਜਾਂਦਾ ਹੈ। ਮਨੁੱਖ ਦੀ ਸੂਝ ਸਮਝ ਵੀ ਮਰ ਜਾਂਦੀ ਹੈ। ਉਸਨੂੰ ਭੁੱਲਦਿਆਂ ਹੀ ਜਿਹੜੇ ਆਸਰੇ ਬਣੇ ਹੁੰਦੇ ਹਨ, ਸਭ ਦੇ ਆਸਰੇ ਹੋ ਜਾਂਦੇ ਹਨ।

ਹਰਿ ਬਿਸਰਤ ਤੇਰੇ ਗੁਣ ਗਲਿਆ॥

(ਅੰਗ ੧੨)

ਸਾਰੇ ਗੁਣ ਗਲ ਗਏ ਹਨ। ਜੇਕਰ ਉਹ ਯਾਦ ਆ ਗਿਆ ਤਾਂ ਸਭ ਕੁਝ ਪ੍ਰਾਪਤ ਹੋ ਗਿਆ। ਇਸ ਪਾਵਨ ਪਵਿੱਤਰ ਵਾਕ ਵਿਚ ਛੋਟਾ ਮੂਲ ਮੰਤਰ ਹੈ। ਉਹ ਇਕ ਹੈ। ਉਸ ਤੋਂ ਉੱਤਪਤੀ, ਪਾਲਣਾ ਤੇ ਨਾਸ਼ ਹੋ ਰਿਹਾ ਹੈ। ਓਅੰਕਾਰ ਹੈ, ਸਤਿ ਸਰੂਪ ਹੈ ਅਤੇ ਗਿਆਨ ਸਰੂਪ ਹੈ ਅਤੇ ਕ੍ਰਿਪਾ ਦਾ ਸਾਗਰ ਹੈ। ਸਭ ਕੁਝ ਉਸੇ ਤੋਂ ਆ ਰਿਹਾ ਹੈ।

ਧਨਾਸਰੀ ਮਹਲਾ ੫ ਘਰੁ ੯ ਦੁਪਦੇ॥

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ॥

ਸਿਮਰਨ ਕਰੋ, ਯਾਦ ਕਰੋ। ਕੀ ਹੋਵੇਗਾ? ਸੁੱਖ ਦੀ ਪ੍ਰਾਪਤੀ ਕਰੋ, ਪਰ ਸਿਮਰਨ ਕਿਵੇਂ ਕਰੀਏ? ਆਰੰਭਤਾ- *ਸਾਸਿ ਸਾਸਿ ਸਮਾਲੇ॥* ਦੁਨੀਆਂ ਦੇ ਸਾਰੇ ਮੰਤਰ ਇਕੋ ਸੁਆਸ ਵਿਚ ਪੂਰੇ ਹੋ ਜਾਂਦੇ ਹਨ। ਵਾਹਿਗੁਰੂ, ਇਕੋ ਸੁਆਸ ਲੱਗਿਆ ਹੈ। ਰਾਮ, ਇਕੋ ਸੁਆਸ ਲੱਗਿਆ ਹੈ, ਅੱਲਾਹ ਹੂ, ਇਕੋ ਸੁਆਸ ਲੱਗਿਆ ਹੈ। ਇਕ ਢੰਗ ਹੈ, ਸੁਆਸਾਂ ਦੀ ਮਾਲਾ ਹੈ। ਹੋਰ ਕੋਈ ਸਿਮਰਨਾ ਨਹੀਂ ਹੁੰਦਾ। ਸਿਮਰਨਾ ਤਾਂ ਤੈਨੂੰ ਦੇ ਦਿੱਤਾ ਹੈ ਪ੍ਰਮਾਤਮਾ ਨੇ, ਚੱਲ ਰਿਹਾ ਹੈ। ਮਾਲਾ ਤਾਂ ਚੱਲ ਰਹੀ ਹੈ, ਯਾਦ ਨਹੀਂ ਚੱਲਦੀ। ਜੱਪ ਨਹੀਂ ਚੱਲਦਾ ਪਿਆ, ਸਿਮਰਨ ਨਹੀਂ ਚੱਲਦਾ ਪਿਆ। ਸੁਆਸ ਗਿਰਾਸ ਤਾਂ ਚੱਲਦੇ ਪਏ ਹਨ, ਜੱਪ ਨਹੀਂ ਚੱਲਦਾ। ਜਦੋਂ ਵੀ ਬੈਠੇਂ, ਆਰੰਭਤਾ ਇਹੀ ਹੈ, ਇਕ ਸੁਆਸ ਵਿਚ ਪੂਰਾ ਕਰ ਦਿਆ ਕਰ ਅਤੇ ਜਦੋਂ ਵਾਹਿਗੁਰੂ ਆਖ ਇਸੇ ਨੂੰ ਸੁਣ ਤਾਂਕਿ ਅੰਦਰ ਜਾਵੇ। ਭੋਜਨ ਅੰਦਰ ਨਹੀਂ ਗਿਆ ਤਾਂ ਖ਼ੂਨ ਕਿਵੇਂ ਬਣੇਗਾ? ਸ਼ਬਦ ਅੰਦਰ ਨਹੀਂ ਗਿਆ ਤਾਂ ਸਮਾਧੀ ਕਿਵੇਂ ਬਣੇਗਾ? ਇਸ ਤਰ੍ਹਾਂ ਸੁਆਸ ਸੁਆਸ ਵਿਚ ਉਸਨੂੰ ਚੇਤੇ ਕਰ।

ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ॥ ੧॥

ਇਹ ਅਜਿਹੀ ਦੌਲਤ ਹੈ ਕਿ ਇਸ ਲੋਕ ਦੇ ਵਿਚ ਵੀ ਸਹਾਇਕ ਹੈ, ਪਰਲੋਕ ਦੇ ਵਿਚ ਵੀ ਸਹਾਇਕ ਹੈ। ਸੋਨਾ, ਚਾਂਦੀ, ਧਨ ਇਸ ਲੋਕ ਵਿਚ ਸਹਾਇਕ ਹੈ, ਪਰ ਪਰਲੋਕ ਵਿਚ ਨਹੀਂ ਹੈ। ਕੁਝ ਵਿਅਕਤੀ ਦੀਆਂ ਔਕੜਾਂ ਦੂਰ ਹੋ ਜਾਂਦੀਆਂ ਹਨ ਇਸਦੇ ਨਾਲ, ਪਰਲੋਕ ਦੀਆਂ ਨਹੀਂ। ਪ੍ਰਭੂ ਦਾ ਨਾਮ ਅਜਿਹੀ ਦੌਲਤ ਹੈ, ਲੋਕ ਪਰਲੋਕ ਵਿਚ ਸਹਾਈ ਹੁੰਦੀ ਹੈ। ਇਕੱਠੀ ਕਰ ਲਈਂ, ਨਹੀਂ ਤਾਂ ਸ਼ਰਮਸਾਰ ਹੋਵੇਂਗਾ।

ਗੁਰ ਕਾ ਬਚਨੁ ਬਸੈ ਜੀਅ ਨਾਲੇ॥

ਕੋਈ ਜੇਬ ਵਿਚੋਂ ਧਨ ਕੱਢ ਸਕਦਾ ਹੈ ਪਰ ਹਿਰਦੇ ਵਿਚ ਗੁਰੂ ਦਾ ਬਚਨ ਵੱਸਿਆ ਕਿਸ ਤਰ੍ਹਾਂ ਕੋਈ ਕੱਢ ਸਕਦਾ ਹੈ? ਨਹੀਂ ਕੱਢ ਸਕਦਾ। ਚੋਰ ਦੇ ਹੱਥ ਨਹੀਂ ਪਹੁੰਚਦੇ। ਸਾਹਿਬ ਕਹਿੰਦੇ ਹਨ ਕਿ ਗੁਰੂ ਦਾ ਬਚਨ, ਗੁਰੂ ਦਾ ਸ਼ਬਦ ਜੀਵ ਦੇ ਨਾਲ ਵੱਸਦਾ ਹੈ, ਮਨ ਦੇ ਵਿਚ

ਵੱਸਦਾ ਹੈ।

ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥ ੧॥ ਰਹਾਉ॥

ਜਿਸ ਮਨੁੱਖ ਦਾ ਸਭ ਕੁਝ ਬਾਹਰ ਪਿਆ ਹੈ, ਖ਼ਤਰੇ ਵਿਚ ਹੈ। ਉਹ ਕਦੀ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ। ਪਾਣੀ ਦਾ ਡਰ ਹੋਵੇਗਾ, ਅੱਗ ਦਾ ਡਰ ਹੋਵੇਗਾ, ਚੋਰ ਦਾ ਡਰ ਹੋਵੇਗਾ। ਬਾਹਰ ਦਾ ਧਨ ਹੈ, ਉਸ ਧਨ ਨਾਲ ਕੁਝ ਧਰਮ ਨਹੀਂ ਕਮਾਇਆ ਤਾਂ ਫਿਰ ਉਸਦੇ ਭਾਗੀ ਬਾਕੀ ਤਿੰਨ ਹੋਰ ਹਨ। ਕਿਹੜੇ? ਚੋਰ, ਨਿਰਪ, ਆਗ। ਅੱਗ ਜਲਾ ਦੇਵੇਗੀ, ਕਿਤੇ ਪਾਣੀ ਵਿਚ ਡੁੱਬ ਜਾਏਗਾ, ਕਿਤੇ ਚੋਰ ਜੇਬ ਕਤਰਾ ਲੈ ਜਾਏਗਾ। ਤੂੰ ਧਰਮ ਦੇ ਮਾਰਗ 'ਤੇ ਖ਼ਰਚ ਹੀ ਨਹੀਂ ਕੀਤਾ। ਧਰਮ ਦਾ ਹਿੱਸਾ ਵੀ ਹੁਣ ਵਿਚੇ ਜੋੜ ਦਿੱਤਾ ਤਾਂ ਫਿਰ ਅੱਗ ਜਲਾਏਗੀ। ਚੋਰ ਲੈ ਜਾਏਗਾ। ਪਰ ਇਹ ਪਰੀਪੂਰਨ ਪ੍ਰਮਾਤਮਾ ਦਾ ਅਜਿਹਾ ਧਨ ਹੈ, ਨਾ ਪਾਣੀ ਡੋਬ ਸਕਦਾ ਹੈ, ਨਾ ਅਗਨੀ ਜਲਾ ਸਕਦੀ ਹੈ ਤੇ ਨਾ ਚੋਰ ਚੁਰਾ ਸਕਦਾ ਹੈ।

ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ॥

ਪਰ ਬਹੁਤਾ ਸਿਮਰਨ ਅਜਿਹਾ ਹੈ ਜਿਵੇਂ ਨਿਰਧਨ ਨੂੰ ਧਨ ਮਿਲ ਜਾਏ ਤਾਂ ਸੁੱਖੀ ਹੋ ਜਾਂਦੇ ਹਨ। ਜਿਵੇਂ ਅੰਨ੍ਹੇ ਨੂੰ ਲਕੜੀ ਮਿਲ ਜਾਂਦੀ ਹੈ। ਜਿਵੇਂ ਰੋਂਦੇ ਹੋਏ ਬੱਚੇ ਨੂੰ ਮਾਂ ਦਾ ਦੁੱਧ ਮਿਲ ਗਿਆ ਹੈ। ਇਸ ਤਰ੍ਹਾਂ ਇਹ ਪ੍ਰਭੂ ਦਾ ਨਾਮ ਸਹਾਰਾ ਹੈ, ਟੇਕ ਹੈ। ਇਸ ਤਰ੍ਹਾਂ ਦਾ ਹੈ ਪ੍ਰਭੂ ਦਾ ਨਾਮ ਰਕਸ਼ਕ।

ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ
ਕਰੀ ਕ੍ਰਿਪਾ ਕਿਰਪਾਲੇ॥ ੨॥ ੧॥ ੩੨॥

ਸਿਮਰਨ ਦੀ ਦਾਤ ਅਜਿਹੀ ਹੈ ਜਿਵੇਂ ਅਥਾਹ ਸਾਗਰ ਦੇ ਵਿਚ ਕਿਸੇ ਨੂੰ ਬੋਹਿਥ ਮਿਲ ਗਿਆ ਹੈ, ਜਹਾਜ਼ ਮਿਲ ਗਿਆ ਹੈ ਤੇ ਬੜੇ ਸੁੱਖ ਦੇ ਢੰਗ ਨਾਲ ਪਾਰ ਹੋ ਗਿਆ ਹੈ। ਪ੍ਰਭੂ ਦੇ ਨਾਮ ਸਦਕਾ ਨਾ ਸੰਸਾਰ ਦੀਆਂ ਔਕੜਾਂ, ਨਾ ਪਰਿਵਾਰ ਦੀਆਂ ਔਕੜਾਂ, ਨਾ ਦੁਨਿਆਵੀ ਔਕੜਾਂ ਉਸਨੂੰ ਵਿਆਪਦੀਆਂ ਹਨ ਅਤੇ ਉਹ ਸੁੱਤੇ ਸਿੱਧ ਭਵ ਸਾਗਰ ਤੋਂ ਪਾਰ ਹੋ ਜਾਂਦਾ ਹੈ। ਸਾਹਿਬ ਰਹਿਮਤ ਕਰਨ। ਇਹ ਦਾਤ ਸਾਡੀ ਝੋਲੀ ਵਿਚ ਪਾਉਣ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਜਿਉ ਹਰਿ ਭਾਵੈ ਤਿਉ ਰਖੀਐ

ਸੂਹੀ ਮਹਲਾ ੪ ॥

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥
ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥ ੧॥
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥੧ ॥ਰਹਾਉ॥
ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ॥
ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ॥੨ ॥
ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ॥ ੩॥
ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ॥
ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥੪ ॥

(ਅੰਗ ੭੩੬)

ਗੁਰੂ ਰੂਪ ਸਾਧ ਸੰਗਤ ਜੀਉ! ਸਨਿਮਰ ਫਤਹਿ ਕਬੂਲ ਕਰਨੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸੂਹੀ ਰਾਗ ਅੰਦਰ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦਾ ਐਸਾ ਮਹਾਂਵਾਕ ਹੈ, ਲਗ ਪਗ ਜਿਸ ਨੂੰ ਹਰ ਮਨੁੱਖ ਸਮਝਣਾ ਚਾਹੁੰਦਾ ਹੈ ਅਤੇ ਹਰ ਮਨੁੱਖ ਦੀ ਸਮੱਸਿਆ ਹੈ। ਚਾਹੇ ਉਹ ਭੌਤਿਕਵਾਦੀ ਹੈ। ਚਾਹੇ ਉਹ ਅਧਿਆਤਮਿਕਵਾਦੀ ਹੈ। ਇਹ ਸਮੱਸਿਆ ਤਾਂ ਹੈ ਉਸਦੀ ਜ਼ਿੰਦਗੀ ਵਿਚ। ਸਮੱਸਿਆ ਕੀ ਹੈ? ਦੁੱਖ ਹੈ। ਚਾਹੇ ਭੌਤਿਕਵਾਦੀ ਹੈ, ਦੁੱਖ ਤਾਂ ਹੈ। ਦੁੱਖ ਦੀਆਂ ਗੱਲਾਂ ਦੋਵੇਂ ਕਰਦੇ ਹਨ। ਭੌਤਿਕਵਾਦੀ ਵੀ ਕਹਿੰਦਾ ਹੈ ਕਿ ਵਿਕਾਸ ਤਾਂ ਬੜਾ ਕੀਤਾ, ਪਰ ਦੁੱਖ ਤਾਂ ਹੈ। ਅਧਿਆਤਮਕਵਾਦੀ ਵੀ ਕਹਿੰਦਾ ਹੈ, ਗਹਿਰਾਈਆਂ ਵਿਚ ਤੇ ਸੁਰਤ ਨੂੰ ਬੜਾ ਲੈ ਗਏ ਹਾਂ। ਕੁਝ ਗਹਿਰੇ ਤੱਤ ਦੀ ਸੂਝ ਤੇ ਸਮਝ ਵੀ ਪ੍ਰਾਪਤ ਹੋਈ, ਪਰ ਦੁੱਖ ਤਾਂ ਹੈ। ਬਸ ਇਹੀ ਇਕ ਸਮੱਸਿਆ ਹੈ।

ਭੌਤਿਕਵਾਦੀ ਨੇ ਬਾਹਰੋਂ ਤਾਂ ਕੋਸ਼ਿਸ਼ ਕੀਤੀ ਹੈ, ਇਸ ਦੁੱਖ ਨੂੰ ਮਿਟਾਉਣ ਦੀ। ਉਸ ਨੇ ਐਸਾ ਸੋਚਿਆ ਹੈ ਕਿ ਦੁੱਖ ਇਸ ਵਾਸਤੇ ਹੈ ਕਿ ਜੋ ਕੁਝ ਚਾਹੀਦਾ ਹੈ ਉਹ ਨਹੀਂ ਹੈ। ਜੇਕਰ ਉਹ ਹੋ ਜਾਏ ਤਾਂ ਸੁੱਖ ਹੋ ਜਾਏ। ਅਧਿਆਤਮਕਵਾਦੀ ਨੇ ਜੋ ਕੁਝ ਨਹੀਂ ਹੈ, ਹੋ ਜਾਏ, ਇਹਦੀ ਫ਼ਿਕਰ ਹੀ ਨਹੀਂ ਕੀਤੀ। ਜੋ ਮੈਂ ਹਾਂ, ਉਹ ਪ੍ਰਗਟ ਹੋ ਜਾਏ। ਉਮੀਦ ਹੈ ਪਕੜ ਵਿਚ ਆਈ ਹੋਵੇਗੀ ਇਹ ਗੱਲ। ਜੋ ਮੇਰਾ ਮੂਲ ਹੈ, ਉਹ ਪ੍ਰਗਟ ਹੋ ਜਾਏ। ਜੋ ਮੇਰੀ ਬੁਨਿਆਦ ਹੈ, ਉਹ ਮੇਰੇ ਸਾਹਮਣੇ ਆ ਜਾਵੇ। ਇਸ ਤਰ੍ਹਾਂ ਆਦਿ ਕਾਲ ਤੋਂ ਦੋਵੇਂ ਯਤਨਸ਼ੀਲ ਰਹੇ ਹਨ।

ਦੇਖਦੇ ਹਾਂ ਕਿ ਭੌਤਿਕਵਾਦੀ ਨੇ ਬੜੀ ਉੱਨਤੀ ਕੀਤੀ ਹੈ। ਸ਼ਾਇਦ ਇਤਨੀ ਅਧਿਆਤਮਕਵਾਦੀ ਨੇ ਨਹੀਂ ਕੀਤੀ, ਜਿਤਨੀ ਇਕ ਸਾਇੰਟਿਸਟ ਨੇ, ਵਿਗਿਆਨ ਨੇ ਮਨੁੱਖ ਦੀਆਂ ਦੁਨੀਆਵੀ ਲੋੜਾਂ ਦੀ ਪੂਰਤੀ ਕਰ ਦਿੱਤੀ ਹੈ। ਅਧਿਆਤਮਕਵਾਦੀ ਉਤਨੀ ਆਤਮ ਤੱਤ ਦੀ ਖੋਜ ਨਹੀਂ ਕਰ ਸਕਿਆ ਅਤੇ ਇਤਨੇ ਰੰਗ ਰਤਿਆਂ ਦੇ ਦਰਸ਼ਨ ਵੀ ਕੋਈ ਨਹੀਂ। ਵਿਗਿਆਨ ਨੇ ਜੋ ਕੁਝ ਦਿੱਤਾ ਹੈ, ਉਸ ਨੂੰ ਗਿਆਨਵਾਨ ਵੀ ਵਰਤਦੇ ਹਨ। ਜਿਵੇਂ ਮਾਇਕਰੋ ਫ਼ੋਨ ਹੈ। ਇਹ ਭੌਤਿਕਵਾਦੀ ਦੀ ਦੇਣ ਹੈ, ਕਿਸੇ ਅਧਿਆਤਮਕਵਾਦੀ ਦੀ ਨਹੀਂ। ਇਹ ਪੱਖੇ ਹਨ, ਇਹ ਕੈਮਰੇ ਪਏ ਚੱਲਦੇ ਹਨ। ਰੇਡੀਓ ਤੇ ਟੀ.ਵੀ. ਹੈ, ਸਭ ਭੌਤਿਕਵਾਦੀ ਦੀ ਦੇਣ ਹੈ।

ਭੌਤਿਕਵਾਦੀ ਨੇ ਦੇਖਿਆ ਕਿ ਦਿਨ ਭਰ ਮੈਂ ਚਲਾਂ ਰੁਕੇ ਬਿਨਾਂ, ਵੱਧ ਤੋਂ ਵੱਧ 20 ਮੀਲ, 30 ਮੀਲ ਚੱਲ ਸਕਾਂਗਾ। ਸਵੇਰ ਤੋਂ ਲੈ ਕੇ ਸ਼ਾਮ ਤੱਕ ਉਸਨੇ ਆਪਣੇ ਪੈਰਾਂ ਦੀ ਗਤੀ ਦਾ ਵਿਕਾਸ ਕੀਤਾ। ਮੋਟਰ ਬਣਾ ਕੇ, ਰੇਲ ਗੱਡੀ ਬਣਾ ਕੇ, ਫਿਰ ਹਵਾਈ ਜਹਾਜ਼ ਬਣਾ ਕੇ, ਇਹ ਮਨੁੱਖ ਦੇ ਪੈਰਾਂ ਦੀ ਗਤੀ ਵਧਾ ਦਿੱਤੀ। 24 ਘੰਟਿਆਂ ਵਿਚ ਸਾਰੀ ਦੁਨੀਆਂ ਦੀ ਪ੍ਰਕਰਮਾ ਕੀਤੀ ਜਾ ਸਕਦੀ ਹੈ। ਅਵਾਜ਼ ਤੋਂ ਵੀ ਤਿਖੇ ਹਵਾਈ ਜਹਾਜ਼ ਭੌਤਿਕਵਾਦੀ ਦੀ ਦੇਣ ਹੈ। ਇਸੇ ਤਰੀਕੇ ਨਾਲ ਮਨੁੱਖ ਕਿਤਨਾ ਵੀ ਉੱਚਾ ਬੋਲੇ, ਆਪਣੀ ਅਵਾਜ਼ ਨੂੰ, ਆਪਣੀ ਧੁੰਨ ਨੂੰ ਇਕ ਫ਼ਰਲਾਂਗ ਤੋਂ ਅੱਗੇ ਨਹੀਂ ਸੁੱਟ ਸਕਦਾ ਸੀ। ਪੂਰਾ ਚੀਖ਼ ਕੇ ਬੋਲੇ, ਪੂਰਾ ਚਿੱਲਾ ਕੇ ਬੋਲੇ, ਪੂਰੀ ਤਾਕਤ ਲਗਾ ਕੇ ਬੋਲੇ ਤਾਂ ਵੀ ਉਹਦੀ ਧੁੰਨ, ਉਹਦੀ ਅਵਾਜ਼ ਇਕ ਫ਼ਰਲਾਂਗ ਤੋਂ ਅੱਗੇ ਨਹੀਂ ਜਾਣੀ ਸੀ, ਪਰ ਅੱਜ ਟੈਲੀਫ਼ੂਨ 'ਤੇ ਇਕ ਦੇਸ਼ ਵਿਚ ਕੋਈ ਬੋਲਦਾ ਪਿਆ ਹੈ ਤੇ ਪੰਜ ਦੱਸ ਹਜ਼ਾਰ ਮੀਲ ਦੀ ਦੂਰੀ 'ਤੇ ਦੂਜਾ ਕੋਈ ਸੁਣਦਾ ਪਿਆ ਹੈ। ਅਵਾਜ਼ ਨੂੰ ਇਤਨੀ ਗੱਤੀ ਦਿੱਤੀ ਭੌਤਿਕਵਾਦ ਨੇ। ਤੂੰ ਦੱਸ ਹਜ਼ਾਰ ਮੀਲ ਦੀ ਦੂਰੀ ਤੋਂ ਵੀ ਪੁੱਤਰ ਦੀ, ਮਿੱਤਰ ਦੀ, ਕਿਸੇ ਦੀ ਵੀ ਅਵਾਜ਼ ਸੁਣ ਸਕਦਾ ਹੈਂ।

ਅੱਖਾਂ ਕਿਤਨਾ ਹੀ ਵੇਖਣ, ਪਰ ਵੇਖਣ ਦੀ ਸੀਮਾ ਹੈ ਅਤੇ ਬਹੁਤ ਛੋਟੀ ਸੀਮਾ ਹੈ। ਖ਼ੁਰਦਬੀਨ ਬਣਾਕੇ ਮਨੁੱਖ ਬਾਰੀਕ ਤੋਂ ਬਾਰੀਕ ਚੀਜ਼ ਨੂੰ ਵੇਖਣ ਦੇ ਸਮਰੱਥ ਹੋਇਆ। ਦੂਰਬੀਨ ਬਣਾ ਕੇ ਮਨੁੱਖ ਦੂਰ ਤੋਂ ਦੂਰ ਨੂੰ ਵੇਖਣ ਵਿਚ ਸਮਰੱਥ ਹੋਇਆ। ਵੱਧ ਗਈ ਅੱਖਾਂ ਦੀ ਸ਼ਕਤੀ, ਵੱਧ ਗਈ ਕੰਨਾਂ ਦੀ ਸ਼ਕਤੀ, ਵੱਧ ਗਈ ਜ਼ਬਾਨ ਦੀ ਸ਼ਕਤੀ, ਵੱਧ ਗਈ ਪੈਰਾਂ ਦੀ ਸ਼ਕਤੀ। ਦਿਨ ਭਰ ਮਨੁੱਖ ਦੇ ਹੱਥ ਕੁਝ ਕਰਨ। ਜਿਵੇਂ ਹੱਥਾਂ ਨਾਲ ਹੀ ਕਪੜਾ ਬੁਣਿਆ

ਜਾਂਦਾ ਸੀ ਕਿਸੇ ਵਕਤ। ਅੱਜ ਐਟੋਮੈਟਿਕ ਮਸ਼ੀਨਾਂ, ਸਵੈ ਚਲਤ ਮਸ਼ੀਨਾਂ। ਹਜ਼ਾਰਾਂ ਹੱਥਾਂ ਦਾ ਕੰਮ ਇਕ ਮਸ਼ੀਨ ਕਰ ਰਹੀ ਹੈ। ਭੌਤਿਕਵਾਦੀ ਨੇ ਮਨੁੱਖ ਦੇ ਹੱਥਾਂ ਦੀ ਸ਼ਕਤੀ ਨੂੰ ਵਧਾ ਦਿੱਤਾ। ਪੈਰਾਂ ਦੀ ਗਤੀ ਨੂੰ ਵੀ ਵਧਾ ਦਿੱਤਾ ਅਤੇ ਸਰੋਤ ਵੀ ਵਧਾ ਦਿੱਤੀ।

ਇਹਨਾਂ ਹੀ ਸ਼ਕਤੀਆਂ ਦੇ ਸਮੂਹ ਕਰਕੇ ਇਹ ਜਿਹੜਾ ਖ਼ਿਆਲ ਸੀ ਕਿ ਦੁੱਖ ਇਸ ਵਾਸਤੇ ਹੈ ਕਿ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਨਹੀਂ ਹੋਈ। ਤਾਂ ਚੰਗੇ ਤੋਂ ਚੰਗਾ ਮਕਾਨ ਅਮਰੀਕਾ ਵਿਚ ਹਰ ਮਨੁੱਖ ਨੂੰ ਪ੍ਰਾਪਤ ਹੋ ਗਿਆ। ਚੰਗੇ ਤੋਂ ਚੰਗੇ ਕੱਪੜੇ ਪਹਿਨਣ ਨੂੰ ਮਿਲ ਗਏ। ਚੰਗੇ ਤੋਂ ਚੰਗਾ ਪਕਵਾਨ ਭੋਜਨ ਉਪਲੱਬਧ ਹੈ। ਐਸਾ ਤਾਂ ਕੁਝ ਵੀ ਨਹੀਂ ਕਿ ਜਿਹੜੀ ਚੀਜ਼ ਦੀ ਲੋੜ ਹੋਵੇ, ਉਹ ਨਾ ਹੋਵੇ। ਇਕ ਥਾਂ ਤੋਂ ਦੂਜੀ ਥਾਂ 'ਤੇ ਜਾਂਦਿਆਂ ਸੋਹਣੀਆਂ ਸੋਹਣੀਆਂ ਮੋਟਰਕਾਰਾਂ। ਸੋਚਿਆ ਸੀ ਇਨ੍ਹਾਂ ਭੌਤਿਕਵਾਦੀਆਂ ਨੇ ਕਿ ਇਸ ਯਤਨ ਦੇ ਨਾਲ, ਇਸ ਮਿਹਨਤ ਦੇ ਨਾਲ ਅਸੀਂ ਮਨੁੱਖ ਨੂੰ ਸੁੱਖੀ ਕਰ ਸਕਾਂਗੇ ਅਤੇ ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਦੁਨੀਆਂ ਦਾ ਸਭ ਤੋਂ ਸੰਪੰਨ ਦੇਸ਼ ਅਮਰੀਕਾ ਹੈ ਪਰ ਦੁਨੀਆਂ ਦਾ ਸਭ ਤੋਂ ਦੁੱਖੀ ਦੇਸ਼ ਵੀ ਅਮਰੀਕਾ ਹੈ। ਕਿਉਂਕਿ ਜਿਤਨੀ ਆਤਮ ਹੱਤਿਆ ਉਥੇ ਹੁੰਦੀ ਹੈ, ਦੂਸਰੇ ਦੇਸ਼ਾਂ ਵਿਚ ਨਹੀਂ ਹੁੰਦੀ। ਕਿਤਨੇ ਲੋਕੀਂ ਉਨੀਂਦਰੇ ਦੇ ਸ਼ਿਕਾਰ ਹਨ। ਇਕ ਅੰਦਾਜ਼ੇ ਦੇ ਮੁਤਾਬਿਕ 50 ਫ਼ੀ ਸਦੀ ਲੋਕ ਰਾਤ ਨੂੰ ਨੀਂਦ ਦੀਆਂ ਗੋਲੀਆਂ ਖਾ ਕੇ ਸੌਂਦੇ ਹਨ ਅਤੇ ਖ਼ੁਦ ਸਾਇੰਟਿਸਟ ਕਹਿਣ ਲੱਗ ਪਏ ਹਨ ਕਿ ਐਸਾ ਸਮਾਂ ਆਉਣ ਵਾਲਾ ਹੈ ਜਦ ਕਿ ਨੀਂਦ ਲਈ ਹਰ ਇਕ ਨੂੰ ਗੋਲੀਆਂ ਖਾਣੀਆਂ ਪੈਣਗੀਆਂ, ਹਰ ਅਮਰੀਕਨ ਨੂੰ। ਨੀਂਦ ਖੋਹ ਗਈ। ਨੀਂਦ ਕੀ ਹੈ? ਤਨ ਦਾ ਵਿਸ਼ਰਾਮ। ਸਮਾਧੀ ਕੀ ਹੈ? ਮਨ ਦਾ ਵਿਸ਼ਰਾਮ। ਜਿਥੇ ਤਨ ਦਾ ਵਿਸ਼ਰਾਮ ਖੋਹ ਗਿਆ ਹੋਵੇ ਉਥੇ ਮਨ ਦਾ ਵਿਸ਼ਰਾਮ ਕਿਥੇ ਹੈ।

ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥

(ਅੰਗ ੧੧੮੬)

ਸਤਿਗੁਰੂ ਕਹਿੰਦੇ ਹਨ, ਮੇਰਾ ਮਨ ਬਿਸਰਾਮ ਵਿਚ ਚਲਾ ਗਿਆ। ਮਨ ਦੇ ਬਿਸਰਾਮ ਨੂੰ ਸਮਾਧੀ ਕਹਿੰਦੇ ਹਨ। ਹੁਣ ਨੀਂਦ ਤਾਂ ਗੋਲੀਆਂ ਨਾਲ ਲਿਆਈ ਜਾ ਸਕਦੀ ਹੈ। ਸਮਾਧੀ ਗੋਲੀਆਂ ਨਾਲ ਨਹੀਂ ਆਉਣ ਵਾਲੀ। ਕਿਸੇ ਵੀ ਗੋਲੀ ਦੇ ਨਾਲ, ਕਿਸੇ ਵੀ ਔਸ਼ਧੀ ਨਾਲ ਮਨੁੱਖ ਸਮਾਧੀ ਲੀਨ ਨਹੀਂ ਕੀਤਾ ਜਾ ਸਕਦਾ। ਹਾਂ, ਮਨ ਦਾ ਸਰੀਰ ਨਾਲੋਂ ਵਕਤੀ ਸੰਬੰਧ ਤੋੜ ਕੇ ਸੁੰਨ ਕਰਕੇ ਨੀਂਦ ਲਿਆਈ ਜਾ ਸਕਦੀ ਹੈ।

ਦੋ ਤਿੰਨ ਹਜ਼ਾਰ ਸਾਲ ਪਹਿਲੇ ਭਾਰਤ ਦੇ ਜਿਹੜੇ ਚੰਗੇ ਚਿੰਤਕ ਸਨ, ਜਿਵੇਂ ਯੂਰਪ ਪੱਛਮ ਦੇ ਚੰਗੇ ਚਿੰਤਕ ਸਾਇੰਟਿਸਟ ਕਹਿਲਾਉਂਦੇ ਸਨ, ਇਸ ਦੇਸ਼ ਦੇ ਚੰਗੇ ਚਿੰਤਕ ਰਿਸ਼ੀ ਮੁਨੀ ਸੰਤ ਮਹਾਂ ਪੁਰਸ਼ ਬ੍ਰਹਮ ਗਿਆਨੀ ਕਹਿਲਾਏ। ਇਹਨਾਂ ਨੇ ਕਿਹਾ ਮੂਲ ਦੀ ਫ਼ਿਕਰ ਕਰੋ ਛੱਡੋ ਹੁਣ। ਅਧਿਆਤਮਕ ਅਨੰਦ ਦੀ ਤਲਾਸ਼ ਕਰੋ ਆਪਣੇ ਆਪ ਦੀ ਖੋਜ ਕਰੋ। ਬਾਕੀ ਕੁਝ ਵੀ ਖੋਜਣ ਦੀ ਲੋੜ ਨਹੀਂ। ਤੂੰ ਕੌਣ ਹੈਂ, ਆਪਣੀ ਵਾਸਤਵਿਕਤਾ ਲੱਭਣ ਦੀ ਕੋਸ਼ਿਸ਼ ਕਰੋ,

ਹੋਰ ਕੁਝ ਲੱਭਣ ਦੀ ਲੋੜ ਹੀ ਨਹੀਂ। ਉਹ ਜਿਹੜੀ ਵਾਸਤਵਿਕਤਾ ਸੀ, ਉਸੇ ਨੂੰ ਉਹਨਾਂ ਨੇ ਧਰਮ ਕਿਹਾ। ਲੋੜ ਹੈ ਧਰਮ ਦੀ, ਧਨ ਦੀ ਨਹੀਂ। ਲੋੜ ਹੈ ਪ੍ਰਮਾਤਮਾ ਦੀ, ਪਦਾਰਥ ਦੀ ਨਹੀਂ, ਪਰ ਤਨ ਨੂੰ ਪਦਾਰਥ ਚਾਹੀਦੇ ਹਨ। ਤਾਂ ਇਹਨਾਂ ਨੇ ਐਲਾਨੀਆ ਕਹਿ ਦਿੱਤਾ। ਕੋਈ ਲੋੜ ਨਹੀਂ ਚੰਗੇ ਮਕਾਨਾਂ ਦੀ। ਪਹਾੜਾਂ ਦੀਆਂ ਕੰਧਰਾਂ ਵਿਚ ਰਹਿ ਜਾਵਾਂਗੇ। ਰੁੱਖਾਂ ਥੱਲੇ ਰਾਤ ਕੱਟ ਲਵਾਂਗੇ। ਕੋਈ ਲੋੜ ਨਹੀਂ ਚੰਗੇ ਭੋਜਨ ਦੀ, ਕੰਦ ਮੂਲ ਖਾ ਲਵਾਂਗੇ, ਦਰੱਖ਼ਤਾਂ ਦੇ ਪੱਤੇ ਖਾ ਲਵਾਂਗੇ। ਦਰਿਆਵਾਂ ਦਾ ਪਾਣੀ ਪੀ ਲਵਾਂਗੇ। ਝੀਲਾਂ ਦਾ ਪਾਣੀ ਪੀ ਲਵਾਂਗੇ। ਕਿਸੇ ਪ੍ਰਕਾਰ ਦੀ ਦੁਨੀਆਵੀ ਕੋਈ ਲੋੜ ਹੀ ਨਹੀਂ। ਲੋੜਾਂ ਨੂੰ ਸੀਮਿਤ ਕਿਤਨਾ ਵੀ ਕੀਤਾ ਜਾਏ, ਫਿਰ ਵੀ ਕੁਝ ਲੋੜਾਂ ਹਨ। ਸੀਮਿਤ ਤਾਂ ਕੀਤਾ ਨਹੀਂ। ਚਾਹੀਦੇ ਹਨ ਪਹਿਨਣ ਨੂੰ ਕੱਪੜੇ। ਜੇ ਪਸ਼ੂ ਨੰਗੇ ਹਨ ਤਾਂ ਕੀ ਹੋਇਆ ਅਸੀਂ ਵੀ ਨੰਗੇ ਰਹਿ ਲਵਾਂਗੇ। ਦਿਗੰਬਰ ਜੈਨ ਸਾਧੂ, ਨਾਂਗੇ ਸਾਧੂ ਅੱਜ ਵੀ ਸਾਡੇ ਦੇਸ਼ ਵਿਚ ਮੌਜੂਦ ਹਨ। ਹਜ਼ਾਰਾਂ ਦੀ ਸੰਖਿਆ ਵਿਚ ਅੱਜ ਵੀ ਇਸ ਦੇਸ਼ ਵਿਚ ਮੌਜੂਦ ਹਨ।

ਜੈਨ ਧਰਮ ਦਾ ਦਿਗੰਬਰ ਸਾਧੂ ਵੀ ਕੱਪੜੇ ਨਹੀਂ ਪਹਿਨਦਾ। ਆਸਮਾਨ ਹੀ ਜਿਸ ਦਾ ਕੱਪੜਾ ਹੈ। ਅੰਬਰ ਕੱਪੜੇ ਨੂੰ ਕਹਿੰਦੇ ਹਨ। ਦਿਗੰਬਰ ਵੈਵੀ ਕਪੱੜੇ, ਕੋਈ ਲੋੜ ਨਹੀਂ ਇਹਨਾਂ ਕੱਪੜਿਆਂ ਦੀ ਅਤੇ ਬਾਕਾਇਦਾ ਜਿਹੜੇ ਮੰਦਰ ਹਨ ਜੈਨੀਆਂ ਦੇ, ਉਹਨਾਂ ਉੱਤੇ ਸਾਫ ਲਿਖਿਆ ਹੁੰਦਾ ਹੈ— ਜੈਨ ਮੰਦਰ, ਦਿਗੰਬਰ ਜੈਨ ਮੰਦਰ। ਇਹ ਮੂੰਹ 'ਤੇ ਚਿੱਟੇ ਕੱਪੜੇ ਦੀ ਟਾਕੀ ਬੰਨ੍ਹਦੇ ਹਨ। ਸਫ਼ੈਦ ਕੱਪੜੇ ਪਹਿਨਦੇ ਹਨ। ਸਫ਼ੈਦ ਧੋਤੀ ਦੇ ਨਾਲ ਆਪਣਾ ਤਨ ਲਪੇਟਦੇ ਹਨ। ਦਿਗੰਬਰ ਅਲਫ਼ ਨੰਗੇ ਰਹਿੰਦੇ ਹਨ। ਇਹ ਆਪ ਨੂੰ ਸਿਰਮੌਰ ਮੰਨਦੇ ਹਨ। ਅਸੀਂ ਇਤਨੀ ਲੋੜ ਘਟਾ ਲਈ ਹੈ ਕਿ ਕੱਪੜੇ ਵੀ ਨਹੀਂ ਚਾਹੀਦੇ। ਹਰ ਵਕਤ ਦਰੱਖ਼ਤ ਫੱਲ ਨਹੀਂ ਦੇਂਦੇ ਅਤੇ ਹਰ ਵਕਤ ਭੁੱਖ ਤਾਂ ਲੱਗਦੀ ਹੈ। ਫਿਰ ਕੀ ਕਰੀਏ। ਦਰੱਖ਼ਤਾਂ ਨੂੰ ਫੱਲ ਤੇ ਸਾਲ ਵਿਚ ਇਕ ਵੇਰਾਂ ਲੱਗਦਾ ਹੈ। ਉਹ ਵੀ ਮਹੀਨਾ ਪੰਦਰਾਂ ਦਿਨ ਲੱਭਣਗੇ। ਫਿਰ ਕੀ ਕਰੀਏ?

ਮਹਾਤਮਾ ਬੁੱਧ ਵਰਗਿਆਂ ਨੇ, ਗੋਰਖ ਨਾਥ ਵਰਗਿਆਂ ਨੇ, ਸੁਆਮੀ ਮਹਾਂਵੀਰ ਵਰਗਿਆਂ ਨੇ ਕਿਹਾ ਭਿਕਸ਼ਾ ਮੰਗ ਲਵਾਂਗੇ। ਮਹਾਤਮਾ ਬੁੱਧ ਨੇ ਬਹੁਤ ਭਿਖਸ਼ੂ ਪੈਦਾ ਕੀਤੇ। ਮਹਾਂਵੀਰ ਨੇ ਭਿਕਸ਼ੂ ਪੈਦਾ ਕੀਤੇ ਅਤੇ ਗੋਰਖ ਨੇ ਭਿਖਸ਼ੂ ਪੈਦਾ ਕੀਤੇ ਮੰਗਣ ਨੂੰ। ਮੰਗ ਕੇ ਖਾ ਲਵਾਂਗੇ। ਹੈ ਇਕ ਇਹ ਵੀ ਧਰਮ ਪਰ ਸਮੂਹਿਕ ਧਰਮ ਨਹੀਂ ਹੈ। ਸਾਰਿਆਂ ਦਾ ਧਰਮ ਨਹੀਂ ਹੈ। ਮੈਂ ਬੋਧ ਸੰਮੇਲਨਾਂ ਵਿਚ ਇਹ ਲਫ਼ਜ਼ ਕਹੇ। ਮਹਾਤਮਾ ਬੁੱਧ ਦਾ ਧਰਮ ਵੀ ਧਰਮ ਹੈ, ਪਰ ਸਮੂਹਿਕ ਧਰਮ ਨਹੀਂ ਹੈ। ਕਿਉਂਕਿ ਜੇਕਰ ਸਾਰੇ ਹੀ ਭਿਕਸ਼ੂ ਬਣ ਜਾਣ ਤਾਂ ਸਮੂਹਿਕ ਧਰਮ ਹੈ। ਸਾਰੇ ਹੀ ਭਿਕਸ਼ੂ ਬਣ ਜਾਣ ਤਾਂ ਕੌਣ ਦੇਵੇਗਾ। ਫਿਰ ਦੇਏਗਾ ਕੌਣ? ਕਿਸ ਨਹੀਂ ਦੇਣਾ। ਇਸ ਵਾਸਤੇ ਜਿਤਨੇ ਭਿਕਸ਼ੂ ਹੋਣ, ਉਸ ਤੋਂ ਕਈ ਗੁਣਾ ਦੇਣ ਵਾਲੇ ਵੀ ਚਾਹੀਦੇ ਹਨ। ਫਿਰ ਦੇਣ ਵਾਲੇ ਤਾਂ ਕਿਰਤੀ ਹੋਣਗੇ, ਮਿਹਨਤੀ ਹੋਣਗੇ, ਗ੍ਰਿਹਸਤੀ ਹੋਣਗੇ। ਇਕ ਭਿਕਸ਼ੂ ਦੀ

ਪਾਲਣਾ ਕਰਨ ਵਾਸਤੇ ਦੱਸ ਵੀਹ ਗ੍ਰਿਹਸਤੀ ਤਾਂ ਚਾਹੀਦੇ ਹਨ।

ਠੀਕ ਹੈ ਮਹਾਂਵੀਰ ਦਾ ਧਰਮ ਵੀ ਇਕ ਧਰਮ ਹੈ। ਪ੍ਰਭੂ ਪ੍ਰਾਪਤੀ ਦਾ ਇਕ ਸਾਧਨ ਹੈ, ਪਰ ਇਹ ਸਮੂਹਿਕ ਧਰਮ ਨਹੀਂ ਹੈ। ਕਤਈ ਨਹੀਂ ਹੈ। ਮਹਾਂਵੀਰ ਦੀ ਤਰ੍ਹਾਂ, ਸਾਰੇ ਹੀ ਗ੍ਰਹਿਸਤ ਦੇ ਤਿਆਗੀ ਹੋ ਜਾਣ ਅਤੇ ਭਿਕਸ਼ਾ ਮੰਗ ਕੇ ਗੁਜ਼ਾਰਾ ਕਰਨ ਤਾਂ ਤਿੰਨ ਸੌ ਸਾਲਾਂ ਤੋਂ ਬਾਅਦ ਇਹ ਧਰਤੀ ਮਨੁੱਖਾਂ ਤੋਂ ਖ਼ਾਲੀ ਹੋ ਜਾਏਗੀ। ਸਿਰਫ਼ ਪਸ਼ੂ ਹੀ ਰਹਿ ਜਾਣਗੇ, ਕਿਉਂਕਿ ਉਹ ਪ੍ਰਕਿਰਤੀ ਦੇ ਨਿਯਮ ਨੂੰ ਤੇ ਮੰਨਦੇ ਹਨ। ਮਨੁੱਖ ਪ੍ਰਕਿਰਤੀ ਦੇ ਨਿਯਮ ਤੋਂ ਇਨਕਾਰ ਕਰ ਸਕਦਾ ਹੈ। ਤਿੰਨ ਸੌ ਸਾਲਾਂ ਤੋਂ ਬਾਅਦ ਕੋਈ ਮਨੁੱਖ ਦਿਖਾਈ ਨਹੀਂ ਦੇਵੇਗਾ।

ਕਿਉਂ ਮਹਾਂਵੀਰ ਨੇ ਕਿਹਾ ਕਿ ਗ੍ਰਹਿਸਤ ਬੰਧਨ ਹੈ। ਤੋੜੋ ਇਸ ਬੰਧਨ ਨੂੰ। ਭਿਕਸ਼ਾ ਮੰਗੋ। ਫਿਰ ਪ੍ਰਸ਼ਨ ਖੜਾ ਹੁੰਦਾ ਹੈ ਕਿ ਕੋਈ ਦੇਣ ਵਾਲਾ ਹੀ ਨਹੀਂ ਤੇ ਭਿਕਸ਼ਾ ਕਿਥੋਂ ਲਵਾਂ ਮੈਂ। ਤੇ ਜੇ ਸਾਰੇ ਹੀ ਗ੍ਰਹਿਸਤ ਦਾ ਤਿਆਗ ਕਰ ਦੇਣ ਤਾਂ ਤਿੰਨ ਸੌ ਸਾਲਾਂ ਤੋਂ ਬਾਅਦ ਕੋਈ ਮਨੁੱਖ ਦਿਖਾਈ ਹੀ ਨਹੀਂ ਦੇਵੇਗਾ। ਇਹ ਸਮੂਹਿਕ ਧਰਮ ਨਹੀਂ ਹੈ। ਇਹ ਸਾਰੀ ਦੁਨੀਆਂ ਦਾ ਧਰਮ ਨਹੀਂ ਹੈ। ਕੁਝ ਵਿਅਕਤੀਆਂ ਦਾ ਧਰਮ ਹੈ। ਕੁਝ ਬੰਦਿਆਂ ਦਾ ਧਰਮ ਹੈ। ਉਹਨਾਂ ਨੂੰ ਮੰਨਣ ਵਾਲੇ ਸੁਸਤ ਹੁੰਦੇ ਗਏ।

ਭਾਰਤ ਅੰਦਾਜ਼ਨ ਇਕ ਹਜ਼ਾਰ ਸਾਲ ਤੋਂ ਹੀ ਲੰਬੀ ਗ਼ੁਲਾਮੀ ਵਿਚ ਰਿਹਾ ਅਤੇ ਗ਼ਰੀਬੀ ਵਿਚ ਬਤੀਤ ਕਰ ਰਿਹਾ ਹੈ। ਉਹਦੇ ਵਿਚ ਵਿਦੇਸ਼ੀਆਂ ਦੀ ਲੁੱਟ ਖਸੁੱਟ ਰਹੀ ਕਿਉਂਕਿ ਅਫ਼ਗਾਨੀਆਂ ਨੇ ਲੁੱਟਿਆ। ਮੰਗੋਲ ਆਏ, ਫ਼ਰੈਂਚ ਆਏ, ਪੁਰਤਗੇਜ਼ੀ ਆਏ, ਅੰਗਰੇਜ਼ ਆਏ। ਪਰ ਮੂਲ ਰੂਪ ਵਿਚ ਇਸ ਦੇਸ਼ ਦੀ ਗ਼ਰੀਬੀ ਦਾ ਇਕ ਹੋਰ ਵੀ ਕਾਰਣ ਹੈ, ਉਹ ਹੈ ਕੁਝ ਨਹੀਂ ਕਰਨਾ, ਭਿਕਸ਼ਾ ਮੰਗਣੀ, ਮੰਗ ਕੇ ਖਾਣਾ। ਇਸ ਦੇ ਨਾਲ ਕੀ ਹੋਇਆ। ਥੋੜਾ ਜਿਹਾ ਆਤਮ ਰੱਸ ਕਿਸੇ ਨੂੰ ਆਇਆ ਵੀ ਤਾਂ ਦੁਨੀਆਂ ਦੀਆਂ ਲੋੜਾਂ ਦੀ ਪੂਰਤੀ ਨਾ ਹੋਣ ਕਰਕੇ। ਤਨ ਦੁੱਖੀ। ਭੋਜਨ ਦਾ ਮਨੁੱਖ ਤਿਆਗ ਕਰ ਸਕਦਾ ਹੈ, ਭੁੱਖ ਦਾ ਨਹੀਂ। ਭੁੱਖ ਦਾ ਕਿਵੇਂ ਤਿਆਗ ਕਰੇ। ਦੁੱਖ ਇਸ ਦੇਸ਼ ਦੇ ਵਿਚ ਵੀ ਬਣਿਆ। ਇਤਨੇ ਸਾਧੂਆਂ ਦੇ ਹੁੰਦਿਆਂ ਹੋਇਆਂ, ਇਤਨੇ ਸੰਤਾਂ ਦੇ ਹੁੰਦਿਆਂ ਹੋਇਆਂ, ਇਤਨੇ ਰਿਸ਼ੀ ਮੁਨੀਆਂ ਦੇ ਹੁੰਦਿਆਂ ਹੋਇਆਂ ਇਹ ਦੇਸ਼ ਦੁੱਖੀ ਹੈ, ਗ਼ਰੀਬੀ ਹੈ ਅਤੇ ਇਹਦੀ ਗਰੀਬੀ ਦਾ ਇਕ ਕਾਰਣ ਹੈ ਮੰਗ ਕੇ ਖਾਣਾ। ਲੋੜ ਹੈ ਇਸ ਬੀਜ ਨੂੰ ਫੱਲ ਤੱਕ ਪਹੁੰਚਾਣ ਵਾਸਤੇ ਧਰਤੀ ਦੀ। ਲੋੜ ਹੈ ਇਸ ਬੀਜ ਨੂੰ ਫਲ ਤਕ ਪਹੁੰਚਾਣ ਵਾਸਤੇ ਪਾਣੀ ਦੀ ਤੇ ਹੋਰ ਸਾਧਨਾਂ ਦੀ। ਭਾਰਤ ਨੇ ਬੀਜ ਦੀ ਤੇ ਫ਼ਿਕਰ ਕੀਤੀ ਪਰ ਜ਼ਮੀਨ ਦੀ ਫ਼ਿਕਰ ਨਾ ਕੀਤੀ। ਪਾਣੀ ਦੀ ਫ਼ਿਕਰ ਨਾ ਕੀਤੀ। ਖਾਦ ਦੀ ਫ਼ਿਕਰ ਨਾ ਕੀਤੀ। ਅਮਰੀਕਾ ਨੇ ਜਾਂ ਯੂਰਪ ਨੇ, ਪੱਛਮ ਨੇ ਜ਼ਮੀਨ ਦੀ ਫ਼ਿਕਰ ਤਾਂ ਕੀਤੀ। ਬੜੀ ਵਧੀਆ ਬਣਾ ਦਿੱਤੀ ਅਤੇ ਬੀਜ ਦੀ ਥਾਂ 'ਤੇ ਕੰਕਰ ਬੀਜੇ, ਪੱਥਰ ਬੀਜੇ, ਜਾਂ ਸੜੇ ਹੋਏ ਬੀਜ ਬੀਜੇ। ਸੁੱਖ ਉਥੇ ਵੀ ਨਾ ਪੈਦਾ ਹੋ ਸਕਿਆ। ਸੁੱਖ ਇਥੇ ਵੀ ਨਾ ਪੈਦਾ ਹੋ ਸਕਿਆ। ਹਾਰ ਗਿਆ ਭੌਤਿਕਵਾਦੀ ਅਤੇ ਹਾਰ ਗਿਆ ਅਧਿਆਤਮਕਵਾਦੀ। ਇਸ ਦੇਸ਼ ਦੇ ਵਿਚ

ਅਧਿਆਤਮਕਵਾਦੀ ਤੋਂ ਵਿਸ਼ਵਾਸ ਟੁੱਟ ਗਿਆ। ਅੱਜ ਇਤਨੀ ਸ਼ਰਧਾ ਨਹੀਂ ਰਹੀ ਉਹਨਾਂ ਅਤਿਆਤਮਕਵਾਦੀਆਂ 'ਤੇ।

ਇਸ ਦੇਸ਼ ਦੇ ਵਿਚ ਅਵਤਾਰੀ ਪੁਰਸ਼ਾਂ ਤੋਂ ਵਿਸ਼ਵਾਸ ਟੁੱਟ ਗਿਆ, ਜਾਂ ਟੁੱਟਦਾ ਜਾ ਰਿਹਾ ਹੈ, ਪਰ ਪੱਛਮ ਦੇ ਵਿਚ ਸਾਇੰਟਿਸਟ ਭੌਤਿਕਵਾਦੀ ਦੇ ਉੱਤੇ ਵੀ ਵਿਸ਼ਵਾਸ ਟੁੱਟ ਗਿਆ। ਤੇ ਹੁਣ ਕੀ ਹੈ, ਅਮਰੀਕਾ ਜੋਗੀਆਂ ਦੇ ਪਿੱਛੇ ਚੱਲ ਕੇ ਮਨ ਦੀ ਸ਼ਾਂਤੀ ਲੱਭ ਰਿਹਾ ਹੈ। ਹਿੰਦੋਸਤਾਨੀ ਅਮਰੀਕਾ ਭੱਜ ਕੇ ਤਨ ਦੀਆਂ ਲੋੜਾਂ ਦੀ ਪੂਰਤੀ ਦੇ ਸਾਧਨ ਲੱਭ ਰਿਹਾ ਹੈ। ਇਕ ਦੀ ਨਿਗਾਹ ਭਾਰਤ 'ਤੇ, ਇਕ ਦੀ ਨਿਗਾਹ ਅਮਰੀਕਾ 'ਤੇ। ਮੈਂ ਅਰਜ਼ ਕਰਾਂ ਪਹਿਲੇ ਗ਼ਲਤੀ ਜਿਹੜੀ ਭਾਰਤ ਦੀ ਸੀ, ਉਸ ਗ਼ਲਤੀ ਨੂੰ ਤੇ ਛੋੜ ਦਿੱਤਾ ਹੈ। ਜਿਹੜੀ ਗ਼ਲਤੀ ਪੱਛਮ ਨੇ ਕੀਤੀ, ਉਸ ਗ਼ਲਤੀ ਨੂੰ ਪਕੜ ਲਿਆ। ਤੇ ਜਿਹੜੀ ਗ਼ਲਤੀ ਭਾਰਤ ਨੇ ਕੀਤੀ, ਉਸਨੂੰ ਯੂਰਪ ਨੇ ਪਕੜ ਲਿਆ। ਪੱਛਮ ਨੇ ਪਕੜ ਲਿਆ। ਇਕ ਨੇ ਬੀਜ ਦੀ ਫ਼ਿਕਰ ਕੀਤੀ, ਇਕ ਨੇ ਧਰਤੀ ਦੀ ਫ਼ਿਕਰ ਕੀਤੀ। ਫਲ ਦੋਹਾਂ ਕੋਲ ਨਹੀਂ।

ਇਸ ਦੇਸ਼ ਨੇ ਬੀਜ ਦੀ ਤਾਂ ਫ਼ਿਕਰ ਕੀਤੀ ਅਤੇ ਕੁਝ ਅਧਿਆਤਮਕਵਾਦੀਆਂ ਨੇ ਬੀਜ ਬੜੇ ਸੁੰਦਰ, ਚੰਗੇ ਵੀ ਬਣਾਏ। ਪਰ ਕੋਈ ਇਕ ਅੱਧ ਮਹਾਂ ਜੋਗੀ, ਕੋਈ ਇਕ ਅੱਧ ਮਹਾਨ ਭਿਕਸ਼ੂ, ਕੋਈ ਇਕ ਅੱਧ ਮਹਾਨ ਸੰਨਿਆਸੀ, ਬਾਕੀ ਤਾਂ ਸਾਰੇ ਐਵੇਂ ਹੀ ਹਨ।

ਧੰਨ ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ ਹਨ ਕਿ ਤਨ ਪ੍ਰਮਾਤਮਾ ਨੇ ਬਣਾਇਆ। ਇਹਦੇ ਵੀ ਕੁਝ ਨਿਯਮ ਹਨ। ਮਨ ਪ੍ਰਭੂ ਨੇ ਬਣਾਇਆ, ਤੂੰ ਨਹੀਂ ਬਣਾਇਆ, ਇਹਦੇ ਵੀ ਕੁਝ ਨਿਯਮ ਹਨ। ਉਸੇ ਨਿਯਮ ਨੂੰ ਸਮਝਣਾ ਤੇ ਉਸੇ ਨਿਯਮ ਮੁਤਾਬਿਕ ਤਨ ਤੇ ਮਨ ਨੂੰ ਚਲਾਉਣਾ। ਇਹਨੂੰ ਕਹਿੰਦੇ ਹਨ ਧਰਮ ਦੇ ਅਨਕੂਲ ਚਲਣਾ। ਹੋਰ ਕੀ ਹੁੰਦਾ ਹੈ ਧਰਮ ਦੇ ਅਨਕੂਲ ਚੱਲਣਾ। ਹੋਰ ਕੀ ਹੁੰਦਾ ਹੈ ਧਰਮ ਨੂੰ ਮੰਨਣਾ।

ਨਿਯਮ ਕੀ ਬਣਾਏ ਹਨ ਉਸ ਪ੍ਰਮਾਤਮਾ ਨੇ। ਮਨੁੱਖ ਜਦ ਕੋਈ ਇਕ ਕਰਮ ਕਰਦਾ ਹੈ ਤਾਂ ਕਰਮ ਕਰਨ ਦੀ ਖੁੱਲ੍ਹ ਹੈ। ਬਿਲਕੁਲ ਖੁੱਲ੍ਹ ਹੈ। ਸਾਗਰ ਵਿਚ ਮੱਛਲੀ ਜਿਥੇ ਜਾਏ, ਜਾ ਸਕਦੀ ਹੈ। ਸੱਜੇ ਪਾਸੇ ਜਾਏ, ਖੱਬੇ ਪਾਸੇ ਜਾਏ। ਪੂਰਬ ਨੂੰ ਜਾਏ, ਪੱਛਮ ਨੂੰ ਜਾਏ, ਉਹਦੀ ਮਰਜ਼ੀ ਹੈ। ਬਹੁਤ ਵੱਡਾ ਸਾਗਰ ਹੈ। ਜ਼ਮੀਨ ਨਾਲੋਂ ਤਿੰਨ ਗੁਣਾ ਵੱਡਾ ਹੈ ਅਤੇ ਮੱਛਲੀ ਇਹ ਆਖੇ ਕਿ ਮੈਂ ਸਾਗਰ ਤੋਂ ਬਾਹਰ ਨਿਕਲ ਕੇ ਚੱਲਣਾ ਹੈ। ਜ਼ਮੀਨ 'ਤੇ ਚੱਲਣਾ ਹੈ, ਸਾਗਰ ਦੇ ਵਿਚ ਨਹੀਂ। ਹੁਣ ਇਸੇ ਕੋਸ਼ਿਸ਼ ਵਿਚ ਮੱਛਲੀ ਮਰ ਤੇ ਜਾਏਗੀ, ਜ਼ਮੀਨ ਤੇ ਨਹੀਂ ਚੱਲ ਸਕੇਗੀ। ਐਸੀ ਪ੍ਰਕਿਰਤੀ ਨਹੀਂ ਹੈ। ਐਸਾ ਪ੍ਰਮਾਤਮਾ ਨੇ ਨਿਯਮ ਹੀ ਨਹੀਂ ਬਣਾਇਆ, ਪਰ ਸਾਗਰ ਵਿਚ ਸੱਜੇ ਖੱਬੇ ਜਾ ਸਕਦੀ ਹੈ। ਜੇਕਰ ਆਖੇ ਕਿ ਮੈਂ ਸਾਗਰ ਦੇ ਕਿਨਾਰਿਆਂ ਨੂੰ ਛੂਹਾਂ ਹੀ ਨਹੀਂ, ਸਗੋਂ ਕਿਨਾਰਿਆਂ 'ਤੇ ਸਾਗਰ ਤਿਆਗ ਕਰਕੇ ਮੈਂ ਜ਼ਮੀਨ 'ਤੇ ਚੱਲਣਾ ਹੈ ਤਾਂ ਹੁਣ ਕੌਣ ਦੱਸੇ ਕਿ ਧਰਮ ਹੀ ਨਹੀਂ ਹੈ। ਇਹ ਮਰਿਆਦਾ ਹੀ ਨਹੀਂ ਹੈ। ਇਹ ਪ੍ਰਮਾਤਮਾ ਦਾ

ਨਿਯਮ ਹੀ ਨਹੀਂ ਹੈ। ਹੋ ਸਕਦਾ ਹੈ ਜੇ ਪੂਰੀ ਤਾਕਤ ਲਾਏ, ਪੂਰੀ ਕੋਸ਼ਿਸ਼ ਕਰੇ, ਇਕ ਫੁੱਟ, ਦੋ ਫੁੱਟ ਤੱਕ ਰੀਂਗ ਜਾਏ, ਪਰ ਮਰ ਜਾਏਗੀ। ਜਦ ਵੀ ਮਨੁੱਖ ਦੇ ਹੱਥ ਕੁਝ ਕਰਨ ਤੇ ਉਹਦੇ ਵਿਚ ਮਨ ਸ਼ਾਮਿਲ ਹੋਵੇ। ਸਰੀਰ ਕੁਝ ਕਰ ਰਿਹਾ ਹੈ ਤੇ ਉਹਦੇ ਵਿਚ ਮਨ ਸ਼ਾਮਿਲ ਨਹੀਂ ਤਾਂ ਉਸ ਕੀਤੇ ਹੋਏ ਕਰਮ ਦੇ ਸੰਸਕਾਰ ਨਹੀਂ ਬਣਨਗੇ। ਜਿਵੇਂ ਜਿਵੇਂ ਇਕੋ ਹੀ ਕਰਮ ਉਸ ਵਿਚ ਮਨ ਸ਼ਾਮਿਲ ਹੈ ਤੇ ਸਰੀਰ ਕਰਦਾ ਜਾ ਰਿਹਾ ਹੈ ਤਾਂ ਸੰਸਕਾਰਾਂ ਦਾ ਸੰਗ੍ਰਹਿ ਹੁੰਦਾ ਜਾ ਰਿਹਾ ਹੈਂ, ਇਹੀ ਸੰਸਕਾਰਾਂ ਦਾ ਮੋਹ ਬਣਕੇ ਮਨੁੱਖ ਦਾ ਸੁਭਾਅ ਬਣ ਜਾਂਦਾ ਹੈ।

ਕਰਮ ਬਦਲੇ ਜਾ ਸਕਦੇ ਹਨ। ਸੰਸਕਾਰ ਬਦਲੇ ਜਾ ਸਕਦੇ ਹਨ, ਸੁਭਾਉ ਨਹੀਂ ਬਦਲਿਆ ਜਾ ਸਕਦਾ। ਮੈਂ ਹੱਥ ਜੋੜਾਂ ਤੇ ਜ਼ਾਲਿਮ ਆਪਣੇ ਕਦਮ ਫਿਰ ਵੀ ਨਾ ਰੋਕੇ ਤੇ ਮਜ਼ਲੂਮ ਨੂੰ ਆਪਣੇ ਪੈਰਾਂ ਦੇ ਥੱਲੇ ਲਿਤਾੜੀ ਜਾਏ। ਬਾਰ ਬਾਰ ਉਸ ਕਰਮ ਨੂੰ ਦੁਹਰਾਇਆ ਗਿਆ। ਰਪੀਟ ਕੀਤਾ ਗਿਆ ਤੇ ਸੰਸਕਾਰ ਬਣ ਗਏ। ਚੱਲਦੇ ਰਹੇ ਕਰਮ, ਸੰਗ੍ਰਹਿ ਹੁੰਦਾ ਰਿਹਾ ਸੰਸਕਾਰਾਂ ਦਾ। ਇਹੀ ਸੁਭਾਉ ਬਣ ਜਾਂਦਾ ਹੈ। ਮਨੁੱਖ ਦੇ ਕਰਮ ਬਦਲਦੇ ਹਨ। ਸਤਿਸੰਗ ਮਨੁੱਖ ਦੇ ਸੰਸਕਾਰਾਂ ਨੂੰ ਬਦਲਦਾ ਹੈ, ਪਰ ਬਾਰ ਬਾਰ ਜਦ ਕੀਤੇ ਕਰਮ ਤੇ ਸੰਸਕਾਰ ਸੁਭਾਉ ਬਣ ਜਾਂਦੇ ਹਨ ਤਾਂ ਐਸੇ ਮਨੁੱਖਾਂ ਦੇ ਸਾਹਮਣੇ ਅਵਤਾਰ ਵੀ ਅਸਫਲ ਹੋ ਜਾਂਦੇ ਹਨ। ਅਵਤਾਰਾਂ ਨੇ ਕੀ ਉਹਨਾਂ ਦਾ ਸੁਭਾਉ ਬਦਲਣਾ ਹੈ। ਅਵਤਾਰਾਂ ਨੂੰ ਸੂਲੀ ਉੱਤੇ ਟੰਗ ਕੇ ਰੱਖ ਦੇਂਦੇ ਹਨ।

ਤੁਸੀਂ ਆਖੋਗੇ ਸੱਜਣ ਠੱਗ ਦੇ ਸੁਭਾਉ ਨੂੰ ਗੁਰੂ ਨਾਨਕ ਨੇ ਬਦਲਿਆ। ਇਹ ਵੀ ਨੁਕਤਾ ਰੱਖ ਦਿਆਂ। ਅਵਲ ਤੇ ਠੱਗ ਅਸੀਂ ਕਹਿੰਦੇ ਹਾਂ, ਗੁਰੂ ਨਾਨਕ ਨੇ ਕਿਧਰੇ ਉਸ ਨੂੰ ਠੱਗ ਨਹੀਂ ਆਖਿਆ। ਸੱਜਣ ਕਰਕੇ ਹੀ ਬੁਲਾਇਆ। ਇਹਨੇ ਧਰਮਸਾਲ ਵੀ ਬਣਾਈ ਹੋਈ ਸੀ। ਮਸਜਿਦ ਵੀ ਬਣਾਈ ਹੋਈ ਸੀ। ਹਿੰਦੂ ਮੁਸਲਿਮ ਦੋਵੇਂ ਯਾਤਰੀਆਂ ਦਾ ਖ਼ਿਆਲ ਰੱਖਦਾ ਸੀ। ਪਹਿਲੇ ਪਰਉਪਕਾਰ ਦੀ ਭਾਵਨਾ ਨਾਲ ਇਹ ਬਣਾਇਆ ਸੀ। ਇਕ ਦਿਨ ਐਸੇ ਮੁਸਾਫ਼ਿਰ ਆ ਗਏ, ਜਿੰਨ੍ਹਾਂ ਕੋਲ ਸੋਨੇ ਦੀਆਂ ਅਸ਼ਰਫ਼ੀਆਂ ਬਹੁਤ ਸਨ। ਹੁਣ ਇਹ ਬ੍ਰਹਮ ਗਿਆਨੀ ਤੇ ਹੈ ਨਹੀਂ ਸੀ, ਪਰਉਪਕਾਰੀ ਸੀ। ਕੋਈ ਸੰਤ ਤੇ ਹੈ ਨਹੀਂ ਸੀ, ਸੇਵਾ ਕਰਨ ਵਾਲਾ ਸੀ। ਅਜੇ ਸੇਵਾ ਕਰਦਾ ਪਿਆ ਸੀ। ਅਜੇ ਇਹਦੀ ਸੇਵਾ ਸੰਤਪੁਣੇ ਤੱਕ ਨਹੀਂ ਸੀ ਪਹੁੰਚੀ। ਧਨ ਨੂੰ ਵੇਖ ਕੇ ਲਾਲਚ ਆ ਗਿਆ ਕਿ ਇਹ ਸਾਰੀਆਂ ਸੋਨੇ ਦੀਆਂ ਅਸ਼ਰਫ਼ੀਆਂ ਮੇਰੇ ਕੋਲ ਹੋਣ, ਪਰ ਕਿਸ ਤਰ੍ਹਾਂ ਹੋਣ। ਜਾਂ ਤੇ ਉਹਨੂੰ ਧੋਖਾ ਦਿੱਤਾ ਜਾਏ, ਜਾਂ ਉਹਨੂੰ ਮਾਰਿਆ ਜਾਏ। ਮਾਰਿਆ, ਪਰ ਦਿਨ ਭਰ ਪਸ਼ਚਾਤਾਪ ਵੀ ਕਰਦਾ ਰਿਹਾ। ਇਹ ਕੀ ਕਰ ਬੈਠਾ। ਮਸਜਿਦ ਬਣਾਈ, ਧਰਮਸਾਲਾ ਬਣਾਈ। ਇਹ ਮੈਂ ਕੀ ਕੀਤਾ। ਪਸਚਾਤਾਪ ਦਾ ਮਤਲਬ ਹੈ ਕਤਲ ਕਰਨਾ, ਕਰਮ ਹੈ, ਸੰਸਕਾਰ ਹੈ, ਸੁਭਾਉ ਨਹੀਂ ਹੈ। ਚੋਰੀ ਕਰਕੇ ਪਸਚਾਤਾਪ ਪਹਿਲੇ ਹੋਵੇ। ਚੋਰੀ ਕਰਮ ਹੈ, ਸੰਸਕਾਰ ਹੈ, ਸੁਭਾਉ ਨਹੀਂ ਹੈ। ਦੁਰਾਚਾਰ ਕਰਕੇ ਬਾਰ ਬਾਰ ਮਨ ਪਸਚਾਤਾਪ ਕਰੇ, ਕਰਮ ਹੈ, ਸੰਸਕਾਰ ਹੈ, ਸੁਭਾਉ ਨਹੀਂ। ਸੁਭਾਉ ਕਿਸ ਤਰ੍ਹਾਂ ਬਣਦਾ

ਹੈ, ਬਾਰ ਬਾਰ ਉਹ ਕਰਮ ਕੀਤਾ ਜਾਏ। ਤੇ ਸੰਸਕਾਰਾਂ ਦਾ ਇਕੱਠ ਹੋ ਜਾਏ, ਉਹਨਾਂ ਹੀ ਸੰਸਕਾਰਾਂ ਦਾ।

ਹੁਣ ਤੁਹਾਨੂੰ ਗੁਰੂ ਨਾਨਕ ਦੇਵ ਜੀ ਦਾ ਇਕ ਵਾਕ ਸੁਣਾ ਲਵਾਂ, ਫੇਰ ਮੈਂ ਅੱਗੇ ਚਲਾ। ਸਾਹਿਬ ਕਹਿੰਦੇ ਹਨ-

ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ॥
ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ॥

(ਅੰਗ ੭੮੯)

ਕਾਲੀ ਬੋਲੀ ਰਾਤ ਹੈ, ਮੱਸਿਆ ਦੀ ਰਾਤ ਹੈ, ਪਰ ਚਿੱਟੀਆਂ ਚੀਜ਼ਾਂ ਤਾਂ ਕਾਲੀਆਂ ਨਹੀਂ ਹੁੰਦੀਆਂ। ਰਾਤ ਦੀ ਤਾਰੀਕੀ ਚਿੱਟੀਆਂ ਵਸਤੂਆਂ ਨੂੰ ਕਾਲਾ ਨਹੀਂ ਕਰ ਸਕਦੀ। ਭਾਵੇਂ ਕਿਤਨੀ ਕਾਲੀ ਹੋਵੇ। ਭਾਵੇਂ ਉਸਦੀ ਕਾਲਕ ਕਰਕੇ ਹਰ ਚੀਜ਼ ਕਾਲੀ ਦਿਖਾਈ ਦੇਵੇ, ਕਿਉਂਕਿ ਹਨੇਰਾ ਬੜਾ ਪ੍ਰਬੱਲ ਹੈ। ਹਨੇਰਾ ਸਭ ਨੂੰ ਇਕੋ ਜਿਹਾ ਕਰਕੇ ਰੱਖ ਦੇਂਦਾ ਹੈ। ਹਨੇਰੇ ਵਿਚ ਨਾ ਸੋਨਾ ਦਿਖਾਈ ਦੇਂਦਾ ਹੈ, ਨਾ ਪਿੱਤਲ, ਨਾ ਲੋਹਾ, ਸਭ ਕੁਝ ਇਕੋ ਜਿਹਾ। ਹਨੇਰੇ ਵਿਚ ਸਿਰਫ਼ ਹਨੇਰਾ ਹੀ ਦਿਖਾਈ ਦੇਂਦਾ ਹੈ। ਹਨੇਰਾ ਇਤਨਾ ਪ੍ਰਬੱਲ ਅਤੇ ਇਤਨਾ ਹੰਕਾਰੀ ਹੈ। ਕਹਿੰਦਾ ਹੈ ਬਸ ਮੈਨੂੰ ਹੀ ਵੇਖ, ਹੋਰ ਕਿਸੇ ਨੂੰ ਵੇਖਣ ਦੀ ਕੀ ਲੋੜ ਹੈ।

ਮਹਾਰਾਜ ਕਹਿੰਦੇ ਹਨ ਕਿ ਠੀਕ ਹੈ ਢੱਕ ਦੇਵੇਗਾ ਵਕਤੀ ਤੌਰ 'ਤੇ ਪਰ ਸਫ਼ੈਦ ਚੀਜ਼ਾਂ ਨੂੰ ਕਾਲਾ ਨਹੀਂ ਕਰ ਸਕਦਾ। ਚਿੱਟਾ ਸੂਰਜ ਚਮਕਿਆ, ਭਾਵੇਂ ਕਿਤਨਾ ਚਿੱਟਾ, ਭਾਵੇਂ ਕਿਤਨੀ ਰੋਸ਼ਨੀ, ਕਿਤਨੀ ਚਿਟਿਆਈ ਫੈਲਾ ਦਿੱਤੀ, ਪਰ ਕਾਲੀਆਂ ਚੀਜ਼ਾਂ ਚਿੱਟੀਆਂ ਤਾਂ ਨਹੀਂ ਹੁੰਦੀਆਂ। ਕਾਲੀਆਂ ਚੀਜ਼ਾਂ ਕਾਲੀਆਂ ਹੀ ਰਹਿਣਗੀਆਂ। ਜਿਸ ਮਨੁੱਖ ਦੇ ਸੁਭਾਉ ਵਿਚ ਸੰਤਪੁਣਾ ਹੈ, ਦਇਆ ਹੈ, ਸੀਲ ਹੈ, ਸੰਜਮ ਹੈ, ਸਮਦ੍ਰਿਸ਼ਟੀ ਹੈ, ਪ੍ਰੇਮ ਹੈ। ਜਿਸ ਮਨੁੱਖ ਦਾ ਸੁਭਾਉ ਹੈ ਭਾਵੇਂ ਕਿਤਨੀ ਕਾਲੀ ਬੋਲੀ ਰਾਤ ਹੋਵੇ। ਕਿਤਨੇ ਕੁਸੰਗੀ ਹੋਵਣ, ਕਿਤਨੇ ਦੁਸ਼ਟ ਹੋਵਣ, ਕਿਤਨੇ ਜ਼ਾਲਮ ਹੋਵਣ, ਸੰਤ ਦਾ ਸੁਭਾਉ ਨਹੀਂ ਬਦਲ ਸਕਦਾ। ਉਹਦੇ ਵਿਚ ਦਇਆ ਰਹੇਗੀ। ਉਹਦੇ ਵਿਚ ਨਿਰਵੈਰਤਾ ਰਹੇਗੀ।

ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥

(ਅੰਗ ੧੩੭੩)

ਸੱਪ ਲਿਪਟੇ ਹਨ ਚੰਦਨ ਨੂੰ, ਪਰ ਸੱਪਾਂ ਦੀ ਮਹਿਕ ਨਾਲ ਯਾਰੀ ਹੈ। ਕਿਸੇ ਸੰਤ ਨੇ ਅੱਜ ਤੱਕ ਚੋਰ ਨੂੰ ਨਹੀਂ ਮਾਰਿਆ। ਹਮੇਸ਼ਾਂ ਚੋਰ ਹੀ ਚੋਰ ਨੂੰ ਮਾਰਦੇ ਹਨ। ਕਦੀ ਕਿਸੇ ਸੰਤ ਨੇ ਕਾਤਲ ਨੂੰ ਨਹੀਂ ਮਾਰਿਆ। ਕਾਤਲਾਂ ਨੇ ਹੀ ਕਾਤਲ ਨੂੰ ਮਾਰਿਆ ਹੈ। ਸੰਤ ਕੋਸ਼ਿਸ਼ ਕਰਦਾ ਹੈ ਅਗਲੇ ਦੇ ਮਨ ਨੂੰ ਬਦਲਣ ਦੀ। ਅਗਲੇ ਦਾ ਮਨ ਬਦਲ ਗਿਆ ਤਾਂ ਉਹਨੂੰ ਸਮਝ ਆ

ਜਾਂਦੀ ਹੈ ਕਿ ਅਜੇ ਸੰਸਕਾਰ ਸਨ, ਕਰਮ ਸਨ, ਸੁਭਾਉ ਨਹੀਂ ਹੈ। ਜਿਨ੍ਹਾਂ ਦੇ ਸੰਸਕਾਰ ਮਾੜੇ ਹਨ, ਬਦਲੀਏ, ਪਰ ਜਿਨ੍ਹਾਂ ਦਾ ਸੁਭਾਉ ਹੀ ਮਾੜਾ ਹੈ ਉਹ ਤਾਂ ਸ਼ਾਂਤੀ ਦੀ ਮੂਰਤ ਗੁਰੂ ਅਰਜਨ ਦੇਵ ਜੀ ਨੂੰ ਵੀ ਤੱਤੀ ਤਵੀ 'ਤੇ ਬਿਠਾ ਦੇਂਦੇ ਹਨ। ਦੁਸ਼ਟਪੁਣਾ ਸੁਭਾਉ ਹੈ।

ਜਹਾਂਗੀਰ ਕੋਲੋਂ ਦਇਆ ਦੀ ਉਮੀਦ ਕੀਤੀ ਵੀ ਨਹੀਂ ਜਾ ਸਕਦੀ। ਉਹਦਾ ਆਪਣਾ ਹੀ ਲੜਕਾ ਖ਼ੁਸਰੋ ਸੀ। ਜਿਨ੍ਹਾਂ ਨੇ ਇਤਿਹਾਸ ਦਾ ਕਦੀ ਅਧਿਐਨ ਕੀਤਾ ਹੋਵੇ। ਲਾਹੌਰ ਵਿਚ ਖੁਲ੍ਹੇ ਮੈਦਾਨ ਵਿਚ ਕੱਚਾ ਚਮੜਾ ਗਊ ਦਾ, ਉਹਦੇ ਵਿਚ ਮੜ੍ਹ ਕੇ ਧੁੱਪ ਵਿਚ ਰੱਖਿਆ ਸੀ ਖ਼ੁਸਰੋ ਨੂੰ। ਤੜਫਾ ਤੜਫਾ ਕੇ ਮਾਰਿਆ ਸੀ। ਉਸਦਾ ਕਸੂਰ ਕੀ ਸੀ? ਉਸ ਨੇ ਇਕ ਦਿਨ ਕਹਿ ਦਿੱਤਾ ਅੱਬਾ ਹਜ਼ੂਰ! ਤੁਸੀਂ ਬੁੱਢੇ ਹੋ ਗਏ ਹੋ। ਨਾਲੇ ਸਾਰਾ ਦਿਨ ਸ਼ਰਾਬ ਦੇ ਨਸ਼ੇ ਵਿਚ ਲੀਨ ਰਹਿੰਦੇ ਹੋ। ਤੁਹਾਡੇ ਕੋਲੋਂ ਰਾਜ ਪਾਟ ਚੱਲਦਾ ਨਹੀਂ। ਅੰਮੀ ਹਜ਼ੂਰ ਨੂਰਜਹਾਂ ਚਲਾਉਂਦੀ ਹੈ। ਇਹ ਸਿੰਘਾਸਨ ਮੈਨੂੰ ਦੇ ਦਿਉ। ਪੁੱਤਰ ਦਾ ਇਕ ਹੱਥ ਮੌਜੂਦ ਹੋਵੇ ਤਾਂ ਇਕ ਹੱਥ ਦੀ ਵਸਤੂ ਪਿਉ ਨੂੰ ਪੁੱਤਰ ਨੂੰ ਦੇ ਦੇਣੀ ਚਾਹੀਦੀ ਹੈ। ਤੇ ਪੁੱਤਰ ਦੇ ਦੋਵੇਂ ਹੱਥ ਮਜ਼ਬੂਤ ਹੋ ਗਏ ਹਨ ਤੇ ਪਿਉ ਆਖੇ ਮੈਂ ਤੈਨੂੰ ਕੱਖ ਨਹੀਂ ਦੇਣਾ। ਪਿਉ ਪੁੱਤਰ ਦਾ ਸੰਘਰਸ਼ ਹੋ ਗਿਆ। ਸਿਆਣਾ ਸੀ, ਮਜ਼ਬੂਤ ਸੀ, ਜਵਾਨ ਸੀ, ਨਾਲ ਕੁਝ ਫ਼ੌਜੀਆਂ ਦੀ ਹਮਦਰਦੀ ਵੀ ਸੀ। ਚਾਹੁੰਦੇ ਸਨ ਕਿ ਖ਼ੁਸਰੋ ਤਖ਼ਤ 'ਤੇ ਬੈਠੇ। ਮੂੰਹੋਂ ਨਿਕਲਿਆ, ਬਾਗ਼ੀ, ਵਿਦਰੋਹੀ, ਪੰਜ ਸੱਤ ਗਾਲ੍ਹਾਂ ਵੀ ਕੱਢੀਆਂ। ਖ਼ੁਸਰੋ ਨੇ ਦੇਖਿਆ ਕਿ ਹਾਲਾਤ ਠੀਕ ਨਹੀਂ ਤਾਂ ਨੱਸ ਪਿਆ। ਹੁਣ ਕਿਥੇ ਜਾਵੇ? ਸਾਰੇ ਦੇਸ਼ ਦਾ ਬਾਦਸ਼ਾਹ ਜਹਾਂਗੀਰ ਹੋਵੇ, ਕਿਥੇ ਭੱਜ ਕੇ ਜਾਵੇ।

ਇਸ ਤਰ੍ਹਾਂ ਦਾ ਨਿਆਸਰਿਆਂ ਦਾ ਆਸਰਾ ਆਦਿ ਕਾਲ ਤੋਂ ਕੇਵਲ ਗੁਰੂ ਨਾਨਕ ਦਾ ਘਰ ਰਿਹਾ। ਗੁਰੂ ਅਰਜਨ ਦੇਵ ਜੀ ਦੇ ਕੋਲ ਚਲਾ ਗਿਆ। ਮਹਾਰਾਜ, ਮੈਨੂੰ ਰਾਤ ਦਾ ਟਿਕਾਣਾ ਵੀ ਦਿਉ ਅਤੇ ਮੈਂ ਤਿੰਨ ਦਿਨ ਦਾ ਭੁੱਖ ਵੀ ਹਾਂ। ਦਿੱਤਾ ਸਹਾਰਾ। ਇਹੀ ਇਲਜ਼ਾਮ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ 'ਤੇ ਲਾਇਆ। ਬਾਗ਼ੀ ਨੂੰ ਪਨਾਹ, ਵਿਦਰੋਹੀ ਨੂੰ ਪਨਾਹ, ਗੁਰੂ ਦਾ ਦਰ ਤਾਂ ਦਰੱਖ਼ਤ ਦੀ ਤਰ੍ਹਾਂ ਹੈ। ਤੋਤੇ ਵੀ ਆਣ ਕੇ ਬੈਠਦੇ ਹਨ, ਚਿੜੀਆਂ ਵੀ ਆਣ ਕੇ ਬੈਠਦੀਆਂ ਹਨ। ਸਾਰਿਆਂ ਦਾ ਦਰੱਖ਼ਤ ਸਹਾਰਾ ਹੈ।

ਤੂੰ ਤਰਵਰੁ ਹਉ ਪੰਖੀ ਆਹਿ॥ (ਅੰਗ ੩੨੩)

ਭਗਤ ਕਬੀਰ ਕਹਿੰਦੇ ਹਨ, ਹੇ ਪ੍ਰਭੂ! ਤੂੰ ਤੇ ਦਰੱਖ਼ਤ ਦੀ ਤਰ੍ਹਾਂ ਹੈਂ ਤੇ ਅਸੀਂ ਦਰੱਖ਼ਤ ਦੇ ਪੰਛੀ ਹਾਂ। ਇਸ ਦਰੱਖ਼ਤ 'ਤੇ ਇਹ ਪੰਛੀ ਕਿਉਂ ਬੈਠੇ ਹਨ? ਇਹ ਭੁੱਖਾ ਪੰਛੀ ਕਿਉਂ ਬੈਠਾ ਹੈ? ਇਸ ਦਰੱਖ਼ਤ ਨੂੰ ਮੁੱਢੋਂ ਕੱਟ ਦਿਉ। ਸਾਹਿਬ ਕਹਿੰਦੇ ਹਨ ਤੂੰ ਕੁਝ ਨਹੀਂ ਕਰ ਸਕਦਾ। ਕੀ ਕਰ ਸਕਦਾ ਹੈਂ। ਜੋ ਪ੍ਰਭੂ ਦੀ ਬਣਾਈ ਹੋਈ ਮਰਿਆਦਾ ਹੈ, ਉਹ ਅਟੱਲ ਹੈ। ਆਪ ਮਹਾਂਵਾਕ ਸਤਿਗੁਰੂ ਦਾ ਸਵਰਨ ਕਰੋ। ਜਿਸ ਤਰ੍ਹਾਂ ਸਤਿਗੁਰੂ ਕਹਿ ਰਹੇ ਹਨ। ਲੜੀਵਾਰ ਆਪ ਸਰਵਨ ਕਰੋ ਅੱਖਰੀ ਅਰਥਾਂ ਵਿਚ। ਸਤਿਨਾਮ ਵਾਹਿਗੁਰੂ ਸਾਹਿਬ ਜੀ।

ਸੂਹੀ ਮਹਲਾ ੪॥ ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥

ਜੋ ਕੁਝ ਜਗਤ ਵਿਚ ਕੀਤਾ ਹੋਇਆ ਹੈ, ਬਣਾਇਆ ਹੋਇਆ ਹੈ, ਉਹਦੀ ਰਜ਼ਾ ਵਿਚ ਹੈ। ਉਹਦਾ ਹੁਕਮ ਹੈ। ਉਹਦੀ ਬਣਾਈ ਹੋਈ ਮਰਿਆਦਾ ਹੈ। ਜੋ ਕੁਝ ਵੀ ਹੈ ਸਭ ਕੁਝ ਉਸਦੀ ਬਣਾਈ ਹੋਈ ਮਰਿਆਦਾ ਦੇ ਵਿਚ ਬਣਿਆ ਹੈ। ਤੇਰੇ ਨਾਲ ਵੀ ਮਰਿਆਦਾ ਹੈ। ਜੋ ਕੁਝ ਤੂੰ ਕਰੇਂਗਾ, ਸੰਸਕਾਰ ਬਣਨਗੇ।

ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥ ੧॥

ਤੇਰੇ ਆਪਣੇ ਕੀਤੇ ਨਾਲ ਕੁਝ ਵੀ ਨਹੀਂ ਹੋਣਾ। ਜੋ ਕੁਝ ਪ੍ਰਭੂ ਨੇ ਕੀਤਾ ਹੋਇਆ ਹੈ, ਉਸਦੇ ਵਿਚ ਹੀ ਕਰਨ ਨਾਲ ਸੁੱਖ ਹੈ। ਉਸ ਵਿਚ ਹੀ ਜੀਣ ਨਾਲ ਸੁੱਖ ਹੈ। ਤੂੰ ਯਤਨ ਵੀ ਕਰ ਕੇ ਦੇਖ ਲੈ, ਉਹਦੀ ਮਰਿਆਦਾ ਦੀ ਉਲੰਘਣਾ ਨਹੀਂ ਹੋ ਸਕਦੀ।

ਮੇਰੇ ਹਰਿ ਜੀਉ ਸਭ ਕੋ ਤੇਰੈ ਵਸਿ॥

ਸਭ ਕੁਝ ਤੇਰੇ ਵੱਸ ਵਿਚ ਹੈ। ਸਭ ਕੁਝ ਤੇਰੇ ਅੰਦਰ ਹੈ। ਜਿਵੇਂ ਮੱਛਲੀ ਦਾ ਜਨਮ, ਜੀਵਨ ਤੇ ਮਰਣ ਸਾਗਰ ਦੇ ਅੰਦਰ ਹੈ। ਸਾਡਾ ਜਨਮ, ਜੀਵਨ ਤੇ ਮਰਣ ਉਸ ਪ੍ਰਭੂ ਦੀ ਬਣਾਈ ਹੋਈ ਮਰਿਆਦਾ ਦੇ ਅੰਦਰ ਹੈ।

ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ
ਜਿਉ ਭਾਵੈ ਤਿਵੈ ਬਖਸਿ॥ ੧॥ ਰਹਾਉ॥

ਹੇ ਪ੍ਰਭੂ ! ਸਾਡੇ ਕੋਲ ਤਾਕਤ ਨਹੀਂ ਹੈ। ਸਾਡੇ ਕੋਲ ਜ਼ੋਰ ਨਹੀਂ ਹੈ ਕਿ ਅਸੀਂ ਹੁਕਮ ਦੀ ਉਲੰਘਣਾ ਕਰ ਸਕੀਏ। ਇਸ ਵਾਸਤੇ ਹੇ ਪ੍ਰਭੂ! ਜਿਵੇਂ ਤੂੰ ਚਾਹੇਂ ਬਖ਼ਸ਼ ਦੇ।

ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ॥

ਤਨ ਦਿੱਤਾ, ਮਨ ਦਿੱਤਾ ਤੇ ਭੁੱਖ ਮਜਬੂਰ ਕਰਦੀ ਹੈ ਕਿ ਕੁਝ ਕਰ। ਪਿਆਸ ਮਜਬੂਰ ਕਰਦੀ ਹੈ ਕਿ ਕੁਝ ਕਰਨਾ ਹੈ। ਲੋੜਾਂ ਮਜਬੂਰ ਕਰਦੀਆਂ ਹਨ ਕੁਝ ਕਰਨਾ। ਤੇ ਇਸੇ ਤਰੀਕੇ ਨਾਲ ਸਭ ਕੁਝ ਉਸੇ ਦਾ ਬਣਾਇਆ ਹੋਇਆ ਹੈ ਅਤੇ ਉਸ ਦੀ ਪ੍ਰੇਰਨਾ ਨਾਲ ਹੀ ਮਨੁੱਖ ਸਭ ਕੁਝ ਕਰਦੇ ਹਨ।

ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ॥੨॥

ਉਸਨੇ ਧੁਰ ਦਰਗਾਹੋਂ ਲਿਖਿਆ ਹੈ ਕਿ ਕਰਮਾਂ ਤੋਂ ਬਣੇ ਹਨ ਸੰਸਕਾਰ। ਤੇ ਸੰਸਕਾਰਾਂ ਤੋਂ ਬਣਿਆ ਹੈ ਸੁਭਾਉ। ਉਸੇ ਮੁਤਾਬਿਕ ਮਾਂ ਬਾਪ ਮਿਲਦੇ ਹਨ। ਉਸੇ ਮੁਤਾਬਿਕ ਦੁੱਖ ਸੁੱਖ ਮਿਲਦਾ ਹੈ। ਉਸੇ ਮੁਤਾਬਿਕ ਤਨ ਦਾ ਰੰਗ ਮਿਲਦਾ ਹੈ, ਰੂਪ ਮਿਲਦਾ ਹੈ। ਉਸੇ ਦੇ ਮੁਤਾਬਿਕ ਹੀ ਕੱਦ ਮਿਲਦਾ ਹੈ। ਜਿਵੇਂ ਇਹ ਪ੍ਰਭੂ ਤੂੰ ਧੁਰ ਦਰਗਾਹੋਂ ਲਿਖਿਆ ਹੈ, ਉਸੇ ਤਰੀਕੇ ਨਾਲ ਇਹ ਜੀਵ ਸਭ ਕੁਝ ਪ੍ਰਾਪਤ ਕਰਦਾ ਹੈ।

ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ

ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥

ਜੇਕਰ ਉਸਦੀ ਮਰਿਆਦਾ ਤੋਂ, ਉਸਦੇ ਲਿਖੇ ਹੋਏ ਲੇਖ ਤੋਂ ਕੁਝ ਉਲਟ ਵੀ ਕੀਤਾ ਜਾ ਸਕਦਾ ਹੈ ਤਾਂ ਸਾਹਿਬ ਕਹਿੰਦੇ ਹਨ ਕਿ ਤੂੰ ਕਰਕੇ ਹੀ ਦਿਖਾ। ਪੰਜ ਤੱਤਾਂ ਦਾ ਉਸ ਨੇ ਸੰਸਾਰ ਬਣਾਇਆ ਹੈ ਤੇ ਇਹਨਾਂ ਪੰਜ ਤੱਤਾਂ ਵਿਚ ਹੀ ਤੂੰ ਵਿਚਰ ਸਕਦਾ ਹੈਂ। ਹਾਂ, ਤੂੰ ਆਖੇਂ ਮੈਂ ਵੀ ਕੁਝ ਕਰ ਸਕਦਾ ਹਾਂ ਤਾਂ ਫੇਰ ਛੇਵਾਂ ਤੱਤ ਬਣਾ ਕੇ ਦਿਖਾ। ਇਕ ਤੱਤ ਹੋਰ ਬਣਾ ਕੇ ਦਿਖਾ। ਤੈਨੂੰ ਵੀ ਕਰਤਾ ਮੰਨ ਲਈਏ। ਨਹੀਂ ਤਾਂ ਤੂੰ ਕਰਤਾ ਨਹੀਂ ਹੈ, ਕ੍ਰਿਤ ਹੈਂ।

ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ॥ ੩॥

ਇਕ ਨੂੰ ਪੂਰਬਲੇ ਸੰਸਕਾਰਾਂ ਅਨੁਸਾਰ ਗੁਰੂ ਦਾ ਮਿਲਾਪ ਹੋ ਜਾਂਦਾ ਹੈ। ਉਹਨਾਂ ਨੂੰ ਸੂਝ ਮਿਲ ਜਾਂਦੀ ਹੈ। ਸਮਝ ਮਿਲ ਜਾਂਦੀ ਹੈ। ਹੁਕਮ ਨੂੰ ਮੰਨ ਲੈਂਦੇ ਹਨ, ਹੁਕਮ ਵਿਚ ਰਹਿੰਦੇ ਹਨ, ਮਰਿਆਦਾ ਵਿਚ ਰਹਿੰਦੇ ਹਨ। ਮਰਿਆਦਾ ਨਾਲ ਸੰਘਰਸ਼ ਨਹੀਂ ਕਰਦੇ। ਮਰਿਆਦਾ ਨੂੰ ਤੋੜਨ ਦੀ ਕੋਸ਼ਿਸ਼ ਨਹੀਂ ਕਰਦੇ। ਇਕ ਮਨਮੁੱਖ ਹਨ ਜੋ ਮਰਿਆਦਾ ਨੂੰ ਤੋੜਨ ਦੀ ਕੋਸ਼ਿਸ਼ ਕਰਦੇ ਹਨ। ਤੋੜ ਤਾਂ ਨਹੀਂ ਸਕਦੇ, ਪਰ ਮਹਾਂ ਦੁੱਖ ਭੋਗਦੇ ਹਨ। ਮਹਾਂ ਕਲੇਸ਼ ਭੋਗਦੇ ਹਨ।

ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖ ਮੁਗਧੁ ਨੀਚਾਣੁ॥

ਉਸ ਪਰੀਪੂਰਨ ਪ੍ਰਮਾਤਮਾ ਦੀ ਵਡਿਆਈ, ਗੁਣ ਮੈਂ ਸਾਰੇ ਬਿਆਨ ਨਹੀਂ ਕਰ ਸਕਦਾ, ਇਤਨੀ ਸਮਝ ਨਹੀਂ ਹੈ। ਇਤਨਾ ਸੁਚੇਤਪੁਣਾ ਨਹੀਂ ਹੈ। ਇਤਨੀ ਪਰਬੱਲ ਰਸਨਾ ਨਹੀਂ ਹੈ ਕਿ ਉਸ ਸਭ ਕੁਝ ਦਾ ਬਖਿਆਨ ਕਰਾਂ।

ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ॥

ਹੇ ਪ੍ਰਭੂ! ਅਨਜਾਣ ਹਾਂ, ਤੇਰੀ ਸਰਣ ਵਿਚ ਆਏ ਹਾਂ। ਤੂੰ ਬਖ਼ਸ਼ਿਸ਼ ਕਰ। ਤੂੰ ਰਹਿਮਤ ਕਰ, ਆਪਣੇ ਦਾਮਨ ਵਿਚ ਲੈ, ਆਪਣੇ ਚਰਨਾਂ ਵਿਚ ਥਾਂ ਦੇ। ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਸਲੋਕ ਮੈਂ ਤੁਹਾਨੂੰ ਸੁਣਾਉਂਦਾ ਹਾਂ।

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥

(ਅੰਗ ੧੪੨੯)

ਇਹ ਸਲੋਕ ਸਾਰਿਆਂ ਨੂੰ ਕੰਠ ਹੈ। ਜਿਤਨੀ ਸਤਿਗੁਰੂ ਨੇ ਸੂਝ ਬੂਝ ਦਿੱਤੀ, ਤੁਹਾਡੇ ਸਾਹਮਣੇ ਗੱਲ ਖੋਲ੍ਹੀ ਹੈ। ਸਤਿਗੁਰੂ ਰਹਿਮਤ ਕਰਨ, ਬਖ਼ਸ਼ਿਸ਼ ਕਰਨ ਕਿ ਸ਼ਬਦ ਦਾ ਸਾਰ ਤੱਤ ਸਾਡੇ ਹਿਰਦੇ ਵਿਚ ਵੱਸੇ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਗਗਨ ਮੈ ਥਾਲੁ

ਆਰਤੀ

ਰਾਗੁ ਧਨਾਸਰੀ ਮਹਲਾ ੧ ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥ ੧ ॥
ਕੈਸੀ ਆਰਤੀ ਹੋਇ ॥ ਭਵ ਖੰਡਨ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੁੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ ॥ ੨ ॥
ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਅਨਦਿਨੋੁ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਇ ਵਾਸਾ ॥ ੪ ॥ ੩ ॥

(ਅੰਗ ੧੩)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਨਮਾਨ ਯੋਗ ਗੁਰੂ ਰੂਪ ਸਾਧਸੰਗਤਿ ਜੀਉ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਹ ਪਰਮ ਵਾਕ ਜਿਸਨੂੰ ਸੁਣ ਕੇ, ਪੜ੍ਹ ਕੇ ਟੈਗੋਰ ਸਮਾਧੀ ਲੀਨ ਹੋ ਗਿਆ ਸੀ। ਧਨਾਸਰੀ ਰਾਗ ਦਾ ਇਹ ਮਹਾਂਵਾਕ ਹੈ ਅਤੇ ਛੋਟਾ ਮੂਲ ਮੰਗਲ ਉਹ ਵੀ ਦਰਜ ਹੈ। ਮੂਲ ਮੰਤਰ ਨੂੰ ਹਰ ਥਾਂ 'ਤੇ ਇਕ ਤੋਂ ਆਰੰਭ ਕੀਤਾ ਹੈ ਅਤੇ ਪ੍ਰਸਾਦਿ 'ਤੇ ਸਮਾਪਤ ਕੀਤਾ ਹੈ। ਉਹ ਇਕ ਹੈ। ਉਹ ਜੋ ਇਕ ਹੈ ਉਹ ਕੀ ਹੈ? ਓਅੰਕਾਰ ਹੈ। ਇਸਦੀ ਤਹਿ ਵਿਚ ਜਾਈਏ ਕਿ ਓਅੰਕਾਰ ਕੀ ਹੈ? ਜਿਸ ਤੋਂ ਉੱਤਪਤੀ ਹੋ ਰਹੀ ਹੈ, ਪਾਲਣਾ ਹੋ ਰਹੀ ਹੈ। ਉਹ ਜੋ ਇਕ ਹੈ, ਸ਼ਬਦ ਹੈ। ਕਿਹੜਾ? ਓਅੰਕਾਰ। ਜੋ ਇਕ ਹੈ, ਉਹ ਸਤਿ ਹੈ, ਗੁਰੂ ਹੈ, ਪ੍ਰਸਾਦਿ ਹੈ, ਦਇਆਲੂ ਹੈ, ਕ੍ਰਿਪਾਲੂ ਹੈ, ਕਰੁਣਾਕਰ ਹੈ, ਰਹੀਮ ਹੈ।

ਸ਼ਬਦ ਦਾ ਸਿਰਲੇਖ ਹੈ ਆਰਤੀ। ਇਹ ਆਰਤੀ ਹੀ ਕੇਵਲ ਸਾਡੇ ਦੇਸ਼ ਵਿਚ ਪ੍ਰਚਲਿਤ ਹੋਈ ਅਤੇ ਸਨਾਤਨ ਮੱਤ ਦੇ ਨਾਲ ਪ੍ਰਚਲਿਤ ਹੋਈ। ਥਾਲ ਵਿਚ ਸੁਗੰਧਿਤ ਵਸਤੂਆਂ ਰੱਖ ਲੈਣੀਆਂ ਤੇ ਨਾਲ ਅਗਰਬੱਤੀਆਂ ਆਦਿ ਜਲਾ ਲੈਣੀਆਂ, ਦੀਵੇ ਰੱਖ ਲੈਣੇ ਫਿਰ ਉਸ ਥਾਲੀ ਨੂੰ ਕਿਸੇ ਮੂਰਤੀ ਅੱਗੇ ਚਾਰ ਵਾਰੀ ਚਰਨਾਂ ਦੇ ਵਿਚ ਘੁਮਾਉਣਾ, ਦੋ ਵਾਰੀ ਨਾਭੀ ਵਾਲੀ ਥਾਂ 'ਤੇ ਘੁਮਾਉਣਾ, ਇਕ ਵਾਰੀ ਮੂੰਹ ਦੇ ਅਗੋਂ ਘੁਮਾਉਣਾ ਤੇ ਸੱਤ ਵਾਰੀ ਸਾਰੇ ਸਰੀਰ ਦੀ ਆਰਤੀ ਉਤਾਰਨੀ। ਇਸ ਤਰ੍ਹਾਂ ਗਾਇਨ ਕਰਦਿਆਂ ਹੋਇਆਂ ਇਹ ਆਰਤੀ ਉਤਾਰਦੇ ਹਨ। ਇਹ ਵੀ ਇਕ ਤਰੀਕੇ ਨਾਲ ਪੂਜਾ ਦਾ ਢੰਗ ਹੈ। ਇਸ ਆਰਤੀ ਦੇ ਸਮੇਂ ਜਗਨਨਾਥ ਪੁਰੀ ਵਿਚ ਬੜੀ ਰੌਣਕ ਹੁੰਦੀ ਹੈ। ਜਗਨਨਾਥ ਪੁਰੀ ਵਿਚ ਆਰਤੀ ਦੀ ਬੜੀ ਮਹਾਨਤਾ ਹੈ। ਇਸ ਦ੍ਰਿਸ਼ ਨੂੰ ਗੁਰੂ ਨਾਨਕ ਦੇਵ ਜੀ ਨੇ ਵੀ ਦੇਖਿਆ ਹੈ। ਦੇਖਕੇ ਜੋ ਗੁਰੂ ਨਾਨਕ ਨੇ ਆਰਤੀ ਕੀਤੀ ਹੈ, ਉਹ ਇਹੀ ਹੈ ਜੋ ਇਸ ਸ਼ਬਦ ਵਿਚ ਬੰਦ ਹੈ। ਇਹ ਆਰਤੀ ਸਵੇਰੇ ਸ਼ਾਮ ਨਹੀਂ, ਹਰ ਸਮੇਂ ਹੋ ਰਹੀ ਹੈ।

ਮੈਂ ਇਕ ਅਰਜ਼ ਕਰਾਂ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਮੈਂ ਇਸ ਪ੍ਰਕਿਰਤੀ ਤੋਂ ਪ੍ਰਮਾਤਮਾ ਦੀ ਪ੍ਰੇਰਨਾ ਲਈ ਹੈ ਤੇ ਪ੍ਰਕਿਰਤੀ ਪੰਜ ਤੱਤਾਂ ਦੀ ਹੈ। ਸਾਹਿਬ ਸਾਫ ਕਹਿੰਦੇ ਹਨ-

ਕਰਤੇ ਕੁਦਰਤੀ ਮੁਸਤਾਕੁ॥

(ਅੰਗ ੭੨੪)

ਮੁਸ਼ਤਾਕ ਕਹਿੰਦੇ ਹਨ ਆਸ਼ਿਕ, ਦੇਖਣ ਵਾਲਾ। ਦੇਖਕੇ ਜੋ ਆਸ਼ਿਕ ਹੋ ਗਿਆ ਹੈ ਅਤੇ ਦੇਖਣਾ ਚਾਹੁੰਦਾ ਹੈ, ਅਰਬੀ ਫ਼ਾਰਸੀ ਵਿਚ ਉਸਨੂੰ ਮੁਸ਼ਤਾਕ ਕਹਿੰਦੇ ਹਨ। ਹੇ ਕਰਤੇ! ਤੇਰਾ ਤਾਂ ਮੈਨੂੰ ਕੁਝ ਨਹੀਂ ਪਤਾ, ਪਰ ਤੇਰੀ ਕਿਰਤ ਨੂੰ ਦੇਖ ਕੇ ਮੈਂ ਮੁਸ਼ਤਾਕ ਹੋ ਗਿਆ ਹਾਂ। ਤੇਰੇ ਦਰਸ਼ਨਾਂ ਦੀ ਚਾਹਤ ਪੈਦਾ ਹੋ ਗਈ ਹੈ। ਮੈਂ ਤੇਰਾ ਆਸ਼ਿਕ ਬਣ ਗਿਆ ਹਾਂ। ਕਿਉਂਕਿ

ਕੁਦਰਤ ਨੇ ਮੈਨੂੰ ਤੇਰਾ ਆਸ਼ਿਕ ਬਣਾਇਆ ਹੈ ਤਾਂ ਫਿਰ ਸਾਹਿਬ ਕਹਿੰਦੇ ਹਨ-

ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥

(ਅੰਗ ੪੬੯)

ਮੈਂ ਸਦਕੇ ਜਾਂਦਾ ਹਾਂ ਇਸ ਕੁਦਰਤ ਤੋਂ। ਭਗਤ ਕਬੀਰ ਵੀ ਅਜਿਹਾ ਕਹਿੰਦੇ ਹਨ-

ਕੁਦਰਤਿ ਕਰ ਕੈ ਵਸਿਆ ਸੋਇ॥ ਵਖਤੁ ਵੀਚਾਰੇ ਸੁ ਬੰਦਾ ਹੋਇ॥

(ਅੰਗ ੮੩)

ਸਾਰੇ ਅਵਤਾਰੀ ਪੁਰਸ਼ਾਂ ਨੇ ਪ੍ਰੇਰਨਾ ਤਾਂ ਪ੍ਰਕਿਰਤੀ ਤੋਂ ਲਈ ਹੈ। ਚਾਹੇ ਸਨਾਤਨੀ ਰਿਸ਼ੀ ਮੁਨੀ ਹਨ, ਚਾਹੇ ਮਹਾਤਮਾ ਬੁੱਧ ਹਨ, ਚਾਹੇ ਜੋਗੀਆਂ ਦੇ ਮੁਖੀ ਗੋਰਖ ਤੇ ਮਛੰਦਰ ਹਨ, ਚਾਹੇ ਇਸਲਾਮ ਦੇ ਬਾਨੀ ਮੁਹੰਮਦ ਸਾਹਿਬ ਹਨ ਤੇ ਚਾਹੇ ਗੁਰਮਤਿ ਦੇ ਜਨਮ ਦਾਤਾ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ, ਪ੍ਰੇਰਨਾ ਤਾ ਕੁਦਰਤ ਤੋਂ ਹੀ ਹੈ। ਹੋਰ ਕੋਈ ਸਾਧਨ ਨਹੀਂ ਹੈ।

ਪ੍ਰਕਿਰਤੀ ਵਿਚ ਪੰਜ ਤੱਤ ਹਨ - ਪਾਣੀ, ਅਗਨੀ, ਹਵਾ, ਪ੍ਰਿਥਵੀ, ਆਕਾਸ਼। ਇਹ ਪੰਜ ਤੱਤ ਬਣ ਜਾਂਦੇ ਹਨ। ਸਾਰੀ ਕੁਦਰਤ ਇਹਨਾਂ ਪੰਜ ਤੱਤਾਂ ਦੇ ਵਿਚ ਆ ਜਾਂਦੀ ਹੈ। ਇਹਨਾਂ ਪੰਜ ਤੱਤਾਂ ਵਿਚੋਂ ਕਿਸੇ ਇਕ ਤੱਤ ਦਾ ਅਵਤਾਰੀ ਪੁਰਸ਼ 'ਤੇ ਜ਼ਿਆਦਾ ਪ੍ਰਭਾਵ ਪਿਆ ਹੈ। ਜਾਂ ਇੰਝ ਕਹਿ ਲਉ ਕਿ ਕੁਦਰਤ ਤੱਕ ਪਹੁੰਚਣ ਦਾ ਵਸੀਲਾ ਉਸਨੇ ਪੰਜ ਤੱਤਾਂ ਵਿਚੋਂ ਕਿਸੇ ਇਕ ਤੱਤ ਨੂੰ ਬਣਾਇਆ ਹੈ।

ਇਸਨੂੰ ਸਪੱਸ਼ਟ ਕਰਨ ਤੋਂ ਪਹਿਲਾਂ ਮੈਂ ਇੰਨਾ ਅਰਜ਼ ਕਰਾਂ। ਇਕ ਗੁਣਵਾਨ ਮਨੁੱਖ ਦੇ ਅੰਦਰ ਬਹੁਤ ਸਾਰੇ ਗੁਣ ਹੋਣਗੇ, ਪਰ ਇਕ ਗੁਣ ਪ੍ਰਧਾਨ ਹੁੰਦਾ ਹੈ। ਉਹ ਹਰ ਸਮੇਂ ਹੁੰਦਾ ਹੈ ਤੇ ਬਾਕੀ ਗੁਣ ਕਿਸੇ ਕਿਸੇ ਸਮੇਂ ਪ੍ਰਗਟ ਹੁੰਦੇ ਹਨ। ਮਨੁੱਖ ਔਗੁਣਹਾਰਾ ਹੈ। ਸੈਂਕੜੇ ਹਜ਼ਾਰਾਂ ਤਰ੍ਹਾਂ ਦੇ ਔਗੁਣ ਉਸਦੇ ਅੰਦਰ ਹੋਣਗੇ ਪਰ ਇਕ ਔਗੁਣ ਪ੍ਰਧਾਨ ਹੁੰਦਾ ਹੈ। ਬਾਕੀ ਔਗੁਣਾ ਦੇ ਧੂੰਏ ਕਿਸੇ ਕਿਸੇ ਸਮੇਂ ਨਿਕਲਦੇ ਹਨ, ਜਦੋਂ ਉਹ ਉਹਨਾਂ ਦੀ ਵਰਤੋਂ ਕਰਦਾ ਹੈ। ਹੋ ਸਕਦਾ ਹੈ ਮੇਰੀ ਇਹ ਪਕੜ ਗ਼ਲਤ ਹੋਵੇ, ਕੋਈ ਦਾਅਵੇ ਵਾਲੀ ਗੱਲ ਨਹੀਂ। ਅਜਿਹਾ ਦੇਖਣ ਵਿਚ ਆਇਆ ਹੈ ਕਿ ਹਰ ਅਵਤਾਰੀ ਪੁਰਸ਼ ਦੇ ਅੰਦਰ ਕੋਈ ਅਲੱਗ ਅਲੱਗ ਗੁਣਾ ਦੀ ਸ਼ਮ੍ਹਾਂ ਜਲੀ ਹੈ ਹਰ ਸਮੇਂ। ਇਸ ਕਰਕੇ ਸਾਰੇ ਅਵਤਾਰੀ ਪੁਰਸ਼ ਅਲੱਗ ਅਲੱਗ ਦਿਖਾਈ ਦਿੰਦੇ ਹਨ। ਤੁਸੀਂ ਸਾਰੇ ਅਵਤਾਰਾਂ ਨੂੰ ਸਾਹਮਣੇ ਬਿਠਾ ਦਿਉ, ਉਹ ਇਕੋ ਵਰਗੇ ਨਹੀਂ ਹੋਣਗੇ। ਹੋ ਵੀ ਨਹੀਂ ਸਕਦੇ। ਘਰ ਵਿਚ ਚਾਰ ਬੱਚੇ ਹਨ, ਚਾਰ ਅਲੱਗ ਅਲੱਗ ਹਨ। ਕਿਉਂਕਿ ਹਰ ਇਕ ਦਾ ਗੁਣ ਅਲੱਗ ਅਲੱਗ ਹੈ ਤੇ ਹਰ ਇਕ ਦਾ ਔਗੁਣ ਅਲੱਗ ਅਲੱਗ ਹੈ। ਲੱਖ ਵੀ ਕੋਸ਼ਿਸ਼ ਕਰੀਏ ਪਤੀ ਪਤਨੀ ਇਕ ਹੋ ਜਾਣ। ਇਹ ਤਾਂ ਹੋ ਸਕਦੇ ਹਨ ਜੇਕਰ ਦੋਹਾਂ ਦਾ ਗੁਣ ਇਕੋ ਹੀ ਪ੍ਰਧਾਨ ਹੋਵੇ ਜਾਂ ਦੋਹਾਂ ਦਾ ਔਗੁਣ ਇਕੋ ਹੀ ਪ੍ਰਧਾਨ ਹੋਵੇ। ਅਜਿਹਾ ਬਹੁਤ

ਘੱਟ ਹੁੰਦਾ ਹੈ ਕਿ ਦੋ ਭਰਾਵਾਂ ਦਾ ਗੁਣ ਇਕੋ ਹੀ ਪ੍ਰਧਾਨ ਹੋਵੇ। ਪਿਉ ਪੁੱਤਰ ਦਾ ਗੁਣ ਇਕੋ ਹੀ ਪ੍ਰਧਾਨ ਹੋਵੇ।

ਸੰਸਾਰ ਵਿਚ ਦੇਖੋਗੇ ਕੋਈ ਭਰਾ ਭਰਾ ਨਾਲ ਸਹਿਮਤ ਨਹੀਂ ਹੈ, ਕੋਈ ਪਿਤਾ ਪੁੱਤਰ ਨਾਲ ਸਹਿਮਤ ਨਹੀਂ ਹੈ। ਹਰ ਇਕ ਦਾ ਗੁਣ ਅਲੱਗ ਅਲੱਗ ਹੈ। ਗੁਣ ਤਾਂ ਉਸ ਗੁਣਵਾਨ ਵਿਚ ਬਹੁਤ ਸਾਰੇ ਹੁੰਦੇ ਹਨ, ਪਰ ਇਕ ਗੁਣਾ ਦੀ ਸ਼ਮ੍ਹਾ ਹਰ ਸਮੇਂ ਜੱਲਦੀ ਰਹਿੰਦੀ ਹੈ। ਔਗੁਣ ਤਾਂ ਗੁਨਹਾਗਾਰ ਦੇ ਅੰਦਰ ਹਜ਼ਾਰਾਂ ਹੋਣਗੇ, ਪਰ ਇਕ ਔਗੁਣ ਦਾ ਧੂੰਆਂ ਹਰ ਸਮੇਂ ਧੁੱਖਦਾ ਰਹਿੰਦਾ ਹੈ। ਦਿਨ ਰਾਤ ਉਸਦਾ ਉਸੇ ਗੁਣ ਤੇ ਔਗੁਣ ਵਿਚ ਬਤੀਤ ਹੁੰਦਾ ਹੈ। ਬਾਕੀ ਗੁਣਾ ਔਗੁਣਾ ਦੇ ਦੀਵੇ ਉਦੋਂ ਜੱਲਦੇ ਹਨ ਜਦੋਂ ਉਸਨੂੰ ਲੋੜ ਹੋਵੇ।

ਇਸਲਾਮ ਦੇ ਬਾਨੀ ਪ੍ਰਕਿਰਤੀ ਵਿਚ ਜਿਸ ਤੱਤ ਨੂੰ ਪ੍ਰਧਾਨਤਾ ਦਿੰਦੇ ਹਨ ਉਹ ਧਰਤੀ ਹੈ। ਮੁਹੰਮਦ ਸਾਹਿਬ ਸੁਗੰਧ ਦੇ ਬੜੇ ਰਸੀਆ ਸਨ। ਕੋਈ ਉਹਨਾਂ ਨੂੰ ਕੀਮਤੀ ਘੋੜਾ ਪੇਸ਼ ਕਰ ਦੇਵੇ, ਖ਼ੁਸ਼ ਨਹੀਂ ਹੁੰਦੇ ਸਨ। ਕੋਈ ਹੀਰੇ ਮੋਤੀਆਂ ਦੀ ਥੈਲੀ ਅੱਗੇ ਰੱਖ ਦੇਵੇ, ਕੁਝ ਵੀ ਨਹੀਂ। ਪਰ ਛੋਟੀ ਜਿਹੀ ਅਤਰ ਦੀ ਸ਼ੀਸ਼ੀ ਅੱਗੇ ਰੱਖ ਦੇਵੇ, ਅਸੀਸ ਦਿੰਦੇ ਸਨ, ਖ਼ੁਸ਼ ਹੋ ਜਾਂਦੇ ਸਨ। ਸਵੇਰ ਤੋਂ ਲੈ ਕੇ ਸ਼ਾਮ ਤੱਕ ਵੱਖ ਵੱਖ ਸੁਗੰਧ ਉਹਨਾਂ ਨੇ ਆਪਣੇ ਜਿਸਮ 'ਤੇ ਲਗਾਉਣੀ। ਇਹ ਉਹਨਾਂ ਦਾ ਰੌਂਸ ਬੜਾ ਪ੍ਰਬਲ ਸੀ।

ਧਰਤੀ ਦਾ ਜੋ ਸਿਰਮੌਰ ਗੁਣ ਹੈ, ਉਹ ਸੁਗੰਧ ਹੈ। ਜਿਨ੍ਹਾਂ ਨੇ ਕਦੀ ਪੰਜ ਤੱਤ ਦੀਆਂ ਪ੍ਰਕਿਰਤੀਆਂ ਦਾ ਅਧਿਐਨ ਕੀਤਾ ਹੈ, ਉਹਨਾਂ ਨੂੰ ਪਤਾ ਹੈ। ਜੇਕਰ ਧਰਤੀ ਨਹੀਂ ਤਾਂ ਸੁਗੰਧ ਹੋ ਹੀ ਨਹੀਂ ਸਕਦੀ। ਧਰਤੀ ਅਜਿਹਾ ਤੱਤ ਹੈ, ਸੁਗੰਧ ਜਿਸਦੀ ਪ੍ਰਕਿਰਤੀ ਹੈ। ਧਰਤੀ ਦਾ ਤੱਤ ਮੁਹੰਮਦ ਸਾਹਿਬ ਦੀ ਦੁਨੀਆਂ ਵਿਚ ਸਿਰਮੌਰ ਹੋ ਗਿਆ। ਬਾਰ ਬਾਰ ਆਪਣਾ ਸਿਰ ਜ਼ਮੀਨ 'ਤੇ ਰੱਖਣਾ, ਸੱਜਦਾ ਹੀ ਕਰਨਾ, ਮੱਥਾ ਹੀ ਟੇਕੀ ਜਾਣਾ। ਦੁਰਗੰਧ ਤੋਂ ਦੂਰ ਭੱਜਦੇ ਸਨ। ਮੈਂ ਦੇਖਦਾ ਹਾਂ ਕਿ ਭਾਵੇਂ ਗ਼ਰੀਬ ਤੋਂ ਗ਼ਰੀਬ ਮੁਸਲਮਾਨ ਹੋਵੇ, ਭਾਵੇਂ ਚੰਗਾ ਖਾਣ ਨੂੰ ਨਹੀਂ ਮਿਲਦਾ, ਚੰਗਾ ਪਹਿਨਣ ਨੂੰ ਨਹੀਂ, ਪਰ ਅਤਰ ਤਾਂ ਉਸਨੇ ਲਾਇਆ ਹੋਇਆ ਹੈ। ਇਸਲਾਮੀ ਜਗਤ ਵਿਚ ਸਭ ਤੋਂ ਵੱਡੀ ਭੇਟ ਹੈ, ਸੁਗੰਧ ਭੇਟ ਕਰਨੀ।

ਇਸਲਾਮ ਤੋਂ ਬਾਅਦ ਲਈਏ ਸਨਾਤਨ ਮੱਤ ਨੂੰ। ਮੈਂ ਆਪਣੇ ਢੰਗ ਨਾਲ ਅਧਿਐਨ ਕਰਕੇ ਦੇਖਿਆ ਹੈ ਕਿ ਇਹਨਾਂ ਦੀ ਦੁਨੀਆਂ ਵਿਚ ਪਾਣੀ ਤੱਤ ਪ੍ਰਧਾਨ ਹੈ। ਪਾਣੀ ਤੱਤ ਦੀ ਪ੍ਰਕਿਰਤੀ ਹੈ ਰੱਸ। ਸਾਰਾ ਰੱਸ ਪਾਣੀ ਕਰਕੇ ਹੈ। ਕਿਸੇ ਫੁੱਲ ਵਿਚ, ਕਿਸੇ ਫਲ ਵਿਚ, ਕਿਸੇ ਪਦਾਰਥ ਵਿਚ ਜੋ ਰਸਨਾ ਦਾ ਰੱਸ ਹੈ, ਉਹ ਰਸਾ ਹੈ, ਪਾਣੀ ਹੈ। ਬ੍ਰਾਹਮਣ, ਪੁਜਾਰੀ, ਪ੍ਰਾਚੀਨ ਰਿਸ਼ੀ ਮੁਨੀ ਸਾਰਾ ਦਿਨ ਮੂਰਤੀਆਂ ਨੂੰ ਭੋਗ ਲਗਾਉਂਦੇ ਰਹਿਣਗੇ। ਹੁਣ ਰਾਜ ਭੋਗ, ਹੁਣ ਬ੍ਰਹਮ ਭੋਗ, ਹੁਣ ਫਲਾਨਾ ਭੋਗ। ਪ੍ਰਮਾਤਮਾ ਕੀ ਹੈ? ਰਸਾ ਹੈ, ਰੱਸ ਹੈ। ਪਾਣੀ ਤੱਤ ਦੀ ਇਹ ਪ੍ਰਕਿਰਤੀ ਹੈ। ਫਿਰ ਪਾਣੀ ਦਾ ਉਪਯੋਗ। ਪ੍ਰਮਾਤਮਾ ਆਇਆ ਹੈ ਧਰਤੀ ਵਿਚੋਂ ਸੁਗੰਧ

ਦੇ ਰਾਹੀਂ। ਸਾਰੀ ਸਾਧਨਾ ਕੇਂਦਰਿਤ ਹੈ ਪਾਣੀ 'ਤੇ। ਪ੍ਰਮਾਤਮਾ ਉਹ ਰੱਸ ਹੈ। ਕੌਣ? ਜੋ ਨਿਰਮਲ ਹੈ। ਮੁਹੰਮਦ ਸਾਹਿਬ ਉਹ ਖ਼ੁਦਾ ਹੈ। ਕੌਣ? ਜੋ ਵਿਨਿਮਰ ਹੈ। ਉਹ ਖ਼ੁਦਾ ਜਿਸ ਤੋਂ ਮਹਿਕ ਆ ਰਹੀ ਹੈ। ਜੋ ਵਿਨਿਮਰ ਹੈ ਤਾਂ ਧਰਤੀ ਪੈਰਾਂ ਦੇ ਥੱਲੇ ਹੈ, ਸਾਰਿਆਂ ਦੇ ਪੈਰਾਂ ਦੇ ਥੱਲੇ ਹੈ। ਸਾਨੂੰ ਤਾਂ ਝੁਕ ਕੇ ਕਿਸੇ ਦੇ ਪੈਰਾਂ 'ਤੇ ਹੱਥ ਲਗਾਉਣਾ ਪਵੇਗਾ, ਧਰਤੀ ਤਾਂ ਸਾਰਿਆਂ ਦੇ ਪੈਰਾਂ ਦੇ ਥੱਲੇ ਹੈ। ਪਸ਼ੂਆਂ ਦੇ ਪੈਰਾਂ ਦੇ ਥੱਲੇ, ਮਨੁੱਖਾਂ ਦੇ ਪੈਰਾਂ ਦੇ ਥੱਲੇ। ਧਰਤੀ ਤੋਂ ਜ਼ਿਆਦਾ ਨਿਰਮਾਣ ਕਿਥੋਂ ਲੱਭੋਗੇ?

ਇਕ ਆਲਮ ਕਹਿੰਦਾ ਹੈ-

ਜ਼ੁਬਾਂ ਖੋਲੇਗਾ ਮੁਝ ਪਰ ਬਦਜ਼ੁਬਾਂ ਬਦ ਸੁਵਾਰੀ ਸੇ।
ਕਿ ਮੈਨੇ ਖ਼ਾਕ ਭਰ ਦੀ ਹੈ ਉਨਕੇ ਮੂੰਹ ਮੇਂ ਖ਼ਾਕਸਾਰੀ ਸੇ।

ਜਦੋਂ ਮੈਂ ਸਾਰਿਆਂ ਦੇ ਚਰਨਾਂ ਦੀ ਖ਼ਾਕ ਹੋ ਗਿਆ ਤਾਂ ਹੁਣ ਕੀ ਮੇਰੀ ਨਿੰਦਾ ਕਰੋਗੇ। ਖ਼ੁਦਾ ਬੜਾ ਵਿਨਿਮਰ ਹੈ, ਸਿਰ 'ਤੇ ਚੜ੍ਹ ਕੇ ਨਹੀਂ ਬੈਠਦਾ। ਕਿਸੇ ਦੇ ਸਿਰ ਦਾ ਬੋਝ ਨਹੀਂ ਬਣਦਾ। ਵਿਨਿਮਰ ਕੋਲ ਸੁਗੰਧ ਹੈ, ਧਰਤੀ ਕੋਲ ਸੁਗੰਧ ਹੈ। ਸਨਾਤਨ ਮੱਤ ਪਾਣੀ ਬਣਕੇ ਪ੍ਰਮਾਤਮਾ ਪ੍ਰਗਟ ਹੋਇਆ ਹੈ। ਪਾਣੀ ਨਿਰਮਲ ਹੈ, ਰੱਸ ਹੈ। ਹੇ ਪ੍ਰਭੂ! ਤੂੰ ਬੜਾ ਨਿਰਮਲ ਹੈਂ। ਅਜਿਹਾ ਨਿਰਮਲ ਰੱਸ ਬਣ ਕੇ ਪ੍ਰਗਟ ਹੋਇਆ ਹੈਂ। ਸਾਰਾ ਦਿਨ ਤਰ੍ਹਾਂ ਤਰ੍ਹਾਂ ਦੇ ਭੋਜ ਤੇ ਭੋਜਨ ਨੂੰ ਜੋੜਿਆ ਹੈ ਬ੍ਰਹਮ ਨਾਲ। ਬ੍ਰਹਮ ਭੋਜ ਇਹ ਪ੍ਰਮਾਤਮਾ ਦਾ ਖਾਣਾ। ਅੰਨ ਬ੍ਰਹਮ ਕਿਉਂਕਿ ਭੋਜਨ ਰੱਸ, ਪ੍ਰਭੂ ਰੱਸ ਹੈ।

ਹਿੰਦੂ ਜਗਤ ਦੀ ਸਾਧਨਾ ਇਸ਼ਨਾਨ 'ਤੇ ਖੜੀ ਹੋ ਗਈ। ਮਾਘੀ ਦਾ ਇਸ਼ਨਾਨ, ਕੁੰਭ ਦਾ ਇਸ਼ਨਾਨ, ਰੋਜ਼ ਸਵੇਰੇ ਸ਼ਾਮ ਦਾ ਇਸ਼ਨਾਨ। ਪ੍ਰਭੂ ਨਿਰਮਲ ਹੈ। ਖ਼ੁਦਾ ਧਰਤੀ ਹੈ ਤੇ ਮੇਰਾ ਮਸਤਕ ਹਰ ਸਮੇਂ ਧਰਤੀ 'ਤੇ ਪਿਆ ਰਹੇ ਤਾਂ ਪੰਜ ਵਕਤ ਨਿਮਾਜ਼, ਸੈਂਕੜੇ ਵਾਰੀ ਸਿਰ ਦਾ ਜ਼ਮੀਨ 'ਤੇ ਪੈਣਾ। ਜਗਤ ਦੇ ਅਵਤਾਰੀ ਪੁਰਸ਼ਾਂ ਵਿਚ ਇਕ ਤੱਤ ਪ੍ਰਧਾਨ ਹੈ ਪੰਜ ਤੱਤਾਂ ਵਿਚੋਂ। ਸੱਜਣ ਪੁਰਸ਼ ਵਿਚ ਮਹਾਨ ਗੁਣ ਦਾ ਜੋ ਦੀਪਕ ਉਸਦੇ ਅੰਦਰ ਜੱਲ ਰਿਹਾ ਹੈ, ਉਸਦੇ ਆਸਰੇ 'ਤੇ ਕਦੀ ਕਦੀ ਉਹ ਬਾਕੀ ਗੁਣਾ ਦੀ ਵੀ ਵਰਤੋਂ ਕਰ ਲੈਂਦਾ ਹੈ। ਪਰ ਇਕ ਗੁਣ ਹਰ ਸਮੇਂ ਵਿਨਿਮਰਤਾ, ਨਿਰਮਾਣਤਾ ਦੀ ਮੂਰਤੀ ਸਨ ਮੁਹੰਮਦ ਸਾਹਿਬ। ਪ੍ਰਮਾਤਮਾ ਕਦੀ ਜਤਾਂਦਾ ਨਹੀਂ ਕਿ ਮੈਂ ਹਾਂ। ਸਾਰੀ ਸ਼ਕਤੀ ਉਸ ਕੋਲ, ਸਾਰੀ ਸਮਰੱਥਾ ਉਸ ਕੋਲ ਤੇ ਗ਼ਜ਼ਬ ਦੀ ਗੱਲ, ਕਿਤੇ ਸ਼ੋਰ ਸ਼ਰਾਬਾ ਨਹੀਂ ਕਰਦਾ ਕਿ ਮੈਂ ਹਾਂ। ਤੁਹਾਡੀ ਮਰਜ਼ੀ ਹੈ ਮੰਨੋ, ਤੁਹਾਡੀ ਮਰਜ਼ੀ ਹੈ ਨਾ ਮੰਨੋ। ਮੈਂ ਤਾਂ ਪ੍ਰਗਟ ਹੀ ਨਹੀਂ ਹੁੰਦਾ।

ਮੁਹੰਮਦ ਸਾਹਿਬ ਦੀ ਜੇਬ ਹਰ ਸਮੇਂ ਧਨ ਤੋਂ ਖ਼ਾਲੀ ਹੁੰਦੀ ਸੀ। ਕਈ ਵਾਰੀ ਲੋੜ ਹੁੰਦੀ ਸੀ ਤਾਂ ਵੀ ਨਹੀਂ ਹੁੰਦੇ ਸਨ। ਮੁਫਲਸ ਸਨ, ਪਰ ਯਕੀਨ ਜਾਣੋ, ਉਹਨਾਂ ਦੀ ਥੈਲੀ ਵਿਚ ਕੋਈ ਨਾ ਕੋਈ ਖ਼ੁਸ਼ਬੋ ਜ਼ਰੂਰ ਹੁੰਦੀ ਸੀ। ਆਮ ਜਗਤ ਨੂੰ ਵੀ ਪਤਾ ਸੀ ਕਿ ਸੁਗੰਧ ਦੇ ਰਸੀਆ

: ਨ ਤਾਂ ਭੇਟ ਵੀ ਸੁਗੰਧ ਦੀ ਅੱਗੇ ਰੱਖਦੇ ਸਨ। ਬਸ ਇਸ ਵਿਚ ਜੀਵੇ ਮੁਹੰਮਦ ਸਾਹਿਬ।

ਪ੍ਰਭੂ ਨਿਰਮਲ ਹੈ। ਇਸ ਵਾਸਤੇ ਸਨਾਤਨ ਮੱਤ ਵਿਚ ਸਭ ਤੋਂ ਬੜਾ ਔਗੁਣ ਕੀ ਹੈ? ਮੈਲਾ ਹੋਣਾ। ਇਹ ਮੈਲਾ ਜੀਊਂਦਾ ਹੈ, ਮੈਲਾ ਖਾਂਦਾ ਹੈ, ਮੈਲਾ ਪਹਿਨਦਾ ਹੈ, ਮੈਲਾ ਰਹਿੰਦਾ ਹੈ। ਮਲੇਸ਼, ਇਹ ਸਭ ਤੋਂ ਵੱਡੀ ਗਾਲ੍ਹ ਹੋ ਗਈ। ਆਪ ਸੁਣ ਕੇ ਹੈਰਾਨ ਹੋਵੋਗੇ ਕਿਸੇ ਮਨੁੱਖ ਕੋਲੋਂ ਕੋਈ ਚੰਗੀ ਅਤਰ ਦੀ ਸੁਗੰਧ ਆ ਰਹੀ ਹੋਵੇ, ਪਰ ਹੋਵੇ ਔਗੁਣਹਾਰਾ। ਅਰਬ ਦੇਸ਼ ਵਿਚ ਤਾਂ ਗਾਲ੍ਹ ਇਹੀ ਹੈ ਦੁਰਗੰਧੀ। ਤੂੰ ਤਾਂ ਮਲੇਸ਼ ਹੈਂ। ਇਸ ਦੇਸ਼ ਵਿਚ ਕਿਉਂਕਿ ਪ੍ਰਭੂ ਨਿਰਮਲ ਹੈ। ਨਿਰਮਲਤਾ ਤਾਂ ਸਾਰੀ ਬਾਣੀ 'ਤੇ ਖੜੀ ਹੈ। ਰਾਜੇ ਮਹਾਰਾਜੇ ਜਿਸਦੀ ਲਪੇਟ ਵਿਚ ਆ ਗਏ, ਉਹ ਸੀ ਜੋਗ ਮੱਤ। ਅਜੇ ਵੀ ਬੜਾ ਪ੍ਰਭਾਵ ਹੈ ਅਮਰੀਕਾ ਵਿਚ। ਅਮਰੀਕਾ ਵਿਚ ਉਹਨਾਂ ਸੰਤਾਂ ਦਾ ਪ੍ਰਭਾਵ ਹੈ ਜਿਸਦੇ ਨਾਂ ਨਾਲ ਜੋਗੀ ਲੱਗਿਆ ਹੈ। ਇਸ ਵਾਸਤੇ ਜਿਹੜੇ ਜਿਹੜੇ ਸੰਤ ਜੋਗੀ ਨਹੀਂ ਹਨ, ਉਹਨਾਂ ਨੇ ਵੀ ਆਪਣੇ ਨਾਲ ਜੋਗੀ ਸ਼ਬਦ ਲਗਵਾ ਲਏ। ਕਈ ਸਿੱਖ ਸਾਧੂਆਂ ਨੇ ਵੀ ਆਪਣੇ ਨਾਲ ਜੋਗੀ ਜੋੜ ਲਿਆ, ਕਿਉਂਕਿ ਅਮਰੀਕਾ ਵਿਚ ਪ੍ਰਭਾਵ ਹੈ ਜੋਗ ਦਾ।

ਕਿਸੇ ਸਮੇਂ ਭਾਰਤ ਵੀ ਜੋਗੀਆਂ ਦੀ ਲਪੇਟ ਵਿਚ ਸੀ। ਗੋਰਖਪੁਰ ਗੋਰਖ ਦੇ ਨਾਮ 'ਤੇ ਹੈ। ਸਾਰੇ ਨੇਪਾਲੀਆਂ ਨੂੰ ਜੋ ਗੋਰਖੇ ਕਿਹਾ ਜਾਂਦਾ ਹੈ ਇਸ ਵਾਸਤੇ ਕਿ ਉਹ ਗੋਰਖ ਨੂੰ ਮੰਨਣ ਵਾਲੇ ਸਨ। ਨਾਨਕ ਮਤਾ ਪਹਿਲਾਂ ਗੋਰਖ ਮਤਾ ਸੀ। ਭਰਥਰੀ ਵਰਗੇ, ਗੋਪੀ ਚੰਦ ਵਰਗੇ ਜੋਗੀ ਬਣਦੇ ਗਏ। ਦੇਸ਼ ਦੇ ਮਹਾਨ ਮਨੁੱਖ ਜੋਗੀ ਬਣਦੇ ਗਏ। ਜਦੋਂ ਧਰਮ ਪਾਖੰਡੀਆਂ ਤੇ ਕਮਜ਼ੋਰ ਬੰਦਿਆਂ ਕੋਲ ਹੋਵੇਗਾ ਤਾਂ ਧਰਮ ਨਹੀਂ ਚੱਲੇਗਾ। ਅਧਰਮ ਤਾਕਤ ਹੋਵੇ ਤੇ ਧਰਮ ਕਮਜ਼ੋਰ ਕੋਲ ਹੋਵੇ। ਸ਼ਕਤੀਸ਼ਾਲੀ ਕੋਲ ਨਾਸਤਿਕਤਾ ਹੋਵੇ ਤੇ ਸ਼ਰਧਾ ਕਮਜ਼ੋਰ ਬੰਦੇ ਕੋਲ ਹੋਵੇ ਤਾਂ ਸ਼ਰਧਾ ਦੇ ਡੋਲਦਿਆਂ ਦੇਰ ਹੀ ਨਾ ਲੱਗੇ। ਇਹ ਕਮਜ਼ੋਰ ਸ਼ਰਧਾਲੂ ਉਹਨਾਂ ਸ਼ਕਤੀਸ਼ਾਲੀ ਵਿਚਾਰਕਾਂ ਦੇ ਸਾਹਮਣੇ ਟਿੱਕ ਨਹੀਂ ਸਕਣਗੇ।

ਪੰਜਾਬ ਨਾਸਤਿਕ ਹੁੰਦਾ ਜਾ ਰਿਹਾ ਹੈ। ਸੰਤ ਤੇ ਸਾਇੰਟਿਸਟ ਇਹ ਦੋ ਹੀ ਚੋਟੀ ਦੇ ਸਿਆਣੇ ਮਨੁੱਖ ਹਨ। ਦੋਹਾਂ ਦੇ ਖੋਜਣ ਦਾ ਢੰਗ ਅਲੱਗ ਅਲੱਗ ਹੈ। ਸਾਇੰਟਿਸਟ ਇਕ ਵਿਗਿਆਨਕ ਪਦਾਰਥ ਨੂੰ ਤੋੜਦਾ ਹੈ। ਤੋੜਦਿਆਂ ਤੋੜਦਿਆਂ ਜੋ ਪਦਾਰਥ ਦਾ ਆਖ਼ਰੀ ਹਿੱਸਾ ਉਸਦੇ ਹੱਥ ਆਇਆ ਹੈ ਉਹ ਹੈ ਪ੍ਰਮਾਣੂ। ਉਹ ਕਹਿੰਦਾ ਹੈ ਪ੍ਰਮਾਣੂ ਸ਼ਕਤੀ ਹੈ। ਜੇ ਅਣੂ ਮੇਰੇ ਹੱਥ ਵਿਚ ਹੈ ਤਾਂ ਹੁਣ ਅਣੂ ਨੂੰ ਮੈਂ ਜਿਸ ਤਰ੍ਹਾਂ ਵਰਤਣਾ ਚਾਹਾਂ, ਮੈਂ ਵਰਤਣਾ ਹੈ। ਜਿਸਨੂੰ ਮੈਂ ਆਪਣੀ ਮਰਜ਼ੀ ਦੇ ਮੁਤਾਬਿਕ ਵਰਤ ਸਕਦਾ ਹਾਂ, ਉਸਨੂੰ ਮੈਂ ਮੱਥਾ ਕਿਸ ਤਰ੍ਹਾਂ ਟੇਕਾਂ? ਉਸਦੀ ਮੈਂ ਪੂਜਾ ਕਿਸ ਤਰ੍ਹਾਂ ਕਰਾਂ? ਵਿਗਿਆਨਕ ਨਾਸਤਿਕ ਹੈ। ਇਕ ਸੰਤ ਆਪਣੀ ਸੁਰਤ 'ਤੇ ਸਭ ਕੁਝ ਨੂੰ ਜੋੜਦਿਆਂ ਜੋੜਦਿਆਂ ਪਹੁੰਚਿਆ ਹੈ ਪ੍ਰਮਾਤਮਾ ਤੱਕ ਤੇ ਸੰਤ ਨੇ ਵੀ ਕਹਿ ਦਿੱਤਾ ਕਿ ਪ੍ਰਮਾਤਮਾ ਸ਼ਕਤੀ ਹੈ। ਅਜਿਹੀ ਸ਼ਕਤੀ ਜੋ ਚੇਤਨ ਹੈ, ਸੁੰਦਰ ਹੈ, ਸਤਿ ਹੈ। ਸੰਤ ਕਹਿੰਦਾ ਹੈ ਕਿ ਪ੍ਰਭੂ! ਜੋ ਤੇਰੀ ਮਰਜ਼ੀ ਹੈ, ਮੈਂ ਤੇਰੀ ਰਜ਼ਾ ਵਿਚ ਰਾਜ਼ੀ ਹਾਂ। ਹੇ ਪ੍ਰਭੂ! ਮੈਂ

ਆਪਣੀ ਮਰਜ਼ੀ ਦੇ ਮੁਤਾਬਿਕ ਤੈਨੂੰ ਚਲਾ ਹੀ ਨਹੀਂ ਸਕਦਾ। ਤੂੰ ਤਾਂ ਕਰਤਾ ਹੈਂ। ਪ੍ਰਮਾਣੂ ਮੇਰੇ ਹੱਥ ਵਿਚ ਆਇਆ ਹੈ, ਮੈਂ ਆਪਣੇ ਢੰਗ ਨਾਲ ਵਰਤਾਂਗਾ, ਮੈਂ ਕੀ ਕਰਨਾ ਹੈ। ਜੇ ਸ਼ਕਤੀਸ਼ਾਲੀ ਬੰਦਾ ਆਪਣੀ ਸਾਰੀ ਸ਼ਕਤੀ ਤੋੜਨ ਵਿਚ ਲਗਾ ਦੇਵੇ ਤਾਂ ਕੁਦਰਤੀ ਗੱਲ ਹੈ ਨਾਸਤਿਕ ਹੋ ਜਾਵੇਗਾ। ਆਪਣੀ ਸੁਰਤ ਨੂੰ ਜੋੜਨ ਵਾਲੇ ਕਮਜ਼ੋਰ ਹਨ ਕਿਉਂਕਿ ਸ਼ਰਧਾ ਬੜੀ ਕਮਜ਼ੋਰ ਹੈ। ਆਪਣੀ ਸੁਰਤ ਨੂੰ ਤੋੜਨ ਵਾਲੇ ਬੜੇ ਤਾਕਤਵਾਰ ਹਨ ਤਾਂ ਇਹ ਕਮਜ਼ੋਰ ਸ਼ਰਧਾ ਉਹਨਾਂ ਦੇ ਸਾਹਮਣੇ ਟਿੱਕਦੀ ਨਹੀਂ।

ਮੈਂ ਪਿਛਲੇ ਸਾਲ ਟੈਕਸੀ ਤੋਂ ਜਲੰਧਰ ਗਿਆ। ਸ਼ਹਿਰ ਤੋਂ ਜਦੋਂ ਬਾਹਰ ਨਿਕਲੇ ਤਾਂ ਰਾਹ ਵਿਚ ਇਕ ਕਬਰ ਸੀ। ਟੈਕਸੀ ਡਰਾਈਵਰ ਨੇ ਉਥੇ ਗੱਡੀ ਖੜੀ ਕੀਤੀ। ਲੰਮਾ ਦਾੜ੍ਹਾ ਸੀ। ਉਸਦੇ ਹੱਥ ਵਿਚ ਸਿਮਰਨਾ ਵੀ ਸੀ। ਮੈਨੂੰ ਖ਼ੁਸ਼ੀ ਹੋਈ ਡਰਾਈਵਰ ਗੁਰਮੁਖ ਮਿਲਿਆ ਹੈ ਪਰ ਕਬਰ ਨੂੰ ਮੱਥਾ ਪਿਆ ਟੇਕਦਾ ਹੈ। ਉਸਨੇ ਹਾਰ ਵੀ ਇਕ ਲਿਆਂਦਾ ਸੀ, ਉਹ ਵੀ ਉਸਨੇ ਕਬਰ 'ਤੇ ਚੜ੍ਹਾਇਆ। ਕਹਿੰਦਾ ਗਿਆਨੀ ਜੀ ਜਿਹੜਾ ਇਥੇ ਮੱਥਾ ਟੇਕ ਕੇ ਨਾ ਜਾਏ, ਐਕਸੀਡੈਂਟ ਹੋ ਜਾਂਦਾ ਹੈ। ਇੰਨੀ ਕਮਜ਼ੋਰ ਸ਼ਰਧਾ। ਕਬਰ ਨੂੰ ਮੰਨਣਾ ਇੰਝ ਹੈ ਜਿਵੇਂ ਸੰਤ ਜਾਂ ਖ਼ੁਦਾ ਮਰ ਗਿਆ ਹੈ ਤੇ ਕਬਰ ਵਿਚ ਹੈ ਤੇ ਮੁਰਦੇ ਨੂੰ ਪੂਜਦਾ ਹੈ।

ਸਾਕਤ ਮਰਹਿ ਸੰਤ ਸਭਿ ਜੀਵਹਿ॥

(ਅੰਗ ੩੨੬)

ਸੰਤ ਕਦੀ ਨਹੀਂ ਮਰਦਾ ਅਤੇ ਜੋ ਮਰ ਜਾਂਦਾ ਹੈ ਉਹ ਸੰਤ ਨਹੀਂ ਹੈ। ਸੰਤ ਤਾਂ ਆਪਣੇ ਘਰ ਜਾਂਦਾ ਹੈ-

ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥

(ਅੰਗ ੧੩੬੫)

ਜਿਨ੍ਹਾਂ ਨੇ ਫਿਰ ਜੰਮਣਾ ਹੈ, ਫਿਰ ਮਰਨਾ ਹੈ, ਉਹਨਾਂ ਨੂੰ ਰੋਵੋ, ਉਹ ਮਰਦੇ ਹਨ। ਸੰਤ ਨਹੀਂ ਮਰਦਾ। ਜੇਕਰ ਮਰਦਾ ਹੈ ਤਾਂ ਫਿਰ ਉਸਦੀ ਕਬਰ ਬਣ ਗਈ ਹੈ। ਕਬਰ ਬਣ ਗਈ ਹੈ ਤਾਂ ਫਿਰ ਮਰ ਗਿਆ ਹੈ। ਮਰ ਗਿਆ ਤਾਂ ਫਿਰ ਸੰਤ ਨਹੀਂ ਹੈ।

ਗੁਰੂ ਨਾਨਕ ਦਾ ਸਿਧਾਂਤ ਕੀ ਹੈ? ਕੀ ਕਹਿ ਰਹੇ ਹਨ? ਗੁਰਬਾਣੀ ਕੀ ਕਹਿ ਰਹੀ ਹੈ ਕਿ ਇਸ 'ਤੇ ਸਾਡਾ ਜ਼ੋਰ ਨਹੀਂ ਹੈ। ਨਾ ਕਦੀ ਖ਼ੁਦ ਪੜ੍ਹਿਆ, ਨਾ ਕਦੀ ਖ਼ੁਦ ਸਮਝਿਆ ਤੇ ਦੂਜਿਆਂ ਨੂੰ ਖ਼ਾਕ ਸਮਝਾਈਏ। ਖ਼ੈਰ! ਪਾਣੀ ਤੱਤ ਤੋਂ ਪ੍ਰੇਰਨਾ ਲਈ ਖੰਡਨ ਕਰਨ ਦੀ ਕੋਈ ਲੋੜ ਨਹੀਂ, ਕਿਉਂ ਇੰਨਾ ਇਸ਼ਨਾਨ ਕਰਦੇ ਹਨ। ਹਾਂ, ਵਿਚਾਰ ਨਹੀਂ ਹੈ, ਇਸ਼ਨਾਨ ਹੀ ਇਸ਼ਨਾਨ ਹੈ। ਇਕ ਡੁੱਬਕੀ ਮੈਂ ਲਾਈ ਤੇ ਸਾਰੇ ਗੁਨਾਹ ਮੇਰੇ ਧੁਲ ਗਏ। ਨਹੀਂ, ਮੇਰੇ ਸਰੀਰ ਦੀ ਮੈਲ ਧੁਲ ਗਈ। ਅਜਿਹਾ ਸਮਝਾਂ ਤਾਂ ਡੁਬਕੀ ਲਾਉਣਾ ਮੇਰਾ ਠੀਕ ਹੈ। ਪਾਣੀ ਨਿਰਮਲ

ਹੈ, ਤਨ ਦੀ ਮੈਲ ਦੂਰ ਕਰਦਾ ਹੈ, ਕੱਪੜਿਆਂ ਦੀ ਮੈਲ ਦੂਰ ਕਰਦਾ ਹੈ। ਪ੍ਰਮਾਤਮਾ ਨਿਰਮਲ ਹੈ, ਇਸਦਾ ਬੋਧ ਪਾਣੀ ਤੋਂ ਮਿਲੇ ਤਾਂ ਇਹ ਬੋਧ ਮਨੁੱਖ ਦੇ ਹਿਰਦੇ ਨੂੰ ਵੀ ਨਿਰਮਲ ਕਰਦਾ ਜਾਏਗਾ। ਪ੍ਰਮਾਤਮਾ ਰੱਸ ਹੈ, ਉਸ ਦਾ ਰੱਸ ਸੰਸਾਰ ਤੋਂ ਬੇਰੱਸ ਕਰਦਾ ਜਾਏਗਾ-

ਰਾਗ ਰਸੁ ਨਿਰਸ ਕਰਿ ਜਾਨਿਆ॥

(ਅੰਗ ੩੪੨)

ਰੋਸ਼ਨੀ, ਪ੍ਰਕਾਸ਼ ਇਹ ਪ੍ਰਮਾਤਮਾ ਹੈ। ਪ੍ਰਕਾਸ਼ ਦਾ ਕੇਂਦਰ ਤਾਂ ਅਗਨੀ ਹੈ। ਚੋਵੀ ਘੰਟੇ ਅੱਗ ਬਾਲ ਕੇ ਰੱਖਣੀ ਹੈ। ਅੱਗ ਇੰਨੀ ਪਾਵਨ ਹੈ ਕਿ ਅੱਗ ਦੀ ਖ਼ਾਕ ਉਸਦੇ ਚਰਨਾਂ ਦੀ ਧੂੜ, ਉਸਨੂੰ ਸਰੀਰ 'ਤੇ ਲਾਉਣਾ ਹੈ। ਗੋਰਖ ਦਾ ਹੁਕਮ ਹੁੰਦਾ ਸੀ ਧੂਣੇ ਵਿਚ ਦੇਖ ਲੈਣਾ ਕਿਤੇ ਅੱਗ ਠੰਡੀ ਨਾ ਪੈ ਜਾਏ, ਜੱਲਦੀ ਰਹੇ। ਅਗਨੀ ਤੱਤ ਦੀ ਜੋ ਪ੍ਰਕਿਰਤੀ ਹੈ ਉਹ ਸੁਹੱਪਣ ਹੈ, ਰੂਪ ਹੈ। ਹੇ ਪ੍ਰਭੂ! ਤੂੰ ਤਾਂ ਅਤਿਅੰਤ ਸੁੰਦਰ ਹੈਂ।

ਜੋਗੀਆਂ ਦੇ ਨੇੜੇ ਤੇੜੇ ਇਕ ਮਹਾਨ ਦਾਰਸ਼ਨਿਕ ਤੇ ਅਵਤਾਰੀ ਪੁਰਸ਼ ਹੈ ਮਹਾਤਮਾ ਬੁੱਧ। ਉਹਨਾਂ ਦੇ ਸਾਹਮਣੇ ਆਕਾਸ਼ ਪ੍ਰਧਾਨ ਹੈ, ਪੰਜਵਾਂ ਤੱਤ ਹੈ। ਇਸਨੂੰ ਅਰਬੀ ਫ਼ਾਰਸੀ ਵਿਚ ਕਹਿੰਦੇ ਹਨ ਖ਼ਲਾਅ ਹੈ, ਖ਼ਾਲੀਪਨ ਹੈ। ਇਸ ਸਾਧਨਾ ਨੂੰ ਮਹਾਤਮਾ ਬੁੱਧ ਨੇ ਜਨਮ ਦਿੱਤਾ। ਕੁਝ ਪ੍ਰਾਪਤ ਕਰਨ ਦੀ ਕੋਸ਼ਿਸ਼ ਨਾ ਕਰੋ, ਸੁੰਨ ਹੋਣ ਦੀ ਕੋਸ਼ਿਸ਼ ਕਰੋ। ਸਾਰੇ ਵਿਚਾਰਾਂ ਨੂੰ ਇਕ ਪਾਸੇ ਕਰ ਦਿਉ। ਜੱਪ ਕਰੋਗੇ ਤਾਂ ਕਰਨਾ ਪਏਗਾ। ਕਿਤੇ ਧਿਆਨ ਜੋੜੋਗੇ ਤਾਂ ਜੋੜਨਾ ਪਏਗਾ। ਕਿਤੇ ਕੁਝ ਸੁਣੋਗੇ ਤਾਂ ਸੁਣਨਾ ਪਏਗਾ, ਕੁਝ ਵੀ ਲੋੜ ਨਹੀਂ। ਜੋ ਅੰਦਰ ਹੈ ਇਸਨੂੰ ਖ਼ਾਲੀ ਕਰੋ। ਬਿਲਕੁਲ ਸੁੰਨ ਹੋ ਜਾਉ। ਆਪ ਸੁਣ ਕੇ ਹੈਰਾਨ ਹੋਵੋਗੇ ਅੱਧੇ ਤੋਂ ਜ਼ਿਆਦਾ ਬੋਧ ਜਗਤ ਕਿਸੇ ਮੰਤਰ ਦਾ ਜੱਪ ਨਹੀਂ ਕਰਦਾ। ਬਸ ਬੈਠਦਾ ਹੈ, ਸੁੰਨ ਹੋਣ ਦੀ ਕੋਸ਼ਿਸ਼ ਕਰਦਾ ਹੈ, ਸਾਰੇ ਵਿਚਾਰਾਂ ਨੂੰ ਸ਼ਾਂਤ ਕਰੀਏ ਤੇ ਕੱਢੀਏ। ਕੱਢਣ ਦਾ ਤਰੀਕਾ ਕੀ ਹੈ? ਅੰਦਰ ਜਿਹੜੇ ਵਿਚਾਰ ਚੱਲਦੇ ਪਏ ਹਨ, ਇਹਨਾਂ ਨੂੰ ਦੇਖਣਾ ਹੈ। ਸ਼ਾਇਦ ਦੇਖਿਆਂ ਸ਼ਾਂਤ ਹੋ ਜਾਣ। ਮਾੜੇ ਵਿਚਾਰ ਨੂੰ ਗਹਿਰਾਈ ਨਾਲ ਦੇਖੋਗੇ ਤਾਂ ਨਹੀਂ ਚੱਲ ਸਕੇਗਾ। ਦੇਖਣਾ ਹੀ ਬਰੇਕ ਹੈ। ਜਿਹੜਾ ਤੱਤ ਸਿਰਮੌਰ ਹੋਵੇ, ਉਹ ਗੁਰੂ ਹੈ।

ਸਨਾਤਨੀ ਰਿਸ਼ੀਆਂ ਦਾ ਗੁਰੂ ਪਾਣੀ ਹੈ। ਜੋਗੀਆਂ ਦਾ ਗੁਰੂ ਅਗਨੀ ਹੈ। ਬੋਧੀਆਂ ਦਾ ਗੁਰੂ ਆਕਾਸ਼ ਹੈ। ਇਸਲਾਮ ਤੱਤ ਦੇ ਬਾਨੀ ਮੁਹੰਮਦ ਸਾਹਿਬ ਉਹਨਾਂ ਦਾ ਗੁਰੂ ਧਰਤੀ ਹੈ। ਪਰ ਗੁਰੂ ਨਾਨਕ ਤਾਂ ਕਹਿੰਦੇ ਹਨ ਕਿ ਪਵਣ ਗੁਰੂ। ਪਵਣ ਤੱਤ ਦੀ ਪ੍ਰਕਿਰਤੀ ਕੀ ਹੈ? ਬੋਲਣਾ, ਆਵਾਜ਼। ਗੁਰੂ ਨਾਨਕ ਦੀ ਦ੍ਰਿਸ਼ਟੀ ਵਿਚ ਪ੍ਰਭੂ ਸੰਗੀਤ ਹੈ।

ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥

(ਅੰਗ ੬)

ਹੇ ਪ੍ਰਭੂ ! ਤੂੰ ਸੰਗੀਤ ਹੈਂ, ਗੀਤ ਹੈਂ। ਕੋਈ ਬਹੁਤ ਸਿਆਣਾ ਮਨੁੱਖ ਜਦੋਂ ਮਹਾਤਮਾ ਬੁੱਧ ਨੂੰ ਕਹੇ ਕਿ ਕੋਈ ਜੀਵਨ ਦੀ ਖ਼ਾਸ ਘਟਨਾ, ਆਤਮਾ ਦਾ ਕੋਈ ਖ਼ਾਸ ਅਨਭਉ ਸਾਡੇ ਸਾਹਮਣੇ ਰੱਖੋ। ਭਾਵੇਂ ਕਥਾ ਕਰਦੇ ਹੁੰਦੇ ਸਨ ਆਪ ਤੇ ਫਿਰ ਉਹ ਚੁੱਪ ਹੋ ਜਾਂਦੇ ਸਨ। ਜਦੋਂ ਪੰਜ ਸੱਤ ਮਿੰਟ ਚੁੱਪ ਰਹਿ ਗਏ ਤਾਂ ਅਗਲਾ ਪੁੱਛਦਾ ਹੈ ਕਿ ਅਸੀਂ ਤਾਂ ਪ੍ਰਸ਼ਨ ਕੀਤਾ ਹੈ ਤੇ ਤੁਸੀਂ ਚੁੱਪ ਰਹਿ ਗਏ ਹੋ। ਮਹਾਤਮਾ ਬੁੱਧ ਕਹਿੰਦੇ ਹਨ ਕਿ ਮੇਰਾ ਚੁੱਪ ਰਹਿਣਾ ਹੀ ਤਾਂ ਉੱਤਰ ਸੀ। ਚੁੱਪ ਕਰਾਉ ਆਪਣੇ ਮਨ ਨੂੰ, ਸੁੰਨ ਹੋ ਜਾਉ।

ਗੁਰੂ ਨਾਨਕ ਨੇ ਜਦੋਂ ਕੁਝ ਕਹਿਣਾ ਹੈ ਤੇ ਪ੍ਰਮਾਤਮਾ ਜਦੋਂ ਪ੍ਰਗਟ ਹੁੰਦਾ ਹੈ ਉਹਨਾਂ ਦੇ ਅੰਦਰ, ਜਦੋਂ ਉਹ ਸਰੂਰ ਤੇ ਮਸਤੀ ਦੇ ਵਿਚ ਆਉਂਦੇ ਹਨ ਤਾਂ ਕਹਿੰਦੇ ਹਨ ਮਰਦਾਨਿਆ, ਰਬਾਬ ਛੇੜ, ਰੱਬ ਬੋਲਣ ਲੱਗਾ ਹੈ। ਮਰਦਾਨਾ ਸਿਰਫ਼ ਰਬਾਬ ਛੇੜਦਾ ਹੈ, ਗਾਉਂਦੇ ਗੁਰੂ ਨਾਨਕ ਆਪ ਹਨ। ਜਦੋਂ ਗਾਉਂਦੇ ਸਨ ਤਾਂ ਉੱਡਦੇ ਹੋਏ ਪੰਛੀਆਂ ਨੂੰ ਉੱਡਣਾ ਭੁੱਲ ਜਾਂਦਾ ਸੀ। ਚਰਦੇ ਹੋਏ ਪਸ਼ੂਆਂ ਨੂੰ ਚਰਨਾ ਭੁੱਲ ਜਾਂਦਾ ਸੀ। ਜੇ ਕੋਈ ਮਨੁੱਖ ਜਾ ਰਿਹਾ ਹੈ ਤਾਂ ਆਤਮ ਹੁਲਾਰੇ ਵਿਚ ਲੀਨ ਹੋ ਜਾਂਦਾ ਸੀ। ਠੱਗ ਲੀਨ ਹੋ ਜਾਂਦਾ ਸੀ, ਚੋਰ ਲੀਨ ਹੋ ਜਾਂਦੇ ਸਨ, ਦੈਂਤ ਤੱਕ ਦੇਵਤੇ ਬਣ ਜਾਂਦੇ ਸਨ, ਅਜਿਹਾ ਗੁਰੂ ਨਾਨਕ ਦਾ ਗਾਉਣਾ ਸੀ। ਗਾਉਣਾ ਹੀ ਭਗਤੀ ਬਣ ਗਿਆ, ਗਾਉਣਾ ਹੀ ਬੰਦਗੀ ਬਣ ਗਿਆ, ਗਾਉਣਾ ਹੀ ਜੋਗ ਬਣ ਗਿਆ, ਗਾਉਣਾ ਹੀ ਭੋਗ ਬਣ ਗਿਆ, ਗਾਉਣਾ ਹੀ ਪ੍ਰਮਾਤਮਾ ਬਣ ਗਿਆ।

ਜੋਗੁ ਬਨਿਆ ਤੇਰਾ ਕੀਰਤਨੁ ਗਾਈ॥

(ਅੰਗ ੩੮੫)

ਇਸੇ ਨਾਲ ਹੀ ਤੇਰੀ ਬੰਦਗੀ ਹੈ ਤੇ ਪਵਣ ਹੀ ਗੁਰੂ ਹੈ, ਪ੍ਰਧਾਨ ਹੈ, ਸਿਰਮੌਰ ਹੈ। ਸੰਸਾਰ ਨਾਲ ਸੰਬੰਧ ਜੁੜਦੇ ਹਨ ਬੋਲ ਕੇ ਤੇ ਬੋਲਣਾ ਪਵਣ ਤੱਤ ਦੀ ਪ੍ਰਕਿਰਤੀ ਹੈ। ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਹਨ ਕਿ ਜਿੰਨਾ ਚਿਰ ਤੱਕ ਬੰਦਾ ਬੋਲੇ ਨਾ, ਉਸਦੇ ਗੁਣ ਔਗੁਣਾਂ ਦਾ ਪਤਾ ਨਹੀਂ ਲੱਗਦਾ। ਮਨੁੱਖ ਦੇ ਅੰਦਰ ਜੋ ਕੁਝ ਹੈ ਉਹ 90% ਬੋਲਾਂ ਰਾਹੀਂ ਪ੍ਰਗਟ ਹੁੰਦਾ ਹੈ। ਸਾਰੇ ਸੰਬੰਧ ਜੁੜਦੇ ਹਨ ਬੋਲ ਕੇ, ਦੇਖਕੇ ਨਹੀਂ ਜੁੜਦੇ। ਦੇਖਦਾ ਤਾਂ ਬੰਦਾ ਦੁਸ਼ਮਣ ਨੂੰ ਵੀ ਹੈ, ਬੋਲਦਾ ਨਹੀਂ ਹੈ। ਕਹਿੰਦਾ ਹੈ, ਸਾਡੀ ਬੋਲ ਚਾਲ ਨਹੀਂ ਹੈ।

ਬੋਲਣਾ ਹੀ ਗੁਰੂ ਹੈ, ਸ਼ਬਦ ਹੀ ਗੁਰੂ ਹੈ, ਆਵਾਜ਼ ਹੀ ਗੁਰੂ ਹੈ। ਅਜਿਹਾ ਸਿਧਾਂਤਿਕ ਨੁਕਤਾ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਗਤ ਦੇ ਸਾਹਮਣੇ ਰੱਖਿਆ ਹੈ। ਗੁਰੂ ਨਾਨਕ ਨੇ ਆਰਤੀ ਉਤਾਰੀ ਹੈ ਬ੍ਰਹਿਮੰਡ ਦੀ। ਕੋਈ ਹਿੱਸਾ ਖ਼ਾਲੀ ਨਹੀਂ ਰਹਿ ਜਾਂਦਾ। ਇੰਨੀ ਵੱਡੀ ਆਰਤੀ। ਉਸ ਆਰਤੀ ਦੇ ਉਪਾਸ਼ਕ ਹਨ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ। ਧਨਾਸਰੀ ਰਾਗ ਦਾ ਇਹ ਮਹਾਂਵਾਕ ਆਪ ਸਰਵਨ ਕਰੋ।

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਆਰਤੀ ਵਾਸਤੇ ਥਾਲ ਚਾਹੀਦਾ ਹੈ ਜਿਸ ਵਿਚ ਸਭ ਕੁਝ ਰੱਖਣਾ ਹੈ। ਆਕਾਸ਼ ਖ਼ਲਾਅ

ਹੈ, ਖ਼ਾਲੀ ਹੈ, ਜਿਸ ਵਿਚ ਸਭ ਕੁਝ ਰੱਖਣਾ ਹੈ। ਆਕਾਸ਼ ਖ਼ਲਾਅ ਹੈ, ਖ਼ਾਲੀ ਹੈ, ਇਸ ਵਿਚ ਸਭ ਕੁਝ ਰੱਖ ਸਕਦੇ ਹਾਂ। ਇਹ ਗਗਨ ਥਾਲ ਹੈ। ਇਸਦੇ ਵਿਚ ਸੂਰਜ ਤੇ ਚੰਦਰਮਾ ਦੋ ਜੱਲਦੇ ਹੋਏ ਦੀਵੇ ਹਨ ਅਤੇ ਇਹ ਜਿਹੜੇ ਇੰਨੇ ਤਾਰੇ ਹਨ, ਇਸ ਥਾਲ ਵਿਚ ਰੱਖੇ ਹੋਏ ਮੋਤੀ ਹਨ। ਹੇ ਪਰੀਪੂਰਨ ਪ੍ਰਮਾਤਮਾ! ਅਜਿਹੀ ਹੈ ਤੇਰੀ ਆਰਤੀ।

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ੧॥

ਸੁਗੰਧਤ ਜੋ ਹਵਾ ਚੱਲ ਰਹੀ ਹੈ ਚੰਦਨ ਨੂੰ ਛੂਹ ਕੇ ਇਹ ਮਾਨੋ ਮਹਿਕਾਰ ਹੈ ਆਰਤੀ ਵਾਸਤੇ। ਇਹ ਚਾਰੋਂ ਪਾਸੇ ਸੁਗੰਧ ਮਹਿਕਾਈ ਗਈ ਹੈ ਅਤੇ ਜਿੰਨੀ ਬਨਸਪਤੀ ਹੈ ਤੇ ਇਹਨਾਂ ਨੂੰ ਲੱਗੇ ਹੋਏ ਫੁੱਲ ਹਨ, ਇਹ ਆਰਤੀ ਵਾਸਤੇ ਪੁਸ਼ਪ ਹਨ।

ਕੈਸੀ ਆਰਤੀ ਹੋਇ॥ ਭਵਖੰਡਨਾ ਤੇਰੀ ਆਰਤੀ॥

ਹੇ ਭੈਅ ਨੂੰ ਨਾਸ਼ ਕਰਨ ਵਾਲੇ! ਹੇ ਦੁੱਖਾਂ ਨੂੰ ਨਾਸ਼ ਕਰਨ ਵਾਲੇ ਪਰੀਪੂਰਨ ਪ੍ਰਮਾਤਮਾ! ਕਿਹੋ ਜਿਹੀ ਤੇਰੀ ਸੁੰਦਰ ਆਰਤੀ ਹੋ ਰਹੀ ਹੈ।

ਅਨਹਤਾ ਸਬਦ ਵਾਜੰਤ ਭੇਰੀ॥ ੧॥ ਰਹਾਉ॥

ਹਰ ਸਮੇਂ ਭੇਰੀਆਂ ਵੱਜ ਰਹੀਆਂ ਹਨ, ਸ਼ਹਿਨਾਈਆਂ ਵੱਜ ਰਹੀਆਂ ਹਨ। ਕਿਹੜੀਆਂ? ਅਨਾਹਦ ਨਾਦ ਦੀਆਂ। ਤੂੰ ਹਰ ਸਮੇਂ ਬੋਲ ਰਿਹਾ ਹੈਂ ਸੰਗੀਤ ਦੇ ਵਿਚ, ਗੀਤ ਦੇ ਵਿਚ। ਇਹ ਅਨੇਕਾਂ ਤਰ੍ਹਾਂ ਦੇ ਸਾਜ਼ ਬ੍ਰਹਿਮੰਡ ਵਿਚ ਵੱਜ ਰਹੇ ਹਨ। ਇਸ ਢੰਗ ਨਾਲ ਇਹ ਤੇਰੀ ਸੁੰਦਰ ਆਰਤੀ ਹੋ ਰਹੀ ਹੈ।

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੁੋਹੀ॥

ਨਿਰਗੁਣ ਰੂਪ ਵਿਚ ਤੇਰੀ ਕੋਈ ਮੂਰਤੀ ਨਹੀਂ ਹੈ। ਸਰਗੁਣ ਰੂਪ ਵਿਚ ਇਹ ਸਾਰੀਆਂ ਮੂਰਤੀਆਂ ਤੇਰੀਆਂ ਹਨ। ਇਹ ਪਹਾੜ, ਦਰੱਖ਼ਤ, ਪਸ਼ੂ, ਪੰਛੀ, ਮਨੁੱਖ ਤੇਰੀਆਂ ਹੀ ਮੂਰਤੀਆਂ ਹਨ ਅਤੇ ਇਹ ਮੂਰਤੀਆਂ ਤੇਰੀਆਂ ਬਣਾਈਆਂ ਹੋਈਆਂ ਹਨ। ਤੂੰ ਆਪਣੀ ਮੂਰਤ ਆਪ ਬਣਾਈ ਹੈ। ਜਿਸਨੂੰ ਮੈਂ ਬਣਾਇਆ ਹੈ ਉਹ ਤਾਂ ਕਰਤਾ ਹੈ। ਉਸਦਾ ਮੈਂ ਕਰਤਾ ਹੋ ਗਿਆ। ਹਮੇਸ਼ਾਂ ਕਿਰਤ ਨਾਲੋਂ ਕਰਤਾ ਵੱਡਾ ਹੁੰਦਾ ਹੈ। ਨਹੀਂ, ਇਹ ਸਾਰਾ ਸਰਗੁਣ ਰੂਪ ਹੈ। ਪ੍ਰਮਾਤਮਾ ਦੀ ਕਿਰਤ ਹੈ। ਆਕਾਰ ਰੂਪ ਵਿਚ ਤੂੰ ਅਨੰਤ ਅੱਖਾਂ ਦਾ ਮਾਲਕ ਹੈਂ, ਨਿਰਾਕਾਰ ਰੂਪ ਵਿਚ ਇਸਦੀ ਕੋਈ ਅੱਖ ਨਹੀਂ ਹੈ।

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ॥ ੨॥

ਨਿਰਾਕਾਰ ਰੂਪ ਵਿਚ ਤੇਰੇ ਕੋਈ ਚਰਨ ਨਹੀਂ, ਪਰ ਫਿਰ ਵੀ ਤੂੰ ਹਰ ਸਮੇਂ ਗਤੀਮਾਨ ਹੈਂ। ਸਾਕਾਰ ਰੂਪ ਵਿਚ ਤੇਰੇ ਅਨੇਕਾਂ ਪੈਰ ਹਨ। ਮਨੁੱਖ ਦੇ ਪੈਰ ਹਨ, ਪਸ਼ੂ ਪੰਛੀਆਂ ਦੇ ਪੈਰ

ਹਨ, ਕੀੜੇ ਮਕੌੜਿਆਂ ਦੇ ਪੰਖ ਹਨ। ਨਿਰਗੁਣ ਰੂਪ ਵਿਚ ਤੇਰੀ ਕੋਈ ਨਾਸਿਕਾ ਨਹੀਂ ਹੈ, ਪਰ ਸਰਗੁਣ ਸਰੂਪ ਵਿਚ ਤੂੰ ਨਾਸਿਕਾ ਵਾਲਾ ਹੈਂ। ਅਨੰਤ ਨਾਸਕਾ ਦਾ ਤੂੰ ਮਾਲਕ ਹੈਂ।

ਸਭ ਮਹਿ ਜੋਤਿ ਜੋਤਿ ਹੈ ਸੋਇ॥

ਹੇ ਨਿਰਾਕਾਰ! ਇਸ ਆਕਾਰ ਵਿਚ ਸਾਰਿਆਂ ਵਿਚ ਤੇਰੀ ਜੋਤੀ ਹੈ। ਤੂੰ ਹੀ ਸਾਕਾਰ ਰੂਪ ਵਿਚ ਪ੍ਰਗਟ ਹੋਇਆ ਹੈਂ।

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਉਸੇ ਦੀ ਜੋਤ ਕਰਕੇ ਇਹ ਆਕਾਰ ਵਿਚ ਹਰਕਤ ਹੈ। ਉਸੇ ਦੇ ਚਾਨਣ ਕਰਕੇ ਸਾਰਿਆਂ ਵਿਚ ਚਾਨਣ ਹੈ।

ਗੁਰ ਸਾਖੀ ਜੋਤਿ ਪਰਗਟੁ ਹੋਇ॥

ਸਾਰਿਆਂ ਵਿਚ ਉਸੇ ਦੀ ਜੋਤ ਹੈ। ਉਹ ਹੀ ਵਿਆਪਕ ਹੈ। ਇਹ ਗੁਰੂ ਸ਼ਬਦ ਦੇ ਰਾਹੀਂ ਪ੍ਰਗਟ ਹੁੰਦਾ ਹੈ। ਗੁਰੂ ਸਾਖੀ ਬਣੇ, ਗੁਰੂ ਗਵਾਹ ਬਣੇ, ਗੁਰੂ ਦੇ ਸ਼ਬਦ ਨੂੰ ਮਨੁੱਖ ਆਧਾਰ ਬਣਾਵੇ ਤਾਂ ਫਿਰ ਇਹ ਪਤਾ ਚੱਲਦਾ ਹੈ।

ਜੋ ਤਿਸੁ ਭਾਵੈ ਸੁ ਆਰਤੀ ਹੋਇ॥ ੩॥

ਹੇ ਪਰੀਪੂਰਨ ਪ੍ਰਮਾਤਮਾ! ਤੇਰੇ ਭਾਣੇ ਵਿਚ ਰਹਿਣਾ ਬਸ ਇਹੀ ਆਰਤੀ ਹੈ।

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥

ਹੇ ਪਰੀਪੂਰਨ ਪ੍ਰਮਾਤਮਾ! ਤੇਰੇ ਚਰਨ ਕਮਲਾਂ ਦੀ ਮਹਿਕ ਵਿਚ ਮੈਂ ਲੁਭਤ ਹੋ ਗਿਆ। ਦਿਨ ਰਾਤ ਇਹੀ ਪਿਆਸ ਬਣੀ ਹੋਈ ਹੈ।

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥ ੪॥ ੩॥

ਹੇ ਪ੍ਰਭੂ! ਕ੍ਰਿਪਾ ਕਰ, ਨਾਨਕ ਪਪੀਹੇ ਨੂੰ, ਨਾਨਕ ਸਾਰੰਗ ਨੂੰ ਆਪਣੇ ਨਾਮ ਦਾ ਜਲ ਦੇ। ਅਜਿਹੀ ਪਿਆਸ ਹੈ, ਅਜਿਹੀ ਤੂੰ ਰਹਿਮਤ ਕਰ, ਬਖ਼ਸ਼ਿਸ਼ ਕਰ।

ਬਾਰ ਬਾਰ ਹਰਿ ਕੇ ਗੁਨ ਗਾਵਉ॥

(ਅੰਗ ੩੪੪)

ਸੁਆਸ ਗਰਾਸ ਚੱਲ ਰਹੇ ਹਨ। ਵਾਹਿਗੁਰੂ ਵਾਹਿਗੁਰੂ ਚੱਲਦਾ ਰਹੇ, ਬਾਣੀ ਚੱਲਦੀ ਰਹੇ ਅਤੇ ਉੱਨੇ ਚਿਰ ਤੱਕ ਚੱਲਦੀ ਰਹੇ ਜਿੰਨੇ ਚਿਰ ਤੱਕ ਬਾਣੀ ਦਾ ਰੂਪ ਨਾ ਹੋ ਜਾਈਏ। ਸਾਹਿਬ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਕਹਿ ਕਬੀਰ ਸੋ ਭਰਮੈ ਨਾਹੀ

ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ ੧ੴ ਸਤਿਗੁਰ ਪ੍ਰਸਾਦਿ ॥

ਸਨਕ ਸਨੰਦ ਮਹੇਸ ਸਮਾਨਾਂ ॥
ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥ ੧ ॥
ਸੰਤਸੰਗਤਿ ਰਾਮੁ ਰਿਦੈ ਬਸਾਈ ॥ ੧ ॥ ਰਹਾਉ ॥
ਹਨੂਮਾਨ ਸਰਿ ਗਰੁੜ ਸਮਾਨਾਂ ॥
ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥ ੨ ॥
ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥
ਕਮਲਾਪਤਿ ਕਵਲਾ ਨਹੀ ਜਾਨਾਂ ॥ ੩ ॥
ਕਹਿ ਕਬੀਰ ਸੋ ਭਰਮੈ ਨਾਹੀ ॥
ਪਗ ਲਗਿ ਰਾਮ ਰਹੈ ਸਰਨਾਂਹੀ ॥ ੪ ॥ ੧ ॥

(ਅੰਗ ੬੯੧)

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਸਨਮਾਨ ਯੋਗ ਗੁਰੂ ਰੂਪ ਸਾਧਸੰਗਤਿ ਜੀਉ!

ਭਗਤ ਕਬੀਰ ਭਗਤਾਂ ਦੀ ਦੁਨੀਆਂ ਵਿਚ ਆਪਣੀ ਇਕ ਖ਼ਾਸੀਅਤ ਰੱਖਦੇ ਹਨ। ਇਹ ਠੀਕ ਹੈ ਭਗਤ ਬਹੁਤ ਸਾਰੇ ਹੋਏ ਹਨ ਪਰ ਮਾਨਸਿਕ ਅਵਸਥਾ ਇਕੋ ਹੋ ਸਕਦੀ ਹੈ, ਪਰਮ ਰੱਸ ਇਕੋ ਹੋ ਸਕਦਾ ਹੈ ਪਰ ਜਿਸ ਢੰਗ ਨਾਲ ਉਸ ਰੱਸ ਨੂੰ, ਉਸ ਅਨੁਭਵ ਨੂੰ ਬੋਲਾਂ ਵਿਚ ਕਬੀਰ ਨੇ ਪ੍ਰਗਟ ਕੀਤਾ ਹੈ, ਇੰਝ ਕਹਿ ਲਉ ਇਹ ਸਮਰੱਥਾ ਉਸੇ ਨੂੰ ਆਈ ਹੈ। ਵਿਦਵਾਨ ਇਸਨੂੰ ਇਸ ਤਰ੍ਹਾਂ ਵੰਡਦੇ ਹਨ - ਧਾਰਮਿਕ ਤੱਲ ਦੀ ਉਹ ਪਹਿਲੀ ਦੁਨੀਆਂ ਜਿੰਨ੍ਹਾਂ ਨੇ ਸਮਝਿਆ ਤੇ ਸਮਝਾ ਰਹੇ ਹਨ, ਜਾਣਿਆ ਹੈ ਤੇ ਜਣਾਉਣ ਦੀ ਕੋਸ਼ਿਸ਼ ਕਰਦੇ ਹਨ। ਦੂਸਰੀ ਦੁਨੀਆਂ ਹੈ, ਜਾਣਿਆ ਤਾਂ ਕੁਝ ਵੀ ਨਹੀਂ ਪਰ ਜਣਾਉਂਦੇ ਹਨ, ਸਮਝਿਆ ਤਾਂ ਕੁਝ ਵੀ ਨਹੀਂ ਹੈ, ਪਰ ਸਮਝਾਉਣ ਦੇ ਯਤਨ ਵਿਚ ਹਨ। ਇਹ ਤਬਕਾ ਸਭ ਤੋਂ ਜ਼ਿਆਦਾ ਹੈ। ਇਕ ਤੀਸਰੀ ਦੁਨੀਆਂ ਵੀ ਹੈ ਜਿਨ੍ਹਾਂ ਦੇ ਕਦਮਾਂ ਦੇ ਨਿਸ਼ਾਨ ਜ਼ਮੀਨ 'ਤੇ ਨਹੀਂ

ਬਣਦੇ, ਕਿਉਂ? ਸਮਝਿਆ ਤਾਂ ਹੈ ਪਰ ਸਮਝਾ ਨਹੀਂ ਸਕੇ। ਜਾਣਿਆ ਤਾਂ ਹੈ, ਪਰ ਇਸ਼ਾਰੇ ਨਹੀਂ ਕਰ ਸਕੇ। ਧਾਰਮਿਕ ਜਗਤ ਅਭਿਵਿਅਕਤ ਹੋ ਰਿਹਾ ਹੈ, ਇਹਨਾਂ ਕਰਕੇ। ਮੰਦਿਰ, ਮਸਜਿਦ, ਗੁਰਦੁਆਰੇ, ਚਰਚ ਇਸ ਤਰ੍ਹਾਂ ਦੇ ਸਮਝਾਉਣ ਵਾਲਿਆਂ ਨਾਲ ਭਰੇ ਪਏ ਹਨ, ਸਮਝਿਆ ਨਹੀਂ ਹੈ, ਸਮਝਾ ਰਹੇ ਹਨ। ਵੇਖਿਆ ਨਹੀਂ ਹੈ ਜਗਤ ਨੂੰ ਕਹਿੰਦੇ ਹਨ ਵੇਖੋ। ਜਿਹੜਾ ਤੀਸਰਾ ਜਗਤ ਹੈ ਇਹ ਸਮੇਂ ਵਿਚ ਹੁੰਦਾ ਹੈ। ਸਮਝਿਆ ਤਾਂ ਹੈ, ਪਰ ਸਮਝਾ ਨਹੀਂ ਸਕਦੇ। ਇਹ ਜਗਤ ਬਹੁ ਗਿਣਤੀ ਵਿਚ ਹੁੰਦਾ ਹੈ। ਸਮਝਿਆ ਕੁਝ ਵੀ ਨਹੀਂ, ਸਮਝਾ ਰਹੇ ਹਨ।

ਇਹਨਾਂ ਬਾਰੇ ਇਕਬਾਲ ਨੂੰ ਵੀ ਕਹਿਣਾ ਪਿਆ। ਇਕਬਾਲ ਬੜਾ ਉਪਦੇਸ਼ਕ ਹੈ-

ਮਨ ਬਾਤੋਂ ਸੇ ਮੋਹ ਲੇਤਾ ਹੈ ਗੁਫ਼ਤਾਰ ਕਾ
ਯੇਹ ਗ਼ਾਜ਼ੀ ਬਨਾ ਕਿਰਦਾਰ ਕਾ ਗ਼ਾਜ਼ੀ ਬਨ ਨਾ ਸਕਾ।

ਇਹ ਗੁਫ਼ਤਾਰ ਦੇ ਗ਼ਾਜ਼ੀਆਂ ਨਾਲ ਮੰਦਿਰ, ਮਸਜਿਦ, ਗੁਰਦੁਆਰੇ ਭਰੇ ਪਏ ਹਨ। ਕਬੀਰ ਉਹਨਾਂ ਭਗਤਾਂ ਵਿਚੋਂ ਹੈ ਜਿਸਦੇ ਕੋਲ ਪਦਾਰਥ ਵੀ ਬਹੁਤ ਹੈ, ਵੰਡਣ ਵਾਸਤੇ ਭਾਂਡੇ ਵੀ ਬੜੇ ਹਨ। ਸਮਝ ਬੜੀ ਹੈ। ਸਮਝਾਉਣ ਦਾ ਯਤਨ ਵੀ ਬੜਾ ਕੀਤਾ ਹੈ। ਜਾਣਿਆ ਹੈ, ਜਗਤ ਜਾਣ ਸਕੇ, ਅਜਿਹਾ ਉੱਦਮ ਵੀ ਕੀਤਾ ਹੈ।

ਹੋਰ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥

(ਅੰਗ ੩੪੭)

ਪਤਾ ਨਹੀਂ ਹੋਰ ਕਿੰਨੇ ਤੈਨੂੰ ਗਾ ਰਹੇ ਹਨ ਤੇ ਗਾ ਗਾ ਕੇ ਆਨੰਦ ਮਾਣ ਰਹੇ ਹਨ। ਸਾਹਿਬ ਕਹਿੰਦੇ ਹਨ ਕਿ ਮੇਰੇ ਚੇਤੇ ਵਿਚ ਨਹੀਂ ਹਨ। ਉਹਨਾਂ ਦੇ ਕਦਮਾਂ ਦੇ ਨਿਸ਼ਾਨ ਨਹੀਂ ਬਣੇ। ਜਿਨ੍ਹਾਂ ਨੇ ਸਮਝਾਉਣ ਦਾ ਯਤਨ ਕੀਤਾ ਤੇ ਖ਼ੁਦ ਵੀ ਸਮਝੇ ਹਨ, ਜਗਤ ਉਹਨਾਂ ਕੋਲੋਂ ਸਮਝਿਆ ਨਹੀਂ ਹੈ। ਉਹਨਾਂ ਦੇ ਬੋਲਾਂ ਵਿਚ ਸੋਜ਼ ਹੁੰਦਾ ਹੈ। ਜੇਕਰ ਮਨੁੱਖ ਨੇੜੇ ਆਵੇ ਤਾਂ ਮਨੁੱਖ ਦਾ ਅਗਿਆਨ ਜੱਲ ਜਾਵੇਗਾ, ਨਹੀਂ ਰਹੇਗਾ। ਹੋ ਸਕਦਾ ਹੈ ਮਨੁੱਖ ਦੂਰ ਭੱਜੇ।

ਕਬੀਰ ਦੇ ਬੋਲਾਂ ਵਿਚ ਅੱਗ ਸੀ। ਪਾਖੰਡ ਜੱਲ ਸਕਦਾ ਸੀ, ਅਗਿਆਨ ਜੱਲ ਸਕਦਾ ਸੀ, ਲੋਕੀਂ ਨੇੜੇ ਨਹੀਂ ਆਏ। ਸਮਝਾਉਣ ਦੀ ਬੜੀ ਕੋਸ਼ਿਸ਼ ਕਰਦੇ, ਪਰ ਜਾਣਿਆ ਕੁਝ ਵੀ ਨਹੀਂ, ਇਸ ਤਰ੍ਹਾਂ ਦੇ ਸਾਰੇ ਦੇ ਸਾਰੇ ਕਬੀਰ ਦੀ ਮੁਖ਼ਾਲਫ਼ਤ 'ਤੇ ਖੜੇ ਸਨ। ਚਾਹੇ ਉਹ ਹਿੰਦੂ ਸਨ, ਚਾਹੇ ਮੁਸਲਮਾਨ ਸਨ, ਚਾਹੇ ਮੌਲਵੀ ਸਨ, ਚਾਹੇ ਬ੍ਰਾਹਮਣ ਸਨ। ਸਾਰਾ ਬਨਾਰਸ ਕਬੀਰ ਦੀ ਵਿਰੋਧਤਾ 'ਤੇ ਖੜਾ ਹੋ ਗਿਆ। ਤਾਂ ਕਹਿਣਾ ਪਵੇਗਾ ਕਿ ਸਾਰੇ ਬਨਾਰਸ ਵਿਚ ਅਜਿਹੇ ਬੰਦੇ ਸਨ। ਤੰਗ ਆ ਕੇ ਕਬੀਰ ਨੂੰ ਕਹਿਣਾ ਪਿਆ ਕਿ ਮੈਂ ਮੁਸਲਮਾਨ ਹੀ ਨਹੀਂ ਹਾਂ ਤਾਂ ਵਿਰੋਧਤਾ ਕਿਉਂ ਕਰਦੇ ਹੋ ਤੇ ਮੈਂ ਹਿੰਦੂ ਹੀ ਨਹੀਂ ਹਾਂ, ਮੇਰਾ ਖਹਿੜਾ ਛੱਡੋ। ਜਦੋਂ ਵੀ ਕੋਈ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤਾਂ ਇਸ ਤਰ੍ਹਾਂ ਦਾ ਮਜ਼ਬ ਉਸਦਾ ਨਹੀਂ ਹੁੰਦਾ,

ਕਿਉਂਕਿ ਪ੍ਰਮਾਤਮਾ ਦਾ ਕੋਈ ਮਜ਼ਬ ਨਹੀਂ ਹੈ।

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬੋਲ ਮੈਂ ਤੁਹਾਡੇ ਸਾਹਮਣੇ ਰੱਖਾਂ-

ਨਮਸਤੰ ਅਮਜਬੇ॥ ਨਮਸਤੱਸਤੁ ਅਜਬੇ॥

(ਜਾਪੁ ਸਾਹਿਬ)

ਨਮਸ਼ਕਾਰ ਹੈ ਤੈਨੂੰ। ਤੇਰਾ ਕੋਈ ਮਜ਼ਬ ਨਹੀਂ। ਹੇ ਪ੍ਰਮਾਤਮਾ! ਨਾ ਤੂੰ ਹਿੰਦੂ ਹੈਂ, ਨਾ ਤੂੰ ਮੁਸਲਿਮ ਹੈਂ, ਨਾ ਤੂੰ ਇਸਾਈ, ਨਾ ਤੂੰ ਯਹੂਦੀ ਹੈਂ, ਨਾ ਤੂੰ ਪਾਰਸੀ ਹੈਂ, ਨਾ ਤੂੰ ਜੈਨੀ ਹੈਂ, ਨਾ ਤੂੰ ਬੋਧੀ ਹੈਂ। ਕਲਗੀਧਰ ਪਿਤਾ ਕਹਿੰਦੇ ਹਨ ਕਿ ਮੈਂ ਨਮਸ਼ਕਾਰ ਕਰਦਾ ਹਾਂ ਤੈਨੂੰ। ਤੇਰਾ ਕੋਈ ਮਜ਼ਬ ਨਹੀਂ। ਜੱਪ ਕਰਨ ਵਾਲਾ ਮਨੁੱਖ, ਸਾਧਨਾ ਕਰਨ ਵਾਲਾ ਮਨੁੱਖ ਸਹਿਜੇ ਸਹਿਜੇ ਉਸ ਕੋਲੋਂ ਕੁਝ ਛੁੱਟਦਾ ਹੈ, ਉਹ ਤਿਆਗਦਾ ਨਹੀਂ ਹੈ। ਜਿਵੇਂ ਪੱਤਝੜ ਦੀ ਰੁੱਤ ਆਵੇ ਤੇ ਇਕ ਇਕ ਪੱਤਾ ਡਿੱਗਣਾ ਸ਼ੁਰੂ ਹੁੰਦਾ ਹੈ। ਪ੍ਰਥਮ ਪਦਾਰਥਾਂ ਦੀ ਪਕੜ ਨਹੀਂ ਰਹਿੰਦੀ। ਪਦਾਰਥਾਂ ਨੂੰ ਉਹ ਪਕੜੇਗਾ, ਪਦਾਰਥ ਉਸਨੂੰ ਨਹੀਂ ਪਕੜਨਗੇ। ਅੱਗੇ ਚੱਲ ਕੇ ਪਰਿਵਾਰ ਦੀ ਪਕੜ ਵੀ ਨਹੀਂ ਰਹੇਗੀ। ਭਾਵੇਂ ਪਰਿਵਾਰ ਉਸਨੂੰ ਪਕੜੇ, ਉਸਦੇ ਅੰਦਰ ਪਰਿਵਾਰ ਦੀ ਪਕੜ ਵੀ ਨਹੀਂ ਰਹੇਗੀ। ਉਸਦੇ ਅੰਦਰ ਕਿਸੇ ਅਵਤਾਰ, ਪੀਰ, ਪੈਗੰਬਰ, ਆਪਣੇ ਇਸ਼ਟ ਦੀ ਪਕੜ ਵੀ ਨਹੀਂ ਰਹੇਗੀ, ਉਹ ਵੀ ਛੁੱਟ ਜਾਏਗੀ। ਮਨੁੱਖ ਜੋ ਪ੍ਰਮਾਤਮਾ ਨਾਲ ਜੁੜਨ ਤੋਂ ਅਸਮਰੱਥ ਰਹਿ ਗਿਆ ਹੈ, ਉਸਦਾ ਮਾਇਆ ਚਿੱਤ ਭਰਮਾਉਂਦੀ ਹੈ। ਮਾਇਆ ਕੀ ਹੈ? ਮੈਂ ਅਰਜ਼ ਕਰਾਂ। ਨਾ ਮਨੁੱਖ ਨੂੰ ਪ੍ਰਮਾਤਮਾ ਦੀ ਸਮਝ, ਨਾ ਮਨੁੱਖ ਨੂੰ ਮਾਇਆ ਦੀ ਸਮਝ। ਹਰ ਉਹ ਚੀਜ਼ ਮਾਇਆ ਹੈ ਜੋ ਪ੍ਰਮਾਤਮਾ ਦੇ ਰਸਤੇ ਦਾ ਰੋੜਾ ਬਣੇ। ਉਹ ਕੁਝ ਵੀ ਹੋ ਸਕਦਾ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਇਸ਼ਟ ਵੀ ਮਾਇਆ ਹੈ। ਜਿਸਦੀ ਪੂਜਾ ਪਿਆ ਕਰਦਾ ਹੈਂ, ਜਿਸਦੇ ਆਸਰੇ 'ਤੇ ਤੂੰ ਇਸ ਮਾਰਗ 'ਤੇ ਚੱਲਿਆ ਹੈਂ, ਹੁਣ ਤੂੰ ਉਸੇ ਨੂੰ ਪਕੜ ਕੇ ਰਹਿ ਗਿਆ ਹੈਂ। ਇਹ ਬੜੇ ਕ੍ਰਾਂਤੀਕਾਰੀ ਬੋਲ ਹਨ ਗੁਰੂ ਅਰਜਨ ਦੇਵ ਜੀ ਦੇ। ਕੁਝ ਵੀ ਇਸ਼ਟ ਹੋ ਸਕਦਾ ਹੈ। ਇਸ਼ਟ ਤਾਂ ਦਰਵਾਜ਼ੇ ਦੀ ਤਰ੍ਹਾਂ ਹੈ ਤੇ ਜੇ ਦਰਵਾਜ਼ੇ ਨੇ ਵੀ ਰੋਕ ਲਿਆ ਹੈ, ਦਰ 'ਤੇ ਵੀ ਰੁੱਕ ਗਏ ਤਾਂ ਘਰ ਤੋਂ ਵਾਂਝੇ ਰਹਿ ਗਏ। ਹੁਣ ਦਰਵਾਜ਼ਾ ਮਾਇਆ ਬਣ ਗਿਆ ਹੈ, ਗੁਰੂ ਮਾਇਆ ਬਣ ਗਿਆ ਹੈ, ਅਵਤਾਰ ਮਾਇਆ ਬਣ ਗਿਆ ਹੈ। ਪਰਿਵਾਰ ਨੇ ਰੋਕਿਆ ਤਾਂ ਪਰਿਵਾਰ ਮਾਇਆ, ਅਵਤਾਰ ਨੇ ਰੋਕਿਆ ਤਾਂ ਅਵਤਾਰ ਮਾਇਆ, ਪਦਾਰਥਾਂ ਨੇ ਰੋਕਿਆ ਤਾਂ ਪਦਾਰਥ ਮਾਇਆ, ਪ੍ਰਭੁੱਤਾ ਨੇ ਰੋਕਿਆ ਤਾਂ ਪਭੁੱਤਾ ਮਾਇਆ। ਮਾਇਆ ਪਸਰੀ ਹੋਈ ਹੈ।

ਸੁਰਤ ਨੂੰ ਜਿਹੜਾ ਖ਼ਿਆਲ ਰੋਕ ਦੇਵੇ, ਮਾਇਆ ਹੈ। ਮਾਇਆ ਕੋਈ ਸ਼ਕਤੀਸ਼ਾਲੀ ਨਹੀਂ ਹੈ। ਦਰਿਆਵਾਂ ਦੇ ਵਹਿਣ ਮੁੱਠੀ ਭਰ ਰੇਤ ਨਾਲ ਨਹੀਂ ਰੁਕਦੇ। ਜ਼ਿੰਦਗੀ ਦੇ ਵਹਿਣ ਬਹੁਤ ਛੋਟੀਆਂ ਛੋਟੀਆਂ ਗੱਲਾਂ ਨੇ ਰੋਕੇ ਹੋਏ ਹਨ। ਕਿਸੇ ਦੀ ਸੁਰਤ ਰੁੱਕ ਗਈ ਹੈ ਪਰਿਵਾਰ ਕਰਕੇ, ਪਦਾਰਥਾਂ ਕਰਕੇ, ਪਭੁੱਤਾ ਕਰਕੇ, ਆਪਣੇ ਇਸ਼ਟ ਕਰਕੇ। ਮਿਲਦੇ ਹਨ ਮੈਨੂੰ ਕਈ,

ਫਲਾਨੇ ਸੰਤ ਦੀ ਬੜੀ ਬਖਸ਼ਿਸ਼ ਹੈ ਸਾਡੇ 'ਤੇ। ਸਾਡੇ ਕੋਲ ਜੋ ਕੁਝ ਹੈ ਉਹਨਾਂ ਦਾ ਹੈ। ਮਿਲਦਾ ਘਰ ਤੋਂ ਹੈ ਦਰ ਦੇ ਰਾਹੀਂ ਤੇ ਕੋਈ ਇਹ ਆਖੇ ਘਰ ਦੀ ਗੱਲ ਨਹੀਂ ਹੈ, ਸਾਨੂੰ ਦਰ ਤੋਂ ਹੀ ਮਿਲਿਆ ਹੈ। ਦਰਵਾਜ਼ੇ ਨੇ ਦਿੱਤਾ ਹੈ ਤਾਂ ਦਰਵਾਜ਼ਾ ਮਾਇਆ ਬਣ ਗਿਆ। ਕਈ ਵਾਰੀ ਮਨੁੱਖ ਸਾਧਨਾ ਕਰਕੇ ਪਰਿਵਾਰ ਤੋਂ, ਪ੍ਰਭੁੱਤਾ ਤੋਂ ਤਾਂ ਉੱਚਾ ਉੱਠ ਜਾਂਦਾ ਹੈ, ਪਰ ਇਸ਼ਟ ਤੋਂ ਉੱਚਾ ਉੱਠਣਾ ਔਖਾ ਬੜਾ ਹੈ। ਤਾਂ ਇਸ਼ਟ ਮਾਇਆ ਹੈ। ਇਸ਼ਟ ਕਰਕੇ ਜੋ ਮਜ਼ਬ ਮਿਲਿਆ ਸੀ, ਮਜ਼ਬ ਮਾਇਆ ਹੈ। ਕਿਸੇ ਵਾਸਤੇ ਮੁਸਲਮਾਨ ਹੋਣਾ ਹੀ ਮਾਇਆ ਹੋ ਗਿਆ। ਇਸ ਵਾਸਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਐਲਾਨੀਆ ਕਹਿ ਦਿੱਤਾ-

ਜੋ ਹਮ ਕੋ ਪਰਮੇਸਰ ਉਚਰਿ ਹੈਂ।
ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।

ਕੁੰਭੀ ਨਰਕ ਵਿਚ ਜਾਣਗੇ, ਮਾਮੂਲੀ ਨਰਕ ਨਹੀਂ। ਬੜਾ ਦੁੱਖ ਭੋਗਣਗੇ, ਕੌਣ? ਜੋ ਮੈਨੂੰ ਪ੍ਰਮਾਤਮਾ ਕਰਕੇ ਆਖਣਗੇ।

ਮੋ ਕੋ ਦਾਸ ਤਵਨ ਕਾ ਜਾਨੋ। ਯਾ ਮੈ ਭੇਦ ਨ ਰੰਚ ਪਛਾਨੋ।
ਮੈ ਹੋ ਪਰਮ ਪੁਰਖ ਕੋ ਦਾਸਾ। ਦੇਖਨ ਆਯੋ ਜਗਤ ਤਮਾਸਾ॥

(ਅਕਾਲ ਪੁਰਖ ਵਾਚ ਚੌਪਈ)

ਅਵਤਾਰ ਪ੍ਰਮਾਤਮਾ ਦਾ ਸੰਦੇਸ਼ ਵਾਹਕ ਹੈ, ਅਵਤਾਰ ਨਿਰੰਕਾਰ ਨਹੀਂ ਹੈ।

ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥

(ਅੰਗ ੮੯੪)

ਅਜਿਹੀ ਸੀਮਾ ਹੁੰਦੀ ਹੈ। ਜੇਕਰ ਅਵਤਾਰ ਛੁੱਟਿਆ ਨਹੀਂ ਤਾਂ ਅਵਤਾਰ ਵੀ ਮਾਇਆ ਬਣ ਗਿਆ। ਅਵਤਾਰ ਤੋਂ ਮਨ ਇੰਨਾ ਪ੍ਰਭਾਵਿਤ ਹੈ ਕਿ ਬਾਰ ਬਾਰ ਇਹੀ ਯਾਦ ਆਉਂਦਾ ਹੈ। ਨਿਰੰਕਾਰ ਤੱਕ ਤਾਂ ਸੁਰਤ ਜਾਂਦੀ ਨਹੀਂ। ਇਹ ਅਵਤਾਰ ਮਾਇਆ ਹੋ ਗਿਆ। ਪ੍ਰਮਾਤਮਾ ਤੋਂ ਬਿਨਾਂ ਕੋਈ ਹੋਰ ਵੀ ਦੇ ਸਕਦਾ ਹੈ, ਮਤਾਂ ਕਿਤੇ ਤੈਨੂੰ ਭੁਲੇਖਾ ਹੋ ਜਾਵੇ। ਕਬਰਾਂ ਪੂਜੀਆਂ ਜਾ ਰਹੀਆਂ ਹਨ, ਦਰੱਖ਼ਤ ਪੂਜੇ ਜਾ ਰਹੇ ਹਨ, ਪੱਥਰ ਪੂਜੇ ਜਾ ਰਹੇ ਹਨ, ਮਨੁੱਖ ਪੂਜੇ ਜਾ ਰਹੇ ਹਨ, ਵੱਗਦੇ ਹੋਏ ਦਰਿਆ ਪੂਜੇ ਜਾ ਰਹੇ ਹਨ। ਹੈਰਾਨੀ ਹੈ। ਠੀਕ ਹੈ ਮੇਰੇ ਤੋਂ ਕੋਈ ਵੱਡਾ ਹੈ। ਉਸਦੀ ਵੱਡੀ ਉਮਰ ਦਾ ਸਤਿਕਾਰ ਕਰਦਿਆਂ ਜੇ ਮੈਂ ਝੁਕ ਗਿਆ ਤਾਂ ਉਮਰ ਕਰਕੇ ਝੁਕ ਗਿਆ, ਠੀਕ ਹੈ। ਕੋਈ ਅਕਲ ਕਰਕੇ ਵੱਡਾ ਹੋ ਸਕਦਾ ਹੈ, ਕੋਈ ਗੁਣਾ ਕਰਕੇ ਵੱਡਾ ਹੋ ਸਕਦਾ ਹੈ, ਪੈ ਗਏ ਪੈਰੀਂ, ਇਹ ਗੁਰੂ ਨਾਨਕ ਮਨ੍ਹਾਂ ਨਹੀਂ ਕਰਦੇ।

ਪੈਰੀ ਪਵਣਾ ਜਗਿ ਵਰਤਾਇਆ।

ਸਗੋਂ ਗੁਰੂ ਨਾਨਕ ਨੇ ਤਾਂ ਪ੍ਰਥਾ ਚਲਾਈ ਕਿ ਜਿਥੇ ਤੂੰ ਦੇਖੇਂ ਇਹ ਮੇਰੇ ਕੋਲੋਂ ਅੱਗੇ ਹੈ, ਉਸਦੇ ਪੈਰੀਂ ਪੈ ਜਾ। ਕਹਿੰਦੇ ਹਨ ਧਰਮ ਦੇਖਣਾ ਹੈ ਤਾਂ ਉਸਨੂੰ ਦੇਖ ਜੋ ਤੇਰੇ ਨਾਲੋਂ ਅੱਗੇ

ਹੈ, ਤਾਂਕਿ ਤੈਨੂੰ ਤਰਸ ਆਵੇ।

ਭਗਤ ਧਨੇ ਨੇ ਤਾਂ ਅਜਿਹਾ ਦੇਖਿਆ ਸੀ। ਕਬੀਰ ਹੈ ਤਾਂ ਜੁਲਾਹਾ, ਪਰ ਬੜਾ ਅੱਗੇ ਚਲਾ ਗਿਆ। ਰਵਿਦਾਸ ਹੈ ਤਾਂ ਚਮਾਰ, ਪਰ ਬੜਾ ਅੱਗੇ ਚਲਾ ਗਿਆ।

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥

(ਅੰਗ ੪੮੮)

ਇਹ ਗੁਣ ਸੁਣ ਕੇ ਜੱਟ ਭਗਤੀ ਕਰਨ ਲੱਗ ਪਿਆ ਕਿ ਜੁਲਾਹਾ ਭਗਤ ਬਣ ਗਿਆ, ਮੈਂ ਕਿਉਂ ਨਹੀਂ ਹੋ ਸਕਦਾ। ਇਹ ਮੇਰੇ ਨਾਲੋਂ ਬਹੁਤ ਅੱਗੇ ਚੱਲੇ ਗਏ ਹਨ।

ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥

(ਅੰਗ ੪੮੮)

ਜੇ ਧਨ ਦੇਖਣਾ ਹੈ ਤਾਂ ਸਦਾ ਉਸ ਨੂੰ ਦੇਖ ਜੋ ਤੇਰੇ ਨਾਲੋਂ ਪਿੱਛੇ ਹੈ ਤਾਂਕਿ ਅੰਦਰ ਹੰਕਾਰ ਨਾ ਪੈਦਾ ਹੋਵੇ। ਜੋ ਸਾਡੇ ਤੋਂ ਅੱਗੇ ਹੈ, ਉਸਦੇ ਪੈਰੀਂ ਪੈਣਾ ਕੋਈ ਗੁਨਾਹ ਨਹੀਂ, ਪੁੰਨ ਹੈ।

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥
ਕਰਿ ਡੰਡਉਤ ਪੁਨੁ ਵਡਾ ਹੇ॥ ੧॥ ਰਹਾਉ॥

(ਅੰਗ ੧੩)

ਪਰ ਮੈਂ ਪੈਰੀਂ ਪੈ ਗਿਆ ਤੇ ਮੈਂ ਰੱਬ ਸਮਝ ਲਿਆ। ਹੁਣ ਇਹ ਸਾਧੂ ਮੇਰੇ ਲਈ ਮਾਇਆ ਹੋ ਗਿਆ। ਤੁਹਾਨੂੰ ਬਹੁਤ ਸਾਰੇ ਮਿਲਣਗੇ ਜਿਨ੍ਹਾਂ ਨੂੰ ਪਰਿਵਾਰ, ਧਨ, ਪਦਾਰਥ ਨੇ ਤਾਂ ਨਹੀਂ ਰੋਕਿਆ, ਅੱਗੇ ਚਲੇ ਗਏ ਹਨ, ਪਰ ਕਿਸੇ ਇਸ਼ਟ ਨੇ ਰੋਕ ਕੇ ਰੱਖ ਦਿੱਤਾ ਤੇ ਪਰਮ ਆਨੰਦ ਮਾਣਨ ਤੋਂ ਵਾਂਝੇ ਰਹਿ ਗਏ। ਮਹਾਰਾਜ ਕਹਿੰਦੇ ਹਨ ਕਿ ਦੇਖ ਉਸ ਸਿੱਖ ਨੂੰ ਜੋ ਗੁਰੂ ਦੀ ਵਿਚਾਰ ਵਿਚ ਤੇਰੇ ਤੋਂ ਅੱਗੇ ਹੈ। ਕੋਈ ਗੱਲ ਨਹੀਂ, ਉਸਦੇ ਪੈਰੀਂ ਪੈ ਜਾ।

ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥

(ਅੰਗ ੭੬੩)

ਕਹਿੰਦੇ ਹਨ ਜੋ ਤੇਰੇ ਨਾਲੋਂ ਪਿੱਛੇ ਹਨ, ਉਸਦੇ ਪੈਰੀਂ ਪਏਂਗਾ ਤਾਂ ਪੱਛੜ ਜਾਏਂਗਾ। ਲੋਕੀਂ ਰਾਜਨੀਤਿਕਾਂ ਦੇ ਪੈਰੀਂ ਪੈਂਦੇ ਹਨ ਤੇ ਰਾਜਨੀਤਿਕਾਂ ਤੋਂ ਕੋਈ ਝੂਠਾ ਹੋਵੇਗਾ? ਝੂਠ ਦੇ ਪੈਰੀਂ ਪੈਂਦੇ ਹਨ, ਝੂਠੇ ਹੋ ਜਾਂਦੇ ਹਨ। ਝੁਕਣ ਲੱਗਿਆਂ ਸੋਚ ਲੈਣਾ ਮੇਰੇ ਨਾਲੋਂ ਅੱਗੇ ਹੈ ਕਿ ਨਹੀਂ। ਜਿਹੜੇ ਪਿੱਛੇ ਹਨ ਇਹਨਾਂ 'ਤੇ ਤਰਸ ਕਰਨਾ ਚਾਹੀਦਾ ਹੈ। ਇਹ ਜੋ ਪਿੱਛੇ ਹਨ ਇਹਨਾਂ ਦੀ ਸੇਵਾ ਕਰੀਏ, ਪੈਰੀਂ ਪੈਣ ਦੀ ਲੋੜ ਨਹੀਂ।

ਕਹਿੰਦੇ ਹਨ ਮਹਾਤਮਾ ਬੁੱਧ ਨੇ ਆਪਣੇ ਚਚੇਰੇ ਭਰਾ ਨੂੰ ਕਿਹਾ ਸੀ ਕਿ ਉਹ ਨਦੀ ਤਾਂ ਤੂੰ ਲੰਘ ਆਇਆ ਹੈਂ ਤੇ ਕਿਨਾਰੇ ਨੂੰ ਪਕੜ ਕੇ ਬੈਠ ਗਿਆ ਹੈਂ। ਅਨੰਦ ਹੱਥ ਜੋੜ ਕੇ ਕਹਿੰਦਾ ਹੈ, ਮੈਂ ਨਹੀਂ ਸਮਝਿਆ। ਬਈ ਸੰਸਾਰ, ਪਦਾਰਥ, ਪਰਿਵਾਰ, ਪ੍ਰਭੁੱਤਾ ਇਥੋਂ ਤਾਂ ਤੂੰ ਲੰਘ

ਆਇਆ ਹੈਂ ਤੇ ਮੈਨੂੰ ਪਕੜ ਕੇ ਬੈਠ ਗਿਆ ਹੈਂ। ਇਸਨੂੰ ਵੀ ਛੱਡ। ਜਿਸ ਨਾਲ ਮੋਹ ਹੋਵੇ ਉਹ ਗਿਰਾਵੇਗਾ। ਪਰਿਵਾਰ ਸੰਯੋਗ ਹੈ ਪ੍ਰਭੂ ਦਾ। ਜਿਵੇਂ ਪੈਰਾਂ ਨੂੰ ਚੱਲਣਾ ਪੈਂਦਾ ਹੈ ਤੇ ਚੱਲਣ ਲਈ ਜ਼ਮੀਨ ਚਾਹੀਦੀ ਹੈ, ਤਿਵੇਂ ਜਿਊਣ ਲਈ ਪਰਿਵਾਰ ਚਾਹੀਦਾ ਹੈ, ਜਿਊਣ ਲਈ ਪਦਾਰਥ ਚਾਹੀਦੇ ਹਨ, ਪਰ ਮੈਂ ਧਰਤੀ ਨੂੰ ਹੀ ਪਕੜ ਕੇ ਬੈਠ ਜਾਵਾਂ, ਧਰਤੀ ਤਾਂ ਚੱਲਣ ਵਾਸਤੇ ਹੈ। ਫਿਰ ਧਰਤੀ ਮੇਰੇ ਲਈ ਰੁਕਾਵਟ ਹੋ ਗਈ। ਪਤਾ ਹੈ ਅਨੰਦ ਕੀ ਕਹਿੰਦਾ ਹੈ ਕਿ ਇਸ ਕਿਨਾਰੇ ਤੋਂ ਮੈਨੂੰ ਮਿਲਿਆ ਬਹੁਤ ਕੁਝ ਹੈ। ਬੜੀ ਸਮਝ ਮਿਲੀ ਹੈ। ਬਈ ਸੁੱਖ ਤਾਂ ਤੈਨੂੰ ਪਦਾਰਥਾਂ ਤੋਂ ਵੀ ਮਿਲੇ ਹਨ, ਸੁੱਖ ਤੈਨੂੰ ਮਾਂ ਬਾਪ ਤੋਂ ਵੀ ਮਿਲੇ ਹਨ, ਪਰਿਵਾਰ ਤੋਂ ਮਿਲੇ ਹਨ। ਜਿਵੇਂ ਉਹਨਾਂ ਦੀ ਪਕੜ ਨਹੀਂ ਹੈ, ਲੋੜ ਸੀ, ਤਿਵੇਂ ਛੱਡ ਮੈਨੂੰ। ਨਹੀਂ ਤਾਂ ਯਾਦ ਰੱਖ ਮੈਂ ਮਾਇਆ ਬਣ ਜਾਵਾਂਗਾ। ਬੇੜੀ ਦੇ ਰਾਹੀਂ ਪਾਰ ਹੋਇਆ ਤਾਂ ਬੇੜੀ ਨੂੰ ਸਿਰ 'ਤੇ ਥੋੜੀ ਚੁੱਕਣਾ ਹੈ। ਫਿਰ ਤਾਂ ਸਾਰੀ ਜ਼ਿੰਦਗੀ ਬੇੜੀ ਬੰਧਨ ਬਣ ਗਈ। ਜਿਵੇਂ ਜ਼ਿੰਦਗੀ ਦੇ ਮਾਰਗ 'ਤੇ ਮਾਂ ਬਾਪ ਮਿਲ ਜਾਂਦੇ ਹਨ, ਭੈਣ ਭਰਾ ਮਿਲ ਜਾਂਦੇ ਹਨ, ਦੋਸਤ ਰਿਸ਼ਤੇਦਾਰ ਮਿਲ ਜਾਂਦੇ ਹਨ, ਧਨ ਸੰਪਦਾ ਮਿਲ ਜਾਂਦੀ ਹੈ, ਤਿਵੇਂ ਜ਼ਿੰਦਗੀ ਦੇ ਮਾਰਗ ਵਿਚ ਅਵਤਾਰ ਦਾ ਮਿਲਣਾ, ਸੰਤ ਦਾ ਮਿਲਣਾ ਵੀ ਬੜਾ ਜ਼ਰੂਰੀ ਹੈ।

ਔਲਾਦ ਨਾ ਹੋਵੇ ਤਾਂ ਮਾਂ ਬਾਪ ਰੋਂਦੇ ਦਿਖਾਈ ਦਿੰਦੇ ਹਨ, ਤੀਰਥਾਂ 'ਤੇ ਭਟਕਦੇ ਹਨ, ਲੋੜ ਹੈ। ਇਸੇ ਤਰ੍ਹਾਂ ਅਵਤਾਰ ਦੀ ਲੋੜ ਹੈ, ਸੰਤ ਦੀ ਲੋੜ ਹੈ। ਪਰ ਇਸਦੇ ਵਿਚੋਂ ਜਿਸਨੂੰ ਵੀ ਪਕੜ ਕੇ ਬੈਠ ਗਏ, ਉਹ ਮਾਇਆ ਹੈ। ਮੈਂ ਬਹੁਤ ਸਾਰੇ ਦੇਖਦਾ ਹਾਂ ਕਿ ਸੰਤ ਹੀ ਮਾਇਆ ਬਣੇ ਹੋਏ ਹਨ। ਸੰਤ ਕਿਸੇ ਲਈ ਮਾਇਆ ਬਣ ਜਾਏ, ਦੀਵਾਰ ਬਣ ਜਾਏ ਤਾਂ ਸਮਝ ਲੈਣਾ ਬੜਾ ਪ੍ਰਬਲ ਹੰਕਾਰ ਹੈ। ਇਸਦਾ ਸੰਤਪੁਣਾ ਤਾਂ ਖ਼ਤਮ ਹੁੰਦਾ ਜਾਏਗਾ, ਰਹੇਗਾ ਹੀ ਨਹੀਂ। ਹੈਰਾਨੀ ਹੈ ਫਿਰ ਹੰਕਾਰ ਵੀ ਪੂਜਿਆ ਜਾ ਰਿਹਾ ਹੈ।

ਕਬੀਰ ਦੇ ਬੋਲਾਂ ਵਿਚ ਪ੍ਰਤਾਪ ਹੈ, ਜ਼ਿੰਦਗੀ ਬੜੀ ਪ੍ਰਕਾਸ਼ਮਈ ਹੈ। ਇਹ ਹਨੇਰੇ ਵਿਚ ਰਹਿਣ ਵਾਲਿਆਂ ਨੂੰ ਚੰਗਾ ਲੱਗਾ। ਕਿਵੇਂ ਪਛਾੜੀਏ? ਤਾਂ ਪਹਿਲੇ ਕਬੀਰ ਦੇ ਆਚਾਰ ਅਤੇ ਚਰਿੱਤਰ 'ਤੇ ਹਮਲਾ ਕਰੀਏ। ਇਲਜ਼ਾਮ ਲੱਗਾ ਦਿੱਤਾ ਗਿਆ ਕਿ ਦੁਰਾਚਾਰੀ ਹੈ ਅਤੇ ਘਰ ਵਿਚ ਮੋਹਰਾਂ ਦੀ ਥੈਲੀ ਰਾਤ ਨੂੰ ਸੁੱਟ ਕੇ ਪੁਲਿਸ ਭੇਜ ਕੇ ਪਕੜਵਾ ਦਿੱਤਾ ਕਿ ਚੋਰ ਹੈ। ਇਹ ਇਤਿਹਾਸ ਹੈ। ਇਹੀ ਦੋ ਅਜਿਹੇ ਇਲਜ਼ਾਮ ਹਨ ਜਿਹੜੇ ਕਬੀਰ ਨੂੰ ਪਿੱਛੇ ਸੁੱਟ ਸਕਦੇ ਹਨ। ਸਮੇਂ ਦੀ ਹਕੂਮਤ ਸੀ ਸਿਕੰਦਰ ਲੋਧੀ ਦੀ। ਇਸਦਾ ਹਿਰਦਾ ਵੀ ਕਈ ਦਿਨਾਂ ਦਾ ਖੌਪਿਆ ਹੋਇਆ ਸੀ, ਕਿਉਂਕਿ ਇਹ ਲਗਪਗ ਦੋਨਾਂ ਤੋਂ ਨਿਆਰਾ ਹੋ ਗਿਆ ਸੀ। ਇਹ ਸ਼ਬਦ ਹੁਣ ਅੱਗ ਨਹੀਂ ਤਾਂ ਕੀ ਹਨ?

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥

(ਅੰਗ ੬੫੪)

ਮਰ ਖੱਪ ਗਏ ਮੁਸਲਮਾਨ ਤੇ ਮਰ ਖੱਪ ਗਏ ਪੱਥਰ ਨੂੰ ਪੂਜ ਪੂਜ ਕੇ ਹਿੰਦੂ।

ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥ ੧॥
ਮਨ ਰੇ ਸੰਸਾਰੁ ਅੰਧ ਗਹੇਰਾ॥

(ਅੰਗ ੬੫੪)

ਇਹ ਦੋਵੇਂ ਹਨੇਰੇ ਵਿਚ ਭਟਕਦੇ ਪਏ ਹਨ। ਕਬੀਰ ਨੂੰ ਕੌਣ ਮਾਫ਼ ਕਰੇ? ਬਚਨਾਂ ਵਿਚ ਇੰਨੀ ਸਚਾਈ, ਇੰਨੀਆਂ ਦਲੀਲਾਂ। ਕੀ ਹੋਇਆ ਜੇ ਥੋੜ੍ਹੀ ਜਿਹੀ ਜੁਲਾਹਿਆਂ ਦੀ ਜਮਾਤ ਕਬੀਰ ਦੇ ਆਲੇ ਦੁਆਲੇ ਇਕੱਠੀ ਹੋਈ, ਸਾਰਾ ਦੇਸ਼ ਨਹੀਂ ਇਕੱਠਾ ਹੋਇਆ। ਜੇ ਗੁਰੂ ਅਰਜਨ ਦੇਵ ਜੀ ਮਹਾਰਾਜ ਆਪਣੇ ਸੀਨੇ ਵਿਚ ਥਾਂ ਨਾ ਦਿੰਦੇ ਤਾਂ ਸਿੱਖ ਜਗਤ ਨੂੰ ਵੀ ਕਬੀਰ ਦਾ ਪਤਾ ਨਹੀਂ ਚੱਲਣਾ ਸੀ। ਕਬੀਰ ਦਾ ਜਨਮ ਰਾਜ ਘਰਾਣੇ ਵਿਚ ਨਹੀਂ ਹੋਇਆ ਤੇ ਕਬੀਰ ਦਾ ਜਨਮ ਧਨਾਢ ਘਰ ਵਿਚ ਵੀ ਨਹੀਂ ਹੋਇਆ, ਕਿਸੇ ਉੱਚੀ ਕੁਲ ਵਿਚ ਵੀ ਨਹੀਂ ਹੋਇਆ। ਮਨੁੱਖ ਪੂਜੇ ਜਾਂਦੇ ਹਨ ਧਨ ਕਰਕੇ, ਕੁਲ ਕਰਕੇ, ਰਾਜ ਘਰਾਣਿਆਂ ਕਰਕੇ। ਰਾਜਾ ਗਿਆਨ ਦੀ ਗੱਲ ਆਖੇ, ਅਵਤਾਰ ਹੈ, ਪਰ ਇਕ ਜੁਲਾਹਾ ਗਿਆਨ ਦੀ ਗੱਲ ਆਖੇ, ਝੂਠਾ ਹੈ।

ਕਬੀਰ ਦੇ ਬੋਲ ਕਿਸੇ ਵੀ ਅਵਤਾਰੀ ਪੁਰਸ਼ਾਂ ਦੇ ਬੋਲਾਂ ਨਾਲੋਂ ਘੱਟ ਨਹੀਂ ਹਨ। ਸਿੰਕਧਰ ਲੋਧੀ ਵਰਗਾ ਮੂਰਖ ਬਾਦਸ਼ਾਹ ਉਸਨੇ ਹੁਕਮ ਵੀ ਸੁਣਾ ਦਿੱਤਾ ਕਿ ਹਾਥੀ ਦੇ ਪੈਰਾਂ ਥੱਲੇ ਕੁਚਲ ਕੇ ਇਸਨੂੰ ਮਾਰੋ। ਆਪਣੀ ਔਕਾਤ ਨਹੀਂ ਦੇਖਦਾ, ਬਹੁਤ ਬੋਲਦਾ ਹੈ। ਹਾਥੀ ਨੂੰ ਖ਼ੂਬ ਸ਼ਰਾਬ ਪਿਲਾ ਦਿੱਤੀ ਤੇ ਕਬੀਰ ਨੂੰ ਉਸਦੇ ਅੱਗੇ ਬੰਨ੍ਹ ਦਿੱਤਾ। ਕਾਜ਼ੀ ਸਾਹਮਣੇ ਖੜ੍ਹਾ ਹੈ। ਸਿਕੰਦਰ ਲੋਧੀ ਸਾਹਮਣੇ ਖੜ੍ਹਾ ਹੈ। ਬ੍ਰਾਹਮਣ ਸਾਹਮਣੇ ਖੜ੍ਹੇ ਹਨ ਤੇ ਖ਼ੁਸ਼ ਹੋ ਰਹੇ ਸਨ ਕਿ ਹੁਣ ਕਿਵੇਂ ਮੱਥਾ ਮਾਰੇਗਾ ਸਾਡੇ ਨਾਲ। ਹੁਣ ਨਿਕਲਣਗੀਆਂ ਇਸ ਦੀਆਂ ਚੀਕਾਂ, ਹੁਣ ਪਛਤਾਵਾ ਕਰੇਗਾ। ਇਸਨੇ ਬਚਨ ਰੱਖੇ ਦੁਨੀਆਂ ਦੇ ਸਾਹਮਣੇ-

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥

(ਅੰਗ ੪੮੨)

ਤੂੰ ਧਾਗਾ ਪਾ ਕੇ ਬ੍ਰਾਹਮਣ ਹੋ ਗਿਆ ਹੈਂ ਤੇ ਧਾਗਾ ਤਾਂ ਅਸੀਂ ਬਣਾਉਂਦੇ ਹਾਂ, ਤਾਂ ਬਣਾਉਣ ਵਾਲਾ ਵੱਡਾ ਹੈ ਕਿ ਪਾਉਣ ਵਾਲਾ ਵੱਡਾ ਹੈ। ਅਸੀਂ ਬਣਾਇਆ ਤਾਂ ਅਸੀਂ ਸ਼ੂਦਰ ਤੇ ਤੂੰ ਗਲ ਵਿਚ ਪਾ ਲਿਆ ਤਾਂ ਤੂੰ ਬ੍ਰਾਹਮਣ, ਇਹ ਕਿਸ ਤਰ੍ਹਾਂ? ਬਚਨਾਂ ਵਿਚ ਕ੍ਰਾਂਤੀ ਹੈ। ਹਾਥੀ, ਘੋੜਾ, ਮੋਰ, ਹੰਸ, ਗਊ ਇਹ ਮਨੁੱਖ ਦੇ ਬਹੁਤ ਨੇੜੇ ਹਨ। ਜੇਕਰ ਇਹ ਮਰਨਗੇ ਤਾਂ ਮਨੁੱਖ ਬਣਨਗੇ। ਇਹ ਪਸ਼ੂ ਤੇ ਮਨੁੱਖ ਦੀ ਕੜੀ ਹਨ। ਉੱਧਰ ਪਸ਼ੂ ਦੀ ਕੜੀ ਟੁੱਟੇਗੀ, ਇਹ ਮਨੁੱਖ ਹੋਣਗੇ। ਇਹਨਾਂ ਵਿਚ ਸਿਆਣਪ ਹੈ। ਹਾਥੀ ਨੇ ਬੰਨ੍ਹੇ ਹੋਏ ਕਬੀਰ ਨੂੰ ਸੁੰਢ ਨਾਲ ਚੁੱਕ ਲਿਆ। ਮਹਾਵਤ ਅੰਕੁਸ਼ ਮਾਰਦਾ ਪਿਆ ਹੈ ਕਿ ਪੈਰਾਂ ਥੱਲੇ ਕੁਚਲੇ, ਪਰ ਪਤਾ ਹੈ ਹਾਥੀ ਨੇ ਮਸਤਕ 'ਤੇ ਰੱਖ ਲਿਆ ਕਬੀਰ ਨੂੰ। ਫਿਰ ਹਾਥੀ ਨੇ ਜ਼ਮੀਨ 'ਤੇ ਰੱਖਕੇ ਆਪਣਾ ਮਸਤਕ ਕਬੀਰ ਦੇ ਚਰਨਾਂ 'ਤੇ ਰੱਖਿਆ।

ਕੁੰਚਰੁ ਪੋਟ ਲੈ ਲੈ ਨਮਸਕਾਰੈ॥

(ਅੰਗ ੮੭੦)

ਝੁੱਕ ਗਿਆ। ਕੁੰਚਰ ਦਾ ਸਿਰ ਨਮਸਕਾਰ ਪਿਆ ਕਰਦਾ ਹੈ। ਹੇ ਅੰਨ੍ਹੇ ਕਾਜ਼ੀ ! ਤੇਰੇ ਨਾਲੋਂ ਤਾਂ ਹਾਥੀ ਸੁਜਾਖਾ ਹੈ। ਚੜ੍ਹਿਆ ਗੁੱਸਾ ਸਿਕੰਦਰ ਲੋਧੀ ਨੂੰ ਕਿ ਇਹ ਹਾਥੀ ਅਜਿਹਾ ਪਿਆ ਕਰਦਾ ਹੈ, ਇਸਨੂੰ ਚੁੱਕ ਕੇ ਗੰਗਾ ਵਿਚ ਸੁੱਟ ਦਿਉ। ਗੰਗਾ ਚੜ੍ਹੀ ਹੋਈ ਸੀ। ਚੁੱਕ ਕੇ ਗੰਗਾ ਵਿਚ ਸੁੱਟਿਆ ਤਾਂ-

ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥

(ਅੰਗ ੧੧੬੨)

ਲਹਿਰਾਂ ਬੰਦੇ ਨੂੰ ਡੋਬਦੀਆਂ ਹਨ ਪਰ ਲਹਿਰਾਂ ਨੇ ਕਿਨਾਰੇ 'ਤੇ ਲਗਾ ਦਿੱਤਾ। ਜਿਸਨੂੰ ਇਕ ਉਰਦੂ ਦਾ ਸ਼ਾਇਰ ਜ਼ੋਕ ਇੰਝ ਕਹਿੰਦਾ ਹੈ-

ਸਹਾਰਾ ਨਾ ਦੇਤੀਂ ਅਗਰ ਮੌਜੇ ਤੂਫਾਂ। ਡੁਬੋ ਹੀ ਦੀਆ ਥਾ ਹਮੇਂ ਨਾਖੁਦਾ ਨੇ।

ਜੇਕਰ ਲਹਿਰ ਮੈਨੂੰ ਕਿਨਾਰੇ 'ਤੇ ਨਾ ਲਾਉਂਦੀ, ਮਲਾਹ ਨੇ ਤਾਂ ਮੈਨੂੰ ਡੋਬ ਛੱਡਿਆ ਸੀ। ਲਹਿਰਾਂ ਡੋਬ ਦਿੰਦੀਆਂ ਹਨ ਸੰਸਾਰੀਆਂ ਨੂੰ ਪਰੰਤੂ ਲਹਿਰਾਂ ਹੀ ਕਿਨਾਰੇ ਲਗਾ ਦਿੰਦੀਆਂ ਹਨ ਭਗਤਾਂ ਨੂੰ। ਇਸ ਤਰ੍ਹਾਂ ਦਾ ਸੰਘਰਸ਼ ਕੀਤਾ ਕਬੀਰ ਨੇ। ਸਰੀਰ ਤਾਕਤ ਖੋ ਬੈਠਾ ਹੈ। ਰੋਜ਼ ਰੋਜ਼ ਦਾ ਸੰਘਰਸ਼ ਕਰਨਾ ਹੁਣ ਔਖਾ ਸੀ ਤੇ ਕਹਿਣ ਲੱਗੇ - ਲੋਈ, ਬਾਕੀ ਦੇ ਚਾਰ ਦਿਨ ਆਰਾਮ ਨਾਲ ਕੱਟ ਲਈਏ। ਬਨਾਰਸ ਛੱਡ ਦੇਣਾ ਹੈ। ਜਿਸ ਦਿਨ ਬਨਾਰਸ ਛੱਡੀ ਸੀ ਕਬੀਰ ਨੇ ਤਾਂ ਬ੍ਰਾਹਮਣਾਂ ਨੇ ਦੀਪਮਾਲਾ ਕੀਤੀ ਸੀ ਕਿ ਇਕ ਪਾਖੰਡੀ ਨਿਕਲਿਆ। ਮੌਲਵੀਆਂ ਨੇ ਖ਼ੁਸ਼ੀ ਮਨਾਈ ਤੇ ਘਿਉ ਦੇ ਚਿਰਾਗ਼ ਜਲਾਏ ਕਿ ਇਕ ਕਾਫ਼ਰ ਨਿਕਲਿਆ।

ਜਦੋਂ ਜਾਂਦੇ ਹੋਏ ਕਬੀਰ ਨੂੰ ਕੁਝ ਲੋਕਾਂ ਨੇ ਕਿਹਾ, ਜੋ ਬ੍ਰਾਹਮਣਾਂ ਦੇ ਹਿਮਾਇਤੀ ਸਨ, ਭਗਤ ਜੀ! ਕਿੱਥੇ ਚੱਲੇ ਹੋ? ਤਾਂ ਕਬੀਰ ਜੀ ਕਹਿਣ ਲਗੇ ਕਿ ਮਗਹਰ ਚੱਲੇ ਹਾਂ। ਗੋਰਖਪੁਰ ਸ਼ਹਿਰ ਤੋਂ 15 ਮੀਲ ਦੀ ਦੂਰੀ 'ਤੇ ਇਹ ਸ਼ਹਿਰ ਹੈ। ਮਗਹਰ ਬਾਰੇ ਬ੍ਰਾਹਮਣ ਕਹਿੰਦੇ ਹਨ ਕਿ ਜਿਹੜਾ ਉਥੇ ਮਰੇਗਾ, ਖੋਤੇ ਦੀ ਜੂਨ ਜਾਏਗਾ। ਕਬੀਰ ਕਹਿੰਦੇ ਹਨ ਕਿ ਮੈਨੂੰ ਉਥੇ ਲੈ ਜਾਉ ਜਿਥੇ ਘੱਟ ਤੋਂ ਘੱਟ ਬ੍ਰਾਹਮਣ 'ਤੇ ਨਹੀਂ ਨਾ ਜਾਏਗਾ। ਹੁਣ ਬਨਾਰਸ ਦੇ ਵਾਸੀ ਕਹਿੰਦੇ ਹਨ-

ਸਗਲ ਜਨਮੁ ਸਿਵਪੁਰੀ ਗਵਾਇਆ॥
ਮਰਤੀ ਬਾਰ ਮਗਹਰਿ ਉਠਿ ਆਇਆ॥

(ਅੰਗ ੩੨੬)

ਸਾਰੀ ਜ਼ਿੰਦਗੀ ਰਿਹਾ ਬਨਾਰਸ ਸਾਡੇ ਸਿਰ 'ਤੇ ਚੜ੍ਹਕੇ ਤੇ ਹੁਣ ਮੌਤ ਆਈ ਹੈ ਤਾਂ ਜਾਂਦਾ ਪਿਆ ਹੈ ਮਗਹਰ।

ਕਾਸੀ ਮਗਹਰ ਸਮ ਬੀਚਾਰੀ॥ ਓਛੀ ਭਗਤਿ ਕੈਸੇ ਉਤਰਸਿ ਪਾਰੀ॥

(ਅੰਗ ੩੨੬)

ਭਾਵੇਂ ਬਨਾਰਸ ਛੱਡ ਰਿਹਾ ਹੈ, ਪਰ ਅਜੇ ਵੀ ਗਾਲ੍ਹਾਂ ਕੱਢਣ ਤੋਂ ਬਾਜ਼ ਨਹੀਂ ਆ ਰਹੇ। ਕਹਿੰਦੇ ਹਨ ਹੋਛਾ ਭਗਤ ਹੈ। ਇਸਨੇ ਬਨਾਰਸ ਤੇ ਮਗਹਰ ਨੂੰ ਇਕੋ ਸਮਝਿਆ ਹੋਇਆ ਹੈ। ਕਬੀਰ ਲੋਈ ਨੂੰ ਸੰਬੋਧਨ ਕਰਦਿਆਂ ਹੋਇਆਂ ਕਹਿੰਦੇ ਹਨ-

ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ॥
ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ॥

(ਅੰਗ ੬੯੨)

ਕਬੀਰ ਨੇ ਆਪਣਾ ਸਰੀਰ ਮਗਹਰ ਛੱਡਿਆ। ਜਿਨ੍ਹਾਂ ਦਿਨਾਂ ਵਿਚ ਦਾਸ ਦੇਖਣ ਗਿਆ, ਸਮਾਧ ਬਣੀ ਹੋਈ ਹੈ। ਇਕ ਪਾਸੇ ਮੌਲਵੀ ਬੈਠਾ ਹੈ, ਇਕ ਪਾਸੇ ਬ੍ਰਾਹਮਣ ਬੈਠਾ ਹੈ। ਇਕ ਪਾਸੇ ਇਸਦਾ ਚੜ੍ਹਤ ਚੜ੍ਹਾਵਾ ਬ੍ਰਾਹਮਣ ਚੁੱਕਦਾ ਹੈ, ਦੂਜੇ ਪਾਸੇ ਮੌਲਵੀ। ਰਸਤਾ ਪਹਿਲਾਂ ਸਮਾਧ ਦਾ ਉਹ ਆਉਂਦਾ ਹੈ ਜਿਥੇ ਬ੍ਰਾਹਮਣ ਬੈਠਾ ਹੈ। ਫਿਰ ਘੁੰਮ ਕੇ ਦੂਜੇ ਪਾਸੇ ਮੌਲਵੀ ਬੈਠਾ ਹੈ। ਜਦੋਂ ਮੈਂ ਗਿਆ ਤਾਂ ਮੈਨੂੰ ਦੇਖ ਕੇ ਬ੍ਰਾਹਮਣ ਕਹਿਣ ਲੱਗਾ- ਸਰਦਾਰ ਜੀ! ਯੇਹ ਭਗਤ ਕਬੀਰ ਜੀ ਕੀ ਸਮਾਧੀ ਹੈ ਤੇ ਕਬੀਰ ਦੇ ਗੁਣ ਗਾ ਕੇ ਦੱਸਣ ਲੱਗ ਪਿਆ - ਵੋ ਯਹਾਂ ਸਮਾਏ ਥੇ। ਆਪ ਨੇ ਯਹਾਂ ਨਜ਼ਰਾਨਾ ਰੱਖਨਾ ਹੈ, ਭੇਟ ਰੱਖਨੀ ਹੈ। ਮੈਂ ਕਿਹਾ ਬ੍ਰਾਹਮਣ ਦੇਵਤਾ! ਤੁਹਾਡੇ ਕੋਲੋਂ ਵਿਚਾਰਾ ਤੰਗ ਆ ਕੇ ਇਥੇ ਆਇਆ ਸੀ, ਤੁਸੀਂ ਇਥੇ ਵੀ ਖਹਿੜਾ ਨਹੀਂ ਛੱਡਿਆ।

ਕਹਿੰਦੇ ਹਨ ਕਬੀਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਬੈਠੇ ਹਨ। ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਆਪਾਂ ਇਸ਼ਟ ਮੰਨਦੇ ਹਾਂ ਤੇ ਇਸ਼ਟ ਮੰਨਣਾ ਸਾਡਾ ਤਾਂ ਸਵੀਕਾਰ ਹੋ ਸਕਦਾ ਹੈ ਜੇਕਰ ਅਸੀਂ ਸਿੱਖ ਬਣੀਏ। ਭਗਤ ਕਬੀਰ ਜੀ ਦਾ ਅੱਜ ਦਾ ਇਹ ਮਹਾਂਵਾਕ ਆਪ ਸਰਵਨ ਕਰੋ।

ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ ੧ੴ ਸਤਿਗੁਰ ਪ੍ਰਸਾਦਿ॥

ਉਹ ਪਰਮ ਸ਼ਕਤੀ ਇਕ ਹੈ। ਉਹ ਓਅੰਕਾਰ ਹੈ, ਸਤਿ ਹੈ, ਗੁਰੂ ਹੈ। ਉਹ ਜੋ ਇਕ ਹੈ, ਪ੍ਰਸਾਦਿ ਹੈ, ਦਿਆਲੂ ਹੈ, ਕ੍ਰਿਪਾਲੂ ਹੈ।

ਸਨਕ ਸਨੰਦ ਮਹੇਸ ਸਮਾਨਾਂ॥

ਬ੍ਰਹਮੇ ਦੇ ਚਾਰ ਲੜਕੇ ਸਨ - ਸਨਕ, ਸਨੰਦ, ਸਨਾਤਨ ਤੇ ਸਨਤ ਕੁਮਾਰ। ਇਹ ਚਾਰ ਲੜਕੇ ਬ੍ਰਹਮੇ ਦੇ ਮੰਨੇ ਜਾਂਦੇ ਹਨ।

ਸੇਖਨਾਗਿ ਤੇਰੋ ਮਰਮੁ ਨ ਜਾਨਾਂ॥ ੧॥

ਸ਼ੇਸਨਾਗ ਤੋਂ ਮੁਰਾਦ ਕਿਤੇ ਸੱਪ ਨਾ ਸਮਝ ਲੈਣਾ। ਇਕ ਰਿਸ਼ੀ ਦਾ ਨਾਮ ਸੀ। ਉਹ ਹਰ ਰੋਜ਼ ਪ੍ਰਮਾਤਮਾ ਦਾ ਨਵਾਂ ਨਾਮ ਜੱਪਦਾ ਸੀ। ਪ੍ਰਮਾਤਮਾ ਦਾ ਗੁਣਾਤਮਕ ਨਵਾਂ ਨਾਮ ਘੜ ਕੇ ਜੱਪਦਾ ਸੀ। ਕਹਿੰਦੇ ਹਨ, ਰੋਜ਼ ਘੜਦਿਆਂ ਘੜਦਿਆਂ ਲਗਪਗ ਹਜ਼ਾਰ ਦਿਨਾਂ ਵਿਚ ਉਸਨੇ ਹਜ਼ਾਰ ਨਾਮ ਤਾਂ ਘੜ ਲਏ ਸਨ। ਗੱਲ ਇੰਝ ਪ੍ਰਚਲਤ ਹੋ ਗਈ ਕਿ ਸ਼ੇਸਨਾਗ ਜੀ ਦੇ ਹਜ਼ਾਰਾਂ ਮੂੰਹ ਹਨ, ਹਜ਼ਾਰਾਂ ਫਨੀਆਂ ਹਨ ਤੇ ਹਜ਼ਾਰਾਂ ਜ਼ਬਾਨਾਂ ਹਨ। ਪ੍ਰਥਮ ਮਨੁੱਖ ਹੀ ਨਹੀਂ ਜੱਪਦੇ, ਸੱਪਾਂ ਨੇ ਕੀ ਜੱਪਣਾ ਹੈ। ਭਗਤ ਕਬੀਰ ਕਹਿੰਦੇ ਹਨ ਸ਼ਿਵ ਜੀ ਬ੍ਰਹਮੇ ਦੇ ਚਾਰ ਲੜਕੇ ਤੇ ਹਰ ਰੋਜ਼ ਇਹ ਨਵਾਂ ਨਾਮ ਘੜਨ ਵਾਲਾ ਰਿਸ਼ੀ ਸ਼ੇਸਨਾਗ ਵੀ ਪ੍ਰਭੂ! ਤੇਰੇ ਮਰਮ ਨੂੰ ਇਸਨੇ ਨਹੀਂ ਜਾਣਿਆ। ਤੇਰੀ ਪੂਰੀ ਸੂਝ ਸਮਝ ਨਾ ਬ੍ਰਹਮੇ ਦੇ ਲੜਕਿਆਂ ਕੋਲ ਹੈ ਨਾ ਹੀ ਸ਼ਿਵ ਜੀ ਕੋਲ ਹੈ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਣ ਕਰਦੇ ਹਨ-

ਬ੍ਰਹਮਾ ਬਿਸਨ ਮਹਾਦੇਉ ਤ੍ਰੈ ਗੁਣ ਰੋਗੀ ਵਿਚ ਹਉਮੈ ਕਾਰ ਕਮਾਈ॥
ਜਿਨਿ ਕੀਏ ਤਿਸਹਿ ਨ ਚੇਤੇ ਬਪੁਰੇ ਹਰਿ ਗੁਰ ਮੁਖ ਸੋਝੀ ਪਾਈ॥

(ਅੰਗ ੭੩੫)

ਸਾਰੀ ਕਿਰਿਆ ਇਹਨਾਂ ਤਿੰਨਾ ਮਹਾਂਪੁਰਸ਼ਾਂ ਦੇ ਹੰਕਾਰ 'ਤੇ ਖੜੀ ਸੀ। ਇਸ ਵਾਸਤੇ ਮਮਤਾ ਨਹੀਂ ਮਰੀ, ਪਾਰਵਤੀ ਮਰ ਗਈ। ਇਹ ਜ਼ਿੰਦਾ ਹੋ ਸਕੇ, ਮੋਢੇ 'ਤੇ ਚੁੱਕੀ ਫਿਰਦੇ ਸਨ। ਜਿਥੇ ਜਿਥੇ ਪਾਰਵਤੀ ਦੇ ਅੰਗ ਡਿੱਗੇ ਉਹਨਾਂ ਨੂੰ ਇਹ ਜੋਤੀ ਲਿੰਗ ਕਹਿੰਦੇ ਹਨ। ਉਥੇ ਉਥੇ ਸ਼ਿਵਾ ਦੇ ਅਸਥਾਨ ਬਣੇ ਹਨ।

ਸੰਤ ਸੰਗਤਿ ਰਾਮੁ ਰਿਦੈ ਬਸਾਈ॥ ੧॥ ਰਹਾਉ॥

ਇਸ ਤਰ੍ਹਾਂ ਹੋ ਸਕਦਾ ਹੈ ਮਨੁੱਖ ਸੰਤ ਦੀ ਸੰਗਤ ਕਰੇ। ਰਾਮ ਹਿਰਦੇ ਵਿਚ ਵੱਸ ਜਾਏ ਤਾਂ ਸਾਰੇ ਅਵਤਾਰ ਤੇ ਇਸ ਤਰ੍ਹਾਂ ਦੇ ਸਾਧਨਾ ਕਰਨ ਵਾਲੇ ਉਹਨਾਂ ਦੀ ਅਸਲੀਅਤ ਉਜਾਗਰ ਹੋ ਜਾਏ।

ਹਨੂਮਾਨ ਸਰਿ ਗਰੁੜ ਸਮਾਨਾਂ॥

ਹਨੂਮਾਨ ਵਰਗੇ ਰਾਮ ਦੇ ਸੇਵਕ, ਪੁਰਸ਼ਾਰਥੀ ਭਗਤ ਤੇ ਗਰੜ, ਮੇਰੀ ਦ੍ਰਿਸ਼ਟੀ ਵਿਚ ਗਰੜ ਵੀ ਕੋਈ ਪੰਛੀ ਨਹੀਂ ਹੈ, ਕਿਸੇ ਰਿਸ਼ੀ ਦਾ ਨਾਮ ਹੈ। ਇਸ ਤਰੀਕੇ ਨਾਲ ਕੋਈ ਗਰੜ ਦੀ ਖੂਬੀ ਹੋਣੀ ਹੈ ਉਸ ਰਿਸ਼ੀ ਵਿਚ। ਜਿਵੇਂ ਸਾਨੂੰ ਸਿੰਘ ਨਾਮ ਦਿੱਤਾ ਹੈ ਤੇ ਸਿੰਘ ਨਾਮ ਦੀ ਖੂਬੀ ਹੈ ਕਿ ਸਿੰਘ ਬਹਾਦਰ ਹੁੰਦਾ ਹੈ, ਸ਼ੇਰ ਬਹਾਦਰ ਹੁੰਦਾ ਹੈ, ਸ਼ੇਰ ਆਪਣਾ ਰਸਤਾ ਆਪ ਚੁਣਦਾ ਹੈ। ਇਹ ਸਾਰੇ ਗੁਣ ਜਿਸਦੇ ਅੰਦਰ ਹੋਣ, ਉਹ ਸਿੰਘ ਹੈ। ਉਂਝ ਦੇਖੋ ਸਿੰਘ ਇਕ ਪਸ਼ੂ ਹੈ।

ਸੁਰਪਤਿ ਨਰਪਤਿ ਨਹੀ ਗੁਨ ਜਾਨਾਂ॥ ੨॥

ਗਰੜ ਵਰਗੇ ਰਿਸ਼ੀ, ਹਨੂਮਾਨ ਵਰਗੇ ਸੇਵਕ ਅਤੇ ਦੇਵਦਿਆਂ ਦੇ ਮੁਖੀ ਇੰਦਰ ਅਤੇ

ਮਨੁੱਖਾਂ ਦੇ ਮੁਖੀ ਰਾਜੇ ਹਨ। ਪਰੀਪੂਰਨ ਪ੍ਰਮਾਤਮਾ! ਤੇਰੀ ਹਕੀਕਤ ਨੂੰ ਇਹ ਨਹੀਂ ਜਾਣਦੇ।

ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ॥

ਇਹ ਜੋ ਚਾਰ ਵੇਦ ਹਨ, ਇਹਨਾਂ ਦੇ ਬਾਰੇ ਸ੍ਰੀ ਕ੍ਰਿਸ਼ਨ ਦਾ ਵੀ ਅਜਿਹਾ ਖ਼ਿਆਲ ਹੈ ਕਿ ਹੇ ਅਰਜਨ! ਵੇਦਾਂ ਦਾ ਵਿਸ਼ਾ ਤਿੰਨ ਗੁਣੀ ਹੈ। ਜਗਤ ਦੀ ਗੱਲ ਜ਼ਿਆਦਾ ਕਰਦੇ ਹਨ। ਗ੍ਰਹਿ ਨਿੱਛਤਰਾਂ ਦੀ ਗੱਲ ਜ਼ਿਆਦਾ ਹੈ, ਬਨਸਪਤੀ ਦੀ ਗੱਲ ਜ਼ਿਆਦਾ ਹੈ। ਹੋਰ ਤਰ੍ਹਾਂ ਤਰ੍ਹਾਂ ਦੇ ਕਰਮ ਕਾਂਡਾਂ ਦੀ ਗੱਲ ਜ਼ਿਆਦਾ ਹੈ। ਸ੍ਰੀ ਕ੍ਰਿਸ਼ਨ ਵਰਗੀ ਆਤਮਾ ਨੂੰ ਕਹਿਣਾ ਪਿਆ ਕਿ ਅਰਜਨ! ਤੂੰ ਮੇਰੀ ਗੱਲ ਸੁਣ। ਕਬੀਰ ਦੀ ਗੱਲ ਇਹਨਾਂ ਚਾਰ ਵੇਦਾਂ ਨੇ, ਸਿਮਰਤੀਆਂ ਨੇ ਅਤੇ ਕੁਰਾਨਾਂ ਨੇ ਪ੍ਰਮਾਤਮਾ ਦੀ ਪੂਰੀ ਗੱਲ ਨੂੰ ਨਹੀਂ ਜਾਣਿਆ ਤਾਂ ਹੀ ਇੰਨਾਂ ਕਰਮ ਕਾਂਡ ਹੈ।

ਕਮਲ ਪਤਿ ਕਵਲਾ ਨਹੀ ਜਾਨਾਂ॥ ੩॥

ਕਮਲਾ ਲਕਸ਼ਮੀ ਨੇ ਵੀ ਨਹੀਂ ਜਾਣਿਆ ਤੇ ਲਕਸ਼ਮੀ ਦਾ ਜੋ ਪਤੀ ਹੈ ਵਿਸ਼ਨੂੰ, ਉਸਨੇ ਵੀ ਨਹੀਂ ਜਾਣਿਆ।

ਕਹਿ ਕਬੀਰ ਸੋ ਭਰਮੈ ਨਾਹੀ॥

ਕਬੀਰ ਜੀ ਮਹਾਰਾਜ ਕਹਿੰਦੇ ਹਨ ਕਿ ਜੋ ਸੰਤ ਦੀ ਸ਼ਕਲ ਵਿਚ ਰਹਿੰਦਾ ਹੈ ਉਹ ਇਹਨਾਂ ਦੇ ਭਰਮ ਭੁਲੇਖਿਆ ਵਿਚ ਨਹੀਂ ਪੈਂਦਾ ਕਿ ਇਹ ਰੱਬ ਹੈ, ਇਹ ਰੱਬ ਹੈ। ਕਬੀਰ ਕਹਿੰਦੇ ਹਨ-

ਕੋਟ ਸੂਰ ਜਾ ਕੈ ਪਰਗਾਸ॥

ਕਰੋੜਾਂ ਸੂਰਜ ਹਨ। ਪਹਿਲਾਂ ਇਹ ਦੱਸੋ ਕਿਹੜੇ ਸੂਰਜ ਨੂੰ ਪਾਣੀ ਦੇ ਰਹੇ ਹੋ।

ਕੋਟ ਮਹਾਦੇਵ ਅਰੁ ਕਬਿਲਾਸ॥

(ਅੰਗ ੧੧੬੨)

ਕਰੋੜਾਂ ਸ਼ਿਵ ਜੀ ਹਨ, ਪਹਿਲਾਂ ਫ਼ੈਸਲਾ ਕਰੋ ਕਿਸਦੇ ਪੁਜਾਰੀ ਹੋ? ਕਰੋੜਾਂ ਕਮਲਾਪਤੀ ਹਨ, ਵਿਸ਼ਨੂੰ ਵਰਗੇ ਅਨੰਤ ਹਨ। ਉਸ ਵਰਗੇ ਅਨੇਕਾਂ ਹਨ, ਪਹਿਲਾਂ ਇਹ ਦੱਸੋ ਕਿਹੜੇ ਵਿਸ਼ਨੂੰ ਦੇ ਪੁਜਾਰੀ ਹੋ।

ਬਾਵਨ ਕੋਟਿ ਜਾ ਕੈ ਰੋਮਾਵਲੀ॥
ਰਾਵਨ ਸੈਨਾ ਜਹ ਤੇ ਛਲੀ॥

(ਅੰਗ ੧੧੬੩)

ਰਾਵਣ ਦੀ ਸੈਨਾ ਦਾ ਸਤਿਆਨਾਸ਼ ਕਰ ਦਿੱਤਾ ਅਤੇ ਜਿੱਤ ਹਾਸਿਲ ਕੀਤੀ। ਕਬੀਰ ਕਹਿੰਦੇ ਹਨ, ਮੈਂ ਰਾਮ ਵੀ ਕਰੋੜਾਂ ਦੇਖਦਾ ਪਿਆ ਹਾਂ। ਪਹਿਲਾਂ ਫ਼ੈਸਲਾ ਕਰੋ ਕਿ ਕਿਸਦੇ ਪੁਜਾਰੀ ਹੋ। ਕਬੀਰ ਕਹਿੰਦੇ ਹਨ ਕਿ ਉਹ ਮਨੁੱਖ ਕਦੀ ਭਰਮ ਵਿਚ ਨਹੀਂ ਪੈਂਦਾ। ਕੌਣ?

ਪਰਾ ਲਗਿ ਰਾਮ ਰਹੈ ਸਰਨਾਂਹੀ॥ ੪ ॥ ੧ ॥

ਜੋ ਹਰ ਸਮੇਂ ਪ੍ਰਭੂ ਦੇ ਚਰਨਾਂ ਨਾਲ ਜੁੜਿਆ ਰਹਿੰਦਾ ਹੈ, ਰੱਬੀ ਗੁਣਾ ਨਾਲ ਜੁੜਿਆ ਰਹਿੰਦਾ ਹੈ। ਇਹ ਰੱਬ ਦੀ ਅਸਲੀਅਤ ਜਿਸਦੇ ਸਾਹਮਣੇ ਪ੍ਰਗਟ ਹੁੰਦੀ ਹੈ, ਉਸਦੇ ਲਈ ਕੋਈ ਅਵਤਾਰ ਮਾਇਆ ਨਹੀਂ ਹੈ, ਉਹ ਸਿੱਧਾ ਪ੍ਰਭੂ ਨਾਲ ਜੁੜਦਾ ਹੈ। ਉਹ ਅਵਤਾਰ ਨੂੰ ਅਵਤਾਰ ਕਰਕੇ ਮੰਨੇਗਾ, ਨਿਰੰਕਾਰ ਕਰਕੇ ਨਹੀਂ। ਉਸਦੀ ਸੁਰਤ ਉਥੇ ਨਹੀਂ ਰੁਕੇਗੀ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

★★★

ਸਫਲੁ ਜਨਮੁ ਭਗਤਾ ਕਾ ਕੀਤਾ

ਸੋਰਠਿ ਮਹਲਾ ੩ ॥

ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ ਅਨਦਿਨੁ ਨਾਮੁ ਵਖਾਣੇ॥
ਭਗਤਾ ਕੀ ਸਾਰ ਕਰਹਿ ਆਪਿ ਰਾਖਹਿ ਜੋ ਤੇਰੈ ਮਨਿ ਭਾਣੇ॥
ਤੂ ਗੁਣਦਾਤਾ ਸਬਦਿ ਪਛਾਤਾ ਗੁਣ ਕਹਿ ਗੁਣੀ ਸਮਾਣੇ॥ ੧॥
ਮਨ ਮੇਰੇ ਹਰਿ ਜੀਉ ਸਦਾ ਸਮਾਲਿ॥
ਅੰਤ ਕਾਲਿ ਤੇਰਾ ਬੇਲੀ ਹੋਵੈ ਸਦਾ ਨਿਬਹੈ ਤੇਰੈ ਨਾਲਿ॥ ਰਹਾਉ॥
ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥
ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥
ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ॥ ੨॥
ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ॥
ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ॥
ਰਾਮ ਨਾਮੁ ਕਦੇ ਚੇਤਹਿ ਨਾਹੀ ਅੰਤਿ ਗਏ ਪਛੁਤਾਈ॥ ੩॥
ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ॥
ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ॥
ਨਾਨਕ ਦਾਸੁ ਕਹੈ ਬੇਨੰਤੀ ਹਉ ਲਾਗਾ ਤਿਨ ਕੈ ਪਾਏ॥ ੪॥ ੫॥

(ਅੰਗ ੬੦੧)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਨਮਾਨ ਯੋਗ ਗੁਰੂ ਰੂਪ ਸਾਧਸੰਗਤਿ ਜੀਉ!

ਸੋਰਠਿ ਰਾਗ ਦੇ ਅੰਦਰ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦਾ ਇਹ ਮਹਾਨ ਵਾਕ ਹੈ। ਇਸ ਸ਼ਬਦ ਦੇ ਵਿਚ ਮੈਂ ਦੇਖਦਾ ਹਾਂ ਕਿ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਨੇ ਸਮੂਹ ਪ੍ਰਕਿਰਤੀ ਦੇ ਬ੍ਰਹਿਮੰਡ ਦੇ ਦੋ ਭਾਗ ਦੱਸੇ ਹਨ। ਲੀਲਾ ਖੇਡ ਤਾਂ ਹੋ ਸਕਦੀ ਹੈ ਜੇ ਪਾਰਟੀਆਂ ਦੋ ਹੋਣ। ਇਕੱਲਾ ਮਨੁੱਖ ਕੀ ਖੇਡੇਗਾ। ਸੰਸਾਰ ਨੂੰ ਖੇਡ ਕਹਿੰਦੇ ਹਨ, ਸੰਸਾਰ ਨੂੰ ਤਮਾਸ਼ਾ

ਕਹਿੰਦੇ ਹਨ, ਸੰਸਾਰ ਨੂੰ ਲੀਲਾ ਕਹਿੰਦੇ ਹਨ। ਜੇਕਰ ਜਗਤ ਲੀਲਾ ਹੀ ਹੈ, ਖੇਡ ਹੈ, ਤਾਂ ਪ੍ਰਮਾਤਮਾ ਨੇ ਵੀ ਇਥੇ ਭਾਗ ਦੋ ਹੀ ਬਣਾਏ ਹਨ।

ਪਹਿਲੇ ਤਾਂ ਇਥੋਂ ਸ਼ੁਰੂ ਕਰੀਏ ਕਿ ਸਮੇਂ ਨੂੰ ਉਸ ਪਰੀਪੂਰਨ ਪ੍ਰਮਾਤਮਾ ਨੇ ਦੋ ਰੂਪ ਦੇ ਦਿੱਤੇ - ਦਿਨ ਤੇ ਰਾਤ। ਸਮੇਂ ਦੇ ਇਕ ਭਾਗ ਨੂੰ ਕਹਿੰਦੇ ਹਨ ਦਿਨ ਅਤੇ ਦੂਜੇ ਭਾਗ ਨੂੰ ਕਹਿੰਦੇ ਹਨ ਰਾਤ। ਦੋਵਾਂ ਕਰਕੇ ਸਮਾਂ ਜਾਣਿਆ ਜਾਂਦਾ ਹੈ, ਇਕ ਕਰਕੇ ਨਹੀਂ। ਜੇਕਰ ਸਿਰਫ਼ ਦਿਨ ਹੀ ਦਿਨ ਹੋਵੇ, ਫਿਰ ਸਮੇਂ ਨੂੰ ਕਿਵੇਂ ਨਾਪਾਂਗੇ। ਰਾਤ ਹੀ ਰਾਤ ਹੋਵੇ ਤਾਂ ਫਿਰ ਕਿਵੇਂ ਨਾਪਾਂਗੇ। ਦਿਨ ਤੇ ਰਾਤ ਸਮੂੰਹ ਬ੍ਰਹਿਮੰਡ ਦੇ ਜੀਵਨ ਵਿਚ ਵਿਆਪਕ ਹੈ। ਇਹ ਗੱਲ ਵੱਖਰੀ ਹੈ ਕਿ ਕਦੀ ਦਿਨ ਵੱਡੇ ਹੋ ਜਾਂਦੇ ਹਨ, ਰਾਤਾਂ ਛੋਟੀਆਂ ਹੋ ਜਾਂਦੀਆਂ ਹਨ। ਕਦੀ ਰਾਤਾਂ ਵੱਡੀਆਂ ਹੋ ਜਾਂਦੀਆਂ ਹਨ, ਦਿਨ ਛੋਟੇ ਹੋ ਜਾਂਦੇ ਹਨ। ਕਿੰਨੀ ਵੀ ਵੱਡੀ ਰਾਤ ਹੋ ਜਾਵੇ, ਦਿਨ ਤਾਂ ਰਹਿੰਦਾ ਹੈ। ਕਿੰਨਾ ਵੀ ਵੱਡਾ ਦਿਨ ਹੋ ਜਾਏ, ਰਾਤ ਤਾਂ ਰਹਿੰਦੀ ਹੈ ਨਹੀਂ ਤਾਂ ਖੇਡ ਹੋ ਨਹੀਂ ਸਕਦੀ। ਖੇਡ ਵਿਚ ਇਕ ਪਾਰਟੀ ਹਾਰ ਜਾਂਦੀ ਹੈ, ਇਕ ਜਿੱਤ ਜਾਂਦੀ ਹੈ। ਗਰਮੀਆਂ ਦੇ ਦਿਨ ਯੋਰਪ ਵਿਚ ਜਦੋਂ ਇਥੇ ਰਾਤ ਦੇ 11 ਵਜੇ ਹੁੰਦੇ ਹਨ, ਉਥੇ ਫਿਰ ਵੀ ਚਾਨਣਾ ਹੁੰਦਾ ਹੈ। ਸਾਡੇ ਸਿਰਫ਼ 5 ਘੰਟਿਆਂ ਦੀ ਰਾਤ ਰਹਿ ਜਾਂਦੀ ਹੈ ਤੇ ਉਥੇ ਅਜੇ ਧੁੱਪ ਮੌਜੂਦ ਹੁੰਦੀ ਹੈ। ਮਾਂ-ਬਾਪ ਮਾਸੂਮ ਬੱਚਿਆਂ ਨੂੰ ਕਹਿੰਦੇ ਹਨ ਸੌਂ ਜਾਉ, ਕਿਉਂਕਿ ਸਵੇਰੇ ਸਕੂਲ ਜਾਣਾ ਹੈ।

ਸਮੇਂ ਨੇ ਸਾਰੀ ਲੀਲਾ ਨੂੰ ਵੀ ਵੰਡਿਆ ਹੋਇਆ ਹੈ। ਅਜਿਹੀ ਬਨਸਪਤੀ ਹੈ ਜੋ ਰਾਤ ਦੇ ਹਨੇਰੇ ਵਿਚ ਖਿੜਦੀ ਹੈ ਤੇ ਦਿਨ ਨੂੰ ਮੁਰਝਾ ਜਾਂਦੀ ਹੈ, ਜਿਵੇਂ ਰਾਤ ਕੀ ਰਾਣੀ। ਜ਼ਿਆਦਾ ਫੁੱਲ ਰਾਤ ਨੂੰ ਹੀ ਖਿੜਦੇ ਹਨ। ਬਹੁਤ ਸਾਰੇ ਦਰੱਖ਼ਤ ਅਫ਼ਰੀਕਾ ਵਿਚ ਹਨ, ਉਹਨਾਂ ਨੂੰ ਫੁੱਲ, ਫਲ ਰਾਤ ਨੂੰ ਲੱਗਦੇ ਹਨ ਅਤੇ ਰਾਤ ਨੂੰ ਉਹ ਦਰੱਖ਼ਤ ਖ਼ੁਸ਼ ਦਿਖਾਈ ਦਿੰਦਾ ਹੈ, ਸਵੇਰੇ ਤਾਂ ਮੁਰਝਾਇਆ ਹੁੰਦਾ ਹੈ। ਪਰ ਅਜਿਹੀ ਬਨਸਪਤੀ ਵੀ ਹੈ ਜੋ ਦਿਨ ਨੂੰ ਹੀ ਖਿੜਦੀ ਹੈ। ਸੂਰਜ ਚੜ੍ਹੇ ਤਾਂ ਖਿੜਦੇ ਹਨ। ਇਕ ਫੁੱਲ ਨੂੰ ਤਾਂ ਸੂਰਜਮੁੱਖੀ ਕਹਿੰਦੇ ਹਾਂ। ਜਿਹੜੇ ਜਿਹੜੇ ਪਾਸੇ ਸੂਰਜ ਹੋਵੇ, ਉਹ ਆਪਣਾ ਮੁਖੜਾ ਉਸੇ ਪਾਸੇ ਕਰ ਲੈਂਦਾ ਹੈ। ਸੂਰਜ ਡੁੱਬ ਗਿਆ ਤਾਂ ਉਹ ਮੁਰਝਾ ਜਾਂਦਾ ਹੈ। ਪੰਖੜੀਆਂ ਬੰਦ ਹੋ ਜਾਂਦੀਆਂ ਹਨ। ਇਸੇ ਤਰੀਕੇ ਨਾਲ ਸਾਰੀ ਬਨਸਪਤੀ ਵਿਚ ਇਸ ਤਰੀਕੇ ਨਾਲ ਅੱਧਾ ਭਾਗ ਤਾਂ ਅਜਿਹਾ ਹੈ ਜੋ ਸੂਰਜ ਨਾਲ ਖਿੜਦਾ ਹੈ। ਅੱਧਾ ਭਾਗ ਅਜਿਹਾ ਹੈ ਜੋ ਸੂਰਜ ਦੇ ਚਾਨਣ ਨਾਲ ਨਹੀਂ ਖਿੜਦਾ, ਹਨੇਰੇ ਨਾਲ ਖਿੜਦਾ ਹੈ। ਰਾਤ ਦੀ ਰਾਣੀ ਖਿੜਦੀ ਵੀ ਰਾਤ ਨੂੰ ਹੈ ਅਤੇ ਮਹਿਕ ਵੀ ਰਾਤ ਨੂੰ ਹੀ ਦਿੰਦੀ ਹੈ। ਸਾਰੀ ਬਨਸਪਤੀ ਦਿਨ ਤੇ ਰਾਤ ਵਿਚ ਵੰਡੀ ਹੋਈ ਹੈ।

ਧੰਨ ਗੁਰੂ ਅਮਰਦਾਸ ਜੀ ਦਾ ਜੋ ਇਹ ਵਾਕ ਆਇਆ ਹੈ, ਇਕ ਹਿੱਸੇ ਵਿਚ ਤਾਂ ਉਹ ਭਗਤਾਂ ਦੀ ਮਹਿਮਾ ਤੇ ਭਗਤਾਂ ਦਾ ਗੁਣ ਬਿਆਨ ਕਰਦੇ ਹਨ। ਦੂਸਰੇ ਹਿੱਸੇ ਵਿਚ ਦੁਸ਼ਟ ਤੇ ਨਿੰਦਕਾਂ ਦੀ ਗੱਲ ਕਰਦੇ ਹਨ। ਜਿਵੇਂ ਜਪੁ ਜੀ ਸਾਹਿਬ ਦੇ ਅੰਦਰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਇਕ ਭਾਗ ਵਿਚ ਤਾਂ ਕਹਿੰਦੇ ਹਨ-

ਅਸੰਖ ਜਪ ਅਸੰਖ ਭਾਉ॥
ਅਸੰਖ ਪੂਜਾ ਅਸੰਖ ਤਪ ਤਾਉ॥
ਅਸੰਖ ਗ੍ਰੰਥ ਮੁਖਿ ਵੇਦ ਪਾਠ॥

(ਅੰਗ ੩)

ਇਹ ਚਾਨਣ ਪੱਖ ਹੈ, ਪਰ ਰਾਤ ਵੀ ਹੈ-

ਅਸੰਖ ਮੂਰਖ ਅੰਧ ਘੋਰ॥
ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥

(ਅੰਗ ੪)

ਸਾਰੇ ਸਾਲ ਭਰ ਦੀ ਔਸਤ ਲਗਾਈਏ ਤਾਂ ਦਿਨ ਰਾਤ ਬਰਾਬਰ ਹੋ ਜਾਂਦੇ ਹਨ। ਇਸੇ ਤਰ੍ਹਾਂ ਜਿੰਨੇ ਗੁਰਮੁੱਖ ਹੋਣੇ ਚਾਹੀਦੇ ਹਨ, ਉੱਨੇ ਮਨਮੁਖ ਵੀ ਹੋਣੇ ਚਾਹੀਦੇ ਹਨ। ਜਿੰਨੇ ਭਗਤ ਹੋਣ, ਉੱਨੇ ਦੁਸ਼ਟ ਤੇ ਨਿੰਦਕ ਵੀ ਚਾਹੀਦੇ ਹਨ। ਇਹ ਦੋਵੇਂ ਭਾਗ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਨੇ ਅੱਜ ਦੇ ਇਸ ਪਾਵਨ ਵਾਕ ਵਿਚ ਬਿਆਨ ਕੀਤੇ ਹਨ। ਇਕ ਇਕ ਸ਼ਬਦ ਸਾਗਰ ਦੀ ਤਰ੍ਹਾਂ ਹੈ। ਅਜਿਹਾ ਸਾਗਰ ਹੈ ਜੋ ਇੰਨੇ ਰਤਨਾਂ ਨਾਲ ਭਰਿਆ ਹੋਇਆ ਹੈ, ਲੱਭਦਿਆਂ ਲੱਭਦਿਆਂ ਜ਼ਿੰਦਗੀ ਖ਼ਤਮ ਹੋ ਸਕਦੀ ਹੈ, ਮੋਤੀ ਨਹੀਂ ਖ਼ਤਮ ਹੁੰਦੇ। ਕੁਝ ਪਸ਼ੂ ਹਨੇਰੇ ਪੱਖ ਦੇ ਹਨ। ਸੱਪ ਰਾਤ ਨੂੰ ਕਲੋਲਾਂ ਕਰਦੇ ਹਨ। ਬਿੱਛੂ ਰਾਤ ਨੂੰ ਖੁੱਡਾਂ ਵਿਚੋਂ ਨਿਕਲਦੇ ਹਨ। ਸ਼ੇਰ, ਚੀਤੇ ਤੇ ਬਘਿਆੜ ਰਾਤ ਨੂੰ ਸ਼ਿਕਾਰ 'ਤੇ ਨਿਕਲਦੇ ਹਨ। ਮੱਛ ਰਾਤ ਨੂੰ ਦਿਖਾਈ ਦਿੰਦੇ ਹਨ, ਦਿਨੇ ਤਾਂ ਪਤਾ ਨਹੀਂ ਚੱਲਦਾ। ਇਹ ਹਨੇਰਾ ਪੱਖ ਹੈ, ਪਰ ਜ਼ਿਆਦਾ ਪਸ਼ੂ ਅਜਿਹੇ ਹਨ ਜਿਨ੍ਹਾਂ ਦਾ ਸੰਬੰਧ ਦਿਨ ਨਾਲ ਜੁੜਦਾ ਹੈ। ਘੋੜੇ, ਗਊਆਂ, ਹਾਥੀ ਇਹ ਰਾਤ ਪੱਖ ਦੇ ਨਹੀਂ ਹਨ, ਦਿਨ ਪੱਖ ਦੇ ਹਨ।

ਇਸੇ ਤਰ੍ਹਾਂ ਨਾਲ ਮਨੁੱਖੀ ਦੁਨੀਆਂ ਵਿਚ ਵੀ ਮੈਂ ਦੇਖਦਾ ਹਾਂ, ਬਹੁਤ ਸਾਰੇ ਮਨੁੱਖ ਅਜਿਹੇ ਹਨ ਜੋ ਹਨੇਰੇ ਪੱਖ ਦੇ ਹਨ। ਬਹੁਤ ਸਾਰੇ ਮਨੁੱਖ ਚਾਨਣ ਪੱਖ ਦੇ ਹਨ। ਅਜਿਹੇ ਹਨੇਰੇ ਪੱਖ ਦੇ ਹਨ, ਕਿਵੇਂ ਪਹਿਚਾਣ ਕਰੀਏ? ਉਹਨਾਂ ਨੇ ਹੀ ਕਲੱਬਾਂ, ਜੂਏ, ਵੈਸ਼ਿਆਲੇ ਤੇ ਸ਼ਰਾਬਖ਼ਾਨਿਆਂ ਨੂੰ ਜਨਮ ਦਿੱਤਾ। ਸ਼ਾਇਦ ਆਪ ਨੂੰ ਪਤਾ ਹੋਵੇ ਕਿ ਅਮਰੀਕਾ ਵਿਚ ਦੋ ਸ਼ਹਿਰ ਹਨ। ਇਕੋ ਸਟੇਟ ਦੇ ਅੰਦਰ ਇਹਨਾਂ ਦੋ ਸ਼ਹਿਰਾਂ ਦੀ ਜ਼ਿੰਦਗੀ ਰਾਤ ਦੀ ਹੈ। ਸ਼ਹਿਰ ਰਾਤ ਨੂੰ ਜਗਮਗਾਉਂਦਾ ਹੈ, ਜਾਗਦਾ ਹੈ। ਬੜੀ ਭੀੜ, ਬੜੀ ਰੌਣਕ। ਦਿਨ ਨੂੰ ਸੰਨਾਟਾ ਹੁੰਦਾ ਹੈ ਸੜਕਾਂ 'ਤੇ ਬਾਜ਼ਾਰ ਵੀ ਬੰਦ ਹੈ। ਸਿੱਖ ਸੰਗਤਾਂ ਇਹਨਾਂ ਸ਼ਹਿਰਾਂ ਵਿਚ ਵੀ ਪਹੁੰਚ ਗਈਆਂ। ਦੋਵਾਂ ਥਾਵਾਂ 'ਤੇ ਗੁਰਦੁਆਰੇ ਵੀ ਬਣ ਗਏ ਹਨ। ਚਾਨਣ ਪੱਖ ਦੇ ਮਨੁੱਖਾਂ ਨੇ ਮੰਦਿਰਾਂ ਨੂੰ ਜਨਮ ਦਿੱਤਾ, ਮੱਠਾਂ ਨੂੰ ਜਨਮ ਦਿੱਤਾ, ਗੁਰਦੁਆਰਿਆਂ ਨੂੰ ਜਨਮ ਦਿੱਤਾ, ਆਸ਼ਰਮਾਂ ਨੂੰ

ਜਨਮ ਦਿੱਤਾ, ਧਿਆਨ-ਸਾਧਨਾ ਨੂੰ ਜਨਮ ਦਿੱਤਾ। ਇਸ ਤਰ੍ਹਾਂ ਦੇ ਕੇਂਦਰਾਂ ਦੇ ਦਰਵਾਜ਼ੇ ਅੰਮ੍ਰਿਤ ਵੇਲੇ ਖੁੱਲ੍ਹਦੇ ਹਨ। ਉਦੋਂ ਹੀ ਕੀਰਤਨ ਦੀ ਧੁੰਨ ਉੱਠਦੀ ਹੈ। ਇਕ ਦੇ ਬੂਹੇ ਸਵੇਰੇ ਖੁੱਲ੍ਹਦੇ ਹਨ ਤੇ ਰਾਤ ਨੂੰ ਬੰਦ ਹੋ ਜਾਂਦੇ ਹਨ।

ਕਿਸੇ ਹੱਦ ਤੱਕ ਉਸ ਪਰੀਪੂਰਨ ਪ੍ਰਮਾਤਮਾ ਨੇ ਮਨੁੱਖਤਾ ਦੇ ਵੀ ਦੋ ਰੂਪ ਬਣਾ ਦਿੱਤੇ। ਇਹਨਾਂ ਦੋਹਾਂ ਰੂਪਾਂ ਵਿਚ ਕਿਤੇ ਕੋਈ ਹਨੇਰਾ ਪੱਖ ਹੈ, ਕਿਤੇ ਕੋਈ ਚਾਨਣਾ ਪੱਖ ਹੈ। ਜਿੰਨੀ ਗਿਣਤੀ ਵਿਚ ਲੜਕੇ ਪੈਦਾ ਹੁੰਦੇ ਹਨ, ਮੇਰੇ ਪੜ੍ਹਨ ਦੇ ਵਿਚ ਆਇਆ ਹੈ ਕਿ 10 ਫ਼ੀਸਦੀ ਲੜਕੀਆਂ। ਇਹ 10 ਫ਼ੀਸਦੀ ਲੜਕੇ ਜ਼ਿਆਦਾ ਪੈਦਾ ਹੁੰਦੇ ਹਨ ਬਨਸਪਤ ਲੜਕੀਆਂ ਦੇ। ਪਰ ਔਸਤ ਬਰਾਬਰ ਹੁੰਦੀ ਹੈ। 10 ਲੜਕੇ ਰੁਖ਼ਸਤ ਹੋ ਜਾਂਦੇ ਹਨ। ਉਹ ਕਹਿੰਦੇ ਹਨ ਸੰਤੁਲਨ ਹੈ। ਇਸਤਰੀ ਦੇ ਸਰੀਰ ਵਿਚ 24 ਅਣੂ ਪਿਤਾ ਦੇ, 24 ਅਣੂ ਮਾਤਾ ਦੇ, ਸੰਤੁਲਨ ਹੈ। ਅਸੰਤੁਲਨ ਸਰੀਰ ਹੈ ਪੁਰਸ਼ ਦਾ। 24 ਅਣੂ ਪਿਤਾ ਦੇ ਤਾਂ ਹਨ, ਮਾਂ ਦੇ 23 ਹਨ। ਇਹ ਸੰਤੁਲਨ ਹੋਣਾ ਚਾਹੁੰਦਾ ਹੈ। ਹਰ ਪਾਸੇ ਦੀ ਭੱਜ ਦੌੜ, ਖੋਜ ਤੇ ਵਿਆਕੁਲਤਾ ਮਨੁੱਖ ਦੇ ਵਿਚ ਦਿਖਾਈ ਦਿੰਦੀ ਹੈ ਕਿਉਂਕਿ ਅਸੰਤੁਲਿਤ ਹੈ, ਪਰ ਔਸਤ ਬਰਾਬਰ ਰਹਿੰਦੀ ਹੈ। ਤਾਂ ਜਿੰਨੇ ਭਗਤ ਪੁਰਸ਼ਾਂ ਦੇ ਵਿਚ ਹੋਣ, ਉੱਨੀਆਂ ਭਗਤਨੀਆਂ ਇਸਤਰੀਆਂ ਵਿਚ ਹੋਣੀਆਂ ਚਾਹੀਦੀਆਂ ਹਨ। ਇਥੇ ਔਸਤ ਬਰਾਬਰ ਨਹੀਂ ਹੈ। ਇੰਨੀ ਵੱਡੀ ਹਿੰਦੂ ਕੌਮ ਭਗਤ ਤਾਂ ਹਜ਼ਾਰਾਂ ਮਿਲਦੇ ਹਨ, ਪਰ ਇਕੋ ਭਗਤਨੀ ਮੀਰਾ ਮਿਲਦੀ ਹੈ, ਉਸਦਾ ਹੀ ਜ਼ਿਕਰ ਕਰਦੇ ਹਨ। ਇਸਲਾਮੀ ਜਗਤ ਵਿਚ ਤਾਂ ਪੀਰ ਫ਼ਕੀਰ ਪੈਗੰਬਰਾਂ ਦੀ ਬੜੀ ਲੰਮੀ ਚੌੜੀ ਗਿਣਤੀ ਹੈ ਪਰ ਪੀਰ ਫ਼ਕੀਰ ਇਸਤਰੀ ਜਗਤ ਵਿਚ ਤਾਂ ਇਕੋ ਹੀ ਮਿਲਦੀ ਹੈ, ਰਾਬੀਆ। ਅਜਿਹਾ ਕਿਉਂ ਹੈ? ਜਦੋਂ ਸੰਤੁਲਿਤ ਹੈ ਇਸਤਰੀ, ਇਹ ਪੁਰਸ਼ ਨਾਲੋਂ ਜ਼ਿਆਦਾ ਵਿਕਾਸਮਾਨ ਹੋਣੀ ਚਾਹੀਦੀ ਸੀ ਹਰ ਪੱਖ ਵਿਚ।

ਪੁਰਸ਼ ਨੇ ਆਪਣੇ ਆਪ ਨੂੰ ਪ੍ਰਧਾਨ ਮੰਨ ਲਿਆ ਕਿ ਸਰੀਰਕ ਬੱਲ ਇਸਤਰੀ ਨਾਲੋਂ ਪੁਰਸ਼ ਵਿਚ ਜ਼ਿਆਦਾ ਹੈ। ਮਾਨਸਿਕ ਬੱਲ, ਸਹਿਣ ਸ਼ਕਤੀ ਪੁਰਸ਼ ਨਾਲੋਂ ਇਸਤਰੀ ਵਿਚ ਜ਼ਿਆਦਾ ਹੈ। ਬਹੁਤ ਕੁਝ ਸਹਾਰ ਜਾਂਦੀ ਹੈ ਜਦੋਂ ਕਿ ਪੁਰਸ਼ ਨਹੀਂ ਸਹਾਰ ਸਕਦਾ। ਕਿਉਂਕਿ ਪੁਰਸ਼ ਥੋੜਾ ਜਿਹਾ ਸਰੀਰਕ ਬੱਲ ਵੀ ਰੱਖਦਾ ਹੈ ਤੇ ਮਾਨਸਿਕ ਕਠੋਰਤਾ ਵੀ ਰੱਖਦਾ ਹੈ, ਇਸਨੇ ਬਰਾਬਰੀ 'ਤੇ ਹੋਣ ਨਹੀਂ ਦਿੱਤਾ।

ਹੈਰਾਨ ਹਾਂ, ਧੰਨ ਗੁਰੂ ਅਮਰਦਾਸ ਜੀ ਮਹਾਰਾਜ ਨੇ 22 ਮੰਜੀਆਂ ਬਖ਼ਸ਼ਿਸ਼ ਕੀਤੀਆਂ। 19 ਤਾਂ ਪੁਰਸ਼ ਹਨ, ਬੀਬੀਆਂ ਤਾਂ ਸਿਰਫ਼ ਤਿੰਨ ਹਨ। ਜੇ 22 ਸਨ ਤਾਂ 11, 11, ਹੋਣੇ ਚਾਹੀਦੇ ਸਨ। ਬੀਬੀਆਂ ਵਿਚੋਂ ਇਸ ਢੰਗ ਦੀਆਂ ਬੀਬੀਆਂ ਸਿਰਫ਼ ਤਿੰਨ ਹੀ ਮਿਲੀਆਂ। ਉਹਨਾਂ ਨੇ 22 ਮੰਜੀਆਂ ਬਖ਼ਸ਼ਿਸ਼ ਕੀਤੀਆਂ। ਉੱਚੇ ਬੈਠਣ। ਵਿਚਾਰ ਜੋ ਸੁਣਾਉਣੀ ਹੈ। ਇਕ ਸੰਗਤ ਸਾਰੀ ਦਿਖਾਈ ਦੇਵੇ, ਦੂਸਰਾ ਵਿਚਾਰ ਜੋ ਪ੍ਰਮਾਤਮਾ ਦੀ ਹੈ, ਇਸਨੂੰ ਸਤਿਕਾਰ ਦੇਣਾ ਹੈ। ਪਰ 3 ਹੀ ਬੀਬੀਆਂ ਹਨ। ਔਸਤ ਤਾਂ ਬਿਲਕੁਲ ਥੋੜੀ ਹੈ। ਇਸਦੇ ਵਿਚ ਅਨੇਕਾਂ ਕਾਰਨਾਂ

ਵਿਚੋਂ ਇਕ ਇਹ ਕਾਰਨ ਹੈ ਕਿ ਪੁਰਸ਼ ਦੀ ਕਠੋਰਤਾ ਨੇ ਹਮੇਸ਼ਾਂ ਕਦਮ ਰੋਕੇ ਹਨ ਇਸਤਰੀ ਦੇ, ਇਸ ਨੂੰ ਵਿਕਸਿਤ ਨਹੀਂ ਹੋਣ ਦਿੱਤਾ। ਕੀਰਤਨ ਜ਼ਰਾ ਸੁਖੈਨ ਹੈ, ਇਸ ਲਈ ਕੁਝ ਰਾਗੀ ਜਥੇ ਬੀਬੀਆਂ ਦੇ ਹਨ ਪਰ ਪ੍ਰਚਾਰਕ ਕੋਈ ਨਹੀਂ। ਉਂਝ ਪ੍ਰਮਾਤਮਾ ਨੇ ਬਰਾਬਰ ਹੀ ਪੈਦਾ ਕੀਤੇ ਹਨ, ਪਰ ਇਹ ਬਰਾਬਰੀ ਦਿਖਾਈ ਨਹੀਂ ਦਿੰਦੀ।

ਖ਼ਾਨਾਜੰਗੀ ਕਰਕੇ ਅਰਬ ਵਿਚ ਨੌਜਵਾਨ ਬਹੁਤੇ ਮਾਰੇ ਗਏ ਸਨ, ਘਰ ਘਰ ਵਿਚ ਬੀਬੀਆਂ ਹੀ ਰਹਿ ਗਈਆਂ ਸਨ। ਬੱਚੇ ਰਹਿ ਗਏ। ਪੁਰਸ਼ਾਂ ਵਿਚੋਂ ਜੋ ਬਹੁਤੇ ਬੁੱਢੇ ਸਨ, ਉਹ ਬਚ ਗਏ ਜਾਂ ਨਿੱਕੇ ਨਿੱਕੇ ਮਾਸੂਮ ਬੱਚੇ। ਮੁਹੰਮਦ ਸਾਹਿਬ ਦੇ ਸਾਹਮਣੇ ਇਕ ਮਸਲਾ ਖੜਾ ਹੋਇਆ। ਘਰ ਘਰ ਦੇ ਵਿਚ ਬੱਚੀਆਂ ਵੱਡੀਆਂ ਹੋ ਗਈਆਂ। ਗਿਣਤੀ ਜ਼ਿਆਦਾ, ਲੜਕੇ ਹੈ ਨਹੀਂ। ਇਕ ਇਕ ਨੂੰ ਚਾਰ ਚਾਰ ਨਿਕਾਹ ਕਰਨ ਦੀ ਆਗਿਆ ਦਿੱਤੀ ਤਾਂਕਿ ਔਸਤ ਬਰਾਬਰ ਹੋ ਜਾਏ। ਮੁਹੰਮਦ ਸਾਹਿਬ ਨੇ ਇਕ ਆਦਰਸ਼ ਰੱਖਿਆ 40 ਸਾਲ ਦੀ ਖਤੀਜਾ ਸੀ ਤੇ 25 ਸਾਲ ਦੇ ਆਪ ਸਨ, ਵਿਆਹ ਕੀਤਾ। ਨਾ ਵੇਖੋ ਉਮਰ, ਸਮਾਜਿਕ ਮਸਲਾ ਹੱਲ ਕਰੋ। ਮੁਹੰਮਦ ਸਾਹਿਬ 'ਤੇ ਇਲਜ਼ਾਮ ਲਾਗੂ ਨਹੀਂ ਹੁੰਦਾ।

ਕੁਝ ਮਨੁੱਖ ਹਨੇਰੇ ਪੱਖ ਦੇ ਹੁੰਦੇ ਹਨ, ਕੁਝ ਮਨੁੱਖ ਚਾਨਣ ਪੱਖ ਦੇ ਹੁੰਦੇ ਹਨ। ਹਨੇਰੇ ਪੱਖ ਦੇ ਪੁਰਸ਼ਾਂ ਵਿਚ ਵੀ ਹੁੰਦੇ ਹਨ, ਹਨੇਰੇ ਪੱਖ ਦੇ ਇਸਤਰੀਆਂ ਵਿਚ ਵੀ ਹੁੰਦੇ ਹਨ। ਚਾਨਣ ਪੱਖ ਦੇ ਇਸਤਰੀਆਂ ਵਿਚ ਵੀ ਹੁੰਦੇ ਹਨ ਅਤੇ ਚਾਨਣ ਪੱਖ ਦੇ ਪੁਰਸ਼ਾਂ ਵਿਚ ਵੀ ਹੁੰਦੇ ਹਨ। ਪਰ ਚਾਨਣ ਪੱਖ ਦੀਆਂ ਇਸਤਰੀਆਂ ਨੂੰ ਰੋਕਿਆ ਗਿਆ। ਪੁਰਸ਼ ਦੀ ਕਠੋਰਤਾ ਨੇ ਰੋਕਿਆ। ਸਾਹਿਤ, ਕਲਾ, ਗਿਆਨ, ਵਿਗਿਆਨ ਉਸਦੇ ਵਿਚ ਉੱਨਤ ਨਹੀਂ ਹੋਣ ਦਿੱਤਾ। ਵੇਦਾਂ ਦਾ ਪਾਠ ਅੱਜ ਵੀ ਇਸਤਰੀ ਨਹੀਂ ਕਰ ਸਕਦੀ ਮੰਨੂ ਸਿਮਰਤੀ ਦੇ ਵਿਧਾਨ ਦੇ ਮੁਤਾਬਿਕ। ਇਸਤਰੀ ਅੱਜ ਵੀ ਮਸਜਿਦ ਵਿਚ ਨਹੀਂ ਜਾ ਸਕਦੀ। ਜਨੇਊ ਸਿਰਫ਼ ਪੁਰਸ਼ਾਂ ਲਈ ਹੈ, ਇਸਤਰੀਆਂ ਲਈ ਨਹੀਂ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਪੁਰਸ਼ ਦੀ ਕੋਠਰਤਾ ਨੇ ਕਦਮ ਕਦਮ 'ਤੇ ਰੁਕਾਵਟਾਂ ਖੜੀਆਂ ਕੀਤੀਆਂ ਹਨ ਕਿ ਕਿਤੇ ਬਰਾਬਰੀ 'ਤੇ ਨਾ ਆ ਜਾਏ। ਜਦੋਂ ਕਿ ਕੁਦਰਤ ਨੇ ਬਰਾਬਰ ਈ ਪੈਦਾ ਕੀਤੇ ਹਨ। ਜਦੋਂ ਗਿਣਤੀ ਵਿਚ ਬਰਾਬਰ ਹਨ ਤਾਂ ਫਿਰ ਕਿਉਂ ਰੋਕਦੇ ਹਨ? ਗੁਣਾ ਵਿਚ ਵੀ ਬਰਾਬਰ ਹੋ ਸਕਦੀਆਂ ਹਨ, ਪਰ ਨਹੀਂ ਆਈਆਂ। ਇਹ ਸਮਾਜ ਪ੍ਰਧਾਨ ਆਪਣੇ ਆਪ ਨੂੰ ਹਮੇਸ਼ਾਂ ਪੁਰਸ਼ ਨੇ ਸਮਝਿਆ, ਇਸਨੇ ਰੋਕਿਆ। ਲੱਗਦਾ ਹੈ ਧੰਨ ਗੁਰੂ ਅਮਰਦਾਸ ਮਹਾਰਾਜ ਨੂੰ ਵੀ ਇਸ ਤਰ੍ਹਾਂ ਅਧਕ ਬੀਬੀਆਂ ਨਹੀਂ ਮਿਲੀਆਂ ਸਨ, ਨਹੀਂ ਤਾਂ ਸ਼ਾਇਦ 11-11 ਦੀ ਵੰਡ ਕਰਦੇ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਭਗਤ ਬੈਠੇ ਹਨ, ਇਸ ਪੱਧਰ ਦੀ ਇਕ ਵੀ ਭਗਤਨੀ ਨਾ ਹੋਈ। ਇਸਦੇ ਵਿਚ ਕੋਈ ਇਸਤਰੀ ਦੀ ਨਿਖੇਧਤਾ ਨਹੀਂ ਹੈ। ਇਸਦਾ ਕਮਜ਼ੋਰਪੁਣਾ ਨਹੀਂ ਹੈ। ਪੁਰਸ਼ ਦਾ ਪ੍ਰਧਾਨ ਹੋਣ ਦਾ ਨਾਅਰਾ ਤੇ ਉਸਦੀ ਕਠੋਰਤਾ, ਉਸਨੇ ਅਜਿਹਾ ਹੋਣ ਨਹੀਂ ਦਿੱਤਾ। ਭਗਤ ਜੋ ਭਗਵਾਨ ਦਾ ਰੂਪ ਹੋ ਗਏ। ਯਾਤਰਾ ਮਨੁੱਖ ਦੀ ਸ਼ਰਧਾ

ਤੱਕ ਹੁੰਦੀ ਹੈ। ਹਰ ਹਾਲਤ ਵਿਚ ਵੱਡਾ ਗੁਰੂ ਨੂੰ ਮੰਨਣਾ ਹੁੰਦਾ ਹੈ ਅਤੇ ਹਰ ਹਾਲਤ ਵਿਚ ਗੁਰੂ ਦੀ ਮੰਨਣੀ ਹੁੰਦੀ ਹੈ। ਤੂੰ ਵੱਡਾ ਹੈਂ। ਪਰ ਹੰਕਾਰ ਇੰਨਾ ਵੱਡਾ ਹੋ ਗਿਆ ਮਨੁੱਖ ਦਾ, ਵੱਡਾ ਤਾਂ ਮਾਂ ਬਾਪ ਨੂੰ ਮੰਨਣਾ ਵੀ ਔਖਾ ਹੋ ਗਿਆ ਹੈ ਤਾਂ ਗੁਰੂ ਨੂੰ ਕੌਣ ਮੰਨੇ? ਉਸਤਾਦ ਨੂੰ ਵੀ ਵੱਡਾ ਮੰਨਣਾ ਔਖਾ ਹੋ ਗਿਆ ਹੈ। ਹੰਕਾਰ ਛੋਟਿਆਂ ਨੂੰ ਵੇਖਕੇ ਖ਼ੁਸ਼ ਹੁੰਦਾ ਹੈ।

ਦੂਸਰਾ ਨੁਕਤਾ ਧਿਆਨ ਨਾਲ ਸੁਣਨਾ। ਹੰਕਾਰੀ ਕਮਜ਼ੋਰ ਹੋਵੇ ਤਾਂ ਦੂਜੇ ਨੂੰ ਛੋਟਾ ਕਰਦਾ ਹੈ ਨਿੰਦਾ ਕਰਕੇ। ਹੰਕਾਰੀ ਤਾਕਤਵਾਰ ਹੋਵੇ ਤਾਂ ਦੂਜੇ ਨੂੰ ਮਿਟਾਉਂਦਾ ਹੈ ਹਿੰਸਾ ਕਰਕੇ। ਨਿੰਦਾ ਵੀ ਹੰਕਾਰੀ ਕਰਦੇ ਹਨ, ਹਿੰਸਾ ਵੀ ਹੰਕਾਰੀ ਕਰਦੇ ਹਨ। ਨਿੰਦਕਾਂ ਦਾ, ਦੁਸ਼ਟਾਂ ਦਾ ਇਕ ਪੱਖ ਵਿਚ ਜ਼ਿਕਰ ਕਰਦੇ ਹਨ ਗੁਰੂ ਅਮਰਦਾਸ ਜੀ ਮਹਾਰਾਜ। ਪਰ ਪਹਿਲੇ ਭਗਤਾਂ ਦਾ ਚਾਨਣ ਪੱਖ। ਜੇ ਸਿਆਣੇ ਬੇਸ਼ੁਮਾਰ ਹਨ ਤਾਂ ਮੂਰਖ ਵੀ ਬੇਸ਼ੁਮਾਰ ਹਨ। ਜੇ ਦਿਆਲੂ ਬੇਸ਼ੁਮਾਰ ਹਨ ਤਾਂ ਹਿੰਸਕ ਵੀ ਬੇਸ਼ੁਮਾਰ ਹਨ। ਜਦੋਂ ਵੀ ਕੋਈ ਨਿੰਦਾ ਕਰਨ ਵਾਲਾ ਮਿਲੇ, ਪਹਿਚਾਣ ਹੋ ਗਈ ਕਿ ਹਨੇਰੇ ਪੱਖ ਦਾ ਮਨੁੱਖ ਹੈ। ਜਦੋਂ ਕੋਈ ਪਰਉਪਕਾਰ ਕਰਦਾ ਮਿਲੇ, ਜਦੋਂ ਕੋਈ ਦਇਆ ਦੀ ਮੂਰਤੀ ਮਿਲੇ ਤਾਂ ਸਮਝ ਲੈਣਾ ਇਹ ਚਾਨਣ ਪੱਖ ਦਾ ਮਨੁੱਖ ਹੈ। ਦਿਨ ਨੂੰ ਅਸੀਂ ਦੇਖਦੇ ਹਾਂ, ਰਾਤ ਨੂੰ ਅਸੀਂ ਦੇਖਦੇ ਹਾਂ।

ਮਨੁੱਖਾਂ ਦੇ ਵਿਚ ਕੋਈ ਰਾਤ ਦੀ ਤਰ੍ਹਾਂ ਮਿਲਦੇ ਹਨ, ਕੋਈ ਦਿਨ ਦੀ ਤਰ੍ਹਾਂ। ਰਾਤ ਵਿਚ ਵੀ ਅਸੀਂ ਜਿਊਣਾ ਹੁੰਦਾ ਹੈ ਅਤੇ ਦਿਨ ਵਿਚ ਵੀ ਅਸੀਂ ਜਿਊਣਾ ਹੁੰਦਾ ਹੈ। ਮੂਰਖ ਕਠੋਰ ਮਿਲ ਗਿਆ ਹੈ ਤਾਂ ਫਿਰ ਕੀ ਕਰੀਏ? ਮਸਤ ਹੋਏ ਰਹੀਏ।

ਮੂਰਖੈ ਨਾਲਿ ਨਾ ਲੁਝੀਐ॥

(ਅੰਗ ੪੭੩)

ਨਾ ਝਗੜ, ਇਕ ਪਾਸੇ ਹੋ ਕੇ ਖ਼ਾਮੋਸ਼ ਹੋ ਜਾ। ਹਨੇਰੇ ਨਾਲ ਲੜੇਂਗਾ, ਸੌਂ ਜਾ, ਨਾ ਲੜ। ਚਾਨਣ ਹੈ, ਇਸਦੇ ਨਾਲ ਵਿਵਹਾਰ ਕਰ। ਇਸਦੇ ਕੋਲੋਂ ਕੁਝ ਸਿੱਖਣਾ ਸ਼ੁਰੂ ਕਰ। ਚਾਨਣ ਪੱਖ, ਹਨੇਰਾ ਪੱਖ ਇਹ ਅਸੀਂ ਮਨੁੱਖਾਂ ਵਿਚ ਦੇਖਦੇ ਹਾਂ। ਬਸ ਦੇਖਣ ਦਾ ਢੰਗ ਹੋਵੇ। ਇਹ ਦੇਖਿਆ ਹੈ ਗੁਰੂ ਨਾਨਕ ਨੇ ਤਾਂ ਹੀ ਦੋਨਾਂ ਦੇ ਰੂਪ ਸਾਡੇ ਸਾਹਮਣੇ ਰੱਖਦੇ ਹਨ। ਯਤਨ ਕਰੋ ਰਾਤ ਨਹੀਂ ਖ਼ਤਮ ਹੋਵੇਗੀ। ਜਿਊਣਾ ਪਵੇਗਾ ਵੱਧ ਤੋਂ ਵੱਧ। ਦੀਪਕ ਜਲਾ ਕੇ ਅਸੀਂ ਚਾਨਣਾ ਕਰ ਸਕਦੇ ਹਾਂ ਪਰ ਸਾਰੀ ਦੁਨੀਆਂ ਵਿਚ ਹਨੇਰਾ ਨਹੀਂ ਮਿਟਾ ਸਕਦੇ। ਪ੍ਰਭੂ ਦਾ ਨਾਮ ਜੱਪ ਦੇ ਆਪਣੇ ਹਿਰਦੇ ਨੂੰ ਰੌਸ਼ਨ ਕਰ ਸਕਦੇ ਹਾਂ, ਪਰ ਸਮੁੱਚੇ ਸੰਸਾਰ ਵਿਚੋਂ ਮੂਰਖਤਾ ਨਹੀਂ ਖ਼ਤਮ ਕਰ ਸਕਦੇ।

ਕਿਤੇ ਕਿਤੇ ਰਾਤ ਇੰਨੀ ਬਲਵਾਨ ਸੀ ਕਿ ਉਹਨਾਂ ਨੇ ਦਿਨ ਨੂੰ ਸੂਲੀ 'ਤੇ ਵੀ ਟੰਗ ਦਿੱਤਾ। ਰਾਤ ਮਿਟਾਈ ਨਹੀਂ ਜਾ ਸਕੀ। ਕੀੜੀ ਨੇ ਕੀ ਕਿਸੇ ਦਾ ਰਸਤਾ ਰੋਕਣਾ ਹੈ? ਹਾਥੀ ਰਸਤਾ ਰੋਕ ਸਕਦਾ ਹੈ। ਤਾਂ ਹਿੰਸਾ ਕਰਕੇ ਮਿਟਾਉਣਾ ਹੈ ਹਾਥੀ ਨੂੰ। ਜੇਕਰ ਕਮਜ਼ੋਰ ਹੈ ਤਾਂ

ਕਹਿ ਦੇਣਾ ਇਹ ਹਾਥੀ ਕਿਸੇ ਕੰਮ ਦਾ ਨਹੀਂ। ਭਗਤ ਦਾ ਰੂਪ ਕੀ ਹੁੰਦਾ ਹੈ? ਬੁਰਾ ਨਹੀਂ, ਸਭ ਭਲਾ ਹੀ ਹੈ ਰੇ। ਹਾਰ ਨਹੀਂ ਸਭ ਦੇਖੋ। ਹੇ ਪ੍ਰਭੂ! ਸਭ ਠੀਕ ਹੈ। ਅਸੀਂ ਦਿਨ ਦੇ ਵਿਚ ਵੀ ਜੀਅ ਲਵਾਂਗੇ, ਰਾਤ ਦੇ ਵਿਚ ਵੀ ਜੀਅ ਲਵਾਂਗੇ। ਦਿਨ ਨੂੰ ਕਾਰ-ਵਿਹਾਰ ਕਰ ਲਵਾਂਗੇ, ਰਾਤ ਨੂੰ ਸੌਂ ਜਾਵਾਂਗੇ। ਕੋਈ ਗੱਲ ਨਹੀਂ, ਤੇਰੀ ਰਾਤ ਦੀ ਵਰਤੋਂ ਵੀ ਕਰ ਲਵਾਂਗੇ। ਭਗਤਾਂ ਦੀ ਸੰਗਤ ਕਰ ਲਵਾਂਗੇ, ਮੂਰਖਾਂ ਤੋਂ ਬਚ ਜਾਵਾਂਗੇ। ਸਤਿਸੰਗ ਵਿਚ ਬੈਠ ਜਾਵਾਂਗੇ, ਕੁਸੰਗਤ ਤੋਂ ਇਕ ਪਾਸੇ ਹੋ ਜਾਵਾਂਗੇ। ਇਸਨੂੰ ਕਹਿੰਦੇ ਹਨ ਭਗਤ। ਇਹ ਦੋ ਪੱਖ ਗੁਰੂ ਅਮਰਦਾਸ ਜੀ ਮਹਾਰਾਜ ਨੇ ਬਿਆਨ ਕੀਤੇ ਹਨ। ਆਪ ਸਰਵਨ ਕਰੋ।

ਸੋਰਠਿ ਮਹਲਾ ੩ ॥

ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ ਅਨਦਿਨੁ ਨਾਮੁ ਵਖਾਣੇ॥

ਜਿਹੜਾ ਗੁਰੂ ਨੂੰ ਮੁੱਖ ਰੱਖਦਾ ਹੈ, ਦਿਨ ਰਾਤ ਭਗਤੀ ਕਰਦਾ ਹੈ। ਪਤਾ ਹੈ ਭਗਤੀ ਕਿਸ ਤਰ੍ਹਾਂ ਕਰਦਾ ਹੈ? ਦਿਨ ਰਾਤ ਪ੍ਰਭੂ ਦਾ ਨਾਮ ਜੱਪਦਾ ਹੈ। ਦਿਨ ਰਾਤ ਰਸਨਾ ਨਾਲ ਪ੍ਰਭੂ ਦਾ ਨਾਮ ਜੱਪਦਾ ਹੈ, ਤਾਂਕਿ ਜ਼ਬਾਨ 'ਤੇ ਬੈਠਿਆ ਇਹ ਪ੍ਰਭੂ ਉਸਦੇ ਹਿਰਦੇ ਵਿਚ ਵੱਸ ਜਾਏ। ਭੋਜਨ ਦੀ ਬੁਰਕੀ ਪਹਿਲਾਂ ਮੂੰਹ ਵਿਚ ਹੀ ਲਿਆਣੀ ਪਵੇਗੀ, ਖ਼ੂਨ ਤਾਂ ਬਾਅਦ ਵਿਚ ਬਣੇਗਾ। ਪਰ ਕੋਈ ਆਖੇ ਨਹੀਂ ਪਹਿਲਾਂ ਖ਼ੂਨ ਬਣੇ, ਪਹਿਲਾਂ ਮਾਸ ਬਣੇ, ਭੋਜਨ ਦੀ ਬੁਰਕੀ ਮੈਂ ਬਾਅਦ ਵਿਚ ਮੂੰਹ ਦੇ ਵਿਚ ਪਾਉਣੀ ਹੈ। ਪਹਿਲੇ ਮੈਨੂੰ ਰੱਸ ਤੇ ਪ੍ਰਕਾਸ਼ ਦਾ ਪਤਾ ਚੱਲੇ, ਨਾਮ ਮੈਂ ਬਾਅਦ ਵਿਚ ਜੱਪਾਂਗਾ। ਪਹਿਲੇ ਮੇਰਾ ਮਨ ਟਿੱਕਣਾ ਚਾਹੀਦਾ ਹੈ, ਨਾਮ ਮੈਂ ਬਾਅਦ ਵਿਚ ਜੱਪਾਂਗਾ। ਕੌਣ ਦੱਸੇ ਜੱਪਦਿਆਂ ਜੱਪਦਿਆਂ ਇਕ ਦਿਨ ਮਨ ਟਿੱਕ ਜਾਂਦਾ ਹੈ। ਟਿੱਕ ਜਾਣਾ ਤਾਂ ਫੱਲ ਹੈ। ਇਹ ਜੋ ਕਹਿੰਦੇ ਹਨ ਕਿ ਹਿਰਦਾ ਸ਼ੁੱਧ ਕਰਕੇ ਸਤਿਸੰਗ ਵਿਚ ਜਾਉ, ਗੁਰਦੁਆਰੇ ਜਾਉ, ਗ਼ਲਤ ਕਹਿੰਦੇ ਹਨ। ਮਨ ਨਿਰਮਲ ਕਰਕੇ ਗੁਰਦੁਆਰੇ ਜਾਉ। ਹੱਥ ਪੈਰ ਕਿਸ ਤਰ੍ਹਾਂ ਨਿਰਮਲ ਕਰ ਲਵੋਗੇ? ਗੁਰੂ ਤੋਂ ਬਿਨਾਂ ਕਿਸ ਤਰ੍ਹਾਂ ਨਿਰਮਲ ਕਰ ਲਉਗੇ?

ਧਾਰਮਿਕ ਜਗਤ ਵਿਚ ਇਹ ਦੋ ਸ਼ਬਦ ਗ਼ਲਤ ਵਰਤੇ ਜਾਂਦੇ ਹਨ। ਸਤਿਸੰਗ ਵਿਚ ਜਾਉ ਤਾਂਕਿ ਮਨ ਨਿਰਮਲ ਹੋਵੇ। ਗੁਰਦੁਆਰੇ ਜਾਉ ਤਾਂਕਿ ਹਿਰਦਾ ਸ਼ੁੱਧ ਹੋਵੇ। ਦੂਸਰਾ ਮਨ ਨੂੰ ਟਿਕਾਅ ਕੇ ਕੀਰਤਨ ਕਰੋ। ਮਨ ਨੂੰ ਟਿਕਾਅ ਕੇ ਬਾਣੀ ਪੜ੍ਹੋ। ਗ਼ਲਤ ਹੈ। ਬਾਣੀ ਜੱਪੋ ਤਾਂਕਿ ਮਨ ਟਿੱਕ ਜਾਏ। ਕੀਰਤਨ ਸੁਣੋ ਤਾਂਕਿ ਮਨ ਟਿੱਕ ਜਾਏ। ਮਨ ਦਾ ਟਿੱਕ ਜਾਣਾ ਤਾਂ ਫੱਲ ਹੈ, ਫੱਲ ਪਹਿਲੇ ਕਿਸ ਤਰ੍ਹਾਂ ਹੋਵੇਗਾ? ਜੱਪਿਆ ਹੋਇਆ ਨਾਮ ਵੀ ਇਕ ਦਿਨ ਮਹਾਂ ਰੱਸ ਬਣ ਜਾਂਦਾ ਹੈ। ਜੋ ਗੁਰਮੁਖ ਹਨ, ਗੁਰੂ ਨੂੰ ਸਾਹਮਣੇ ਰੱਖਕੇ ਦਿਨ ਰਾਤ ਭਗਤੀ ਕਰਦੇ ਹਨ। ਕਿਸ ਤਰ੍ਹਾਂ ਕਰਦੇ ਹਨ? ਨਾਮ ਜੱਪਦੇ ਹਨ ਦਿਨ ਰਾਤ ਰਸਨਾ ਨਾਲ।

ਭਗਤਾ ਕੀ ਸਾਰ ਕਰਹਿ ਆਪਿ ਰਾਖਹਿ ਜੋ ਤੇਰੈ ਮਨਿ ਭਾਣੇ॥

(ਅੰਗ ੬੦੧)

ਭਗਤਾਂ ਨੂੰ ਸਨਮਾਨ, ਆਦਰ, ਗਲਵਕੜੀ ਤੂੰ ਆਪ ਪਾਉਂਦਾ ਹੈਂ, ਕਿਉਂਕਿ ਉਹ ਤੇਰੇ ਮਨ ਨੂੰ ਭਾਅ ਜਾਂਦੇ ਹਨ। ਜੋ ਭਾਅ ਗਿਆ ਹੈ, ਭਗਤ ਹੈ। ਭਗਤ ਦੇ ਅੱਖਰੀ ਅਰਥ ਹਨ ਭਾਉ ਅੰਕਿਤ। ਭਾਵਨਾ ਟਿੱਕ ਗਈ ਹੈ। ਹੁਣ ਕਿਸੇ ਵੀ ਕੀਮਤ 'ਤੇ ਉਹਨਾਂ ਦੀ ਸ਼ਰਧਾ ਨੂੰ ਡੁਲਾਇਮਾਨ ਕਰਨਾ ਔਖਾ ਹੈ। ਸ਼ਰਧਾ ਤੱਕ ਮਨੁੱਖ ਨੇ ਪਹੁੰਚਣਾ ਹੈ, ਸ਼ਰਧਾ ਭਗਤੀ ਬਣ ਜਾਂਦੀ ਹੈ। ਭਗਤੀ ਭਗਤ ਨੂੰ ਭਗਵਾਨ ਬਣਾ ਦਿੰਦੀ ਹੈ।

ਨਾਮੇ ਨਾਰਾਇਨ ਨਾਹੀ ਭੇਦੁ॥

(ਅੰਗ ੧੧੬੬)

ਨਾਰਾਇਣ ਦੇ ਦਰਸ਼ਨ ਕਰਨੇ ਹਨ ਤਾਂ ਨਾਮਦੇਵ ਦੇ ਦਰਸ਼ਨ ਕਰ।

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥

(ਅੰਗ ੯੬੯)

ਰਾਮ ਦੇ ਦਰਸ਼ਨ ਕਰਨੇ ਹਨ ਤਾਂ ਫਿਰ ਕਬੀਰ ਦੇ ਦਰਸ਼ਨ ਕਰ। ਅਸੀਂ ਅਰਦਾਰ ਵਿਚ ਇਹ ਸ਼ਬਦ ਜੋੜੇ ਹਨ - ਸੇਈ ਸੰਤ ਗੁਰਮੁਖ ਪਿਆਰੇ ਮੇਲ, ਹੇ ਪ੍ਰਭੂ! ਜਿਨ੍ਹਾਂ ਮਿਲਿਆਂ ਤੇਰਾ ਨਾਮ ਚੇਤੇ ਆਵੇ। ਮੰਦਿਰ, ਗੁਰਦੁਆਰੇ ਕਿਉਂ ਜਾਂਦੇ ਹਾਂ, ਨਾਮ ਚੇਤੇ ਆਵੇ। ਨਾਮ ਜਿੱਥੇ ਟਿੱਕ ਗਿਆ, ਉਸਨੂੰ ਦੇਖਕੇ ਵੀ ਨਾਮ ਚੇਤੇ ਆਉਂਦਾ ਹੈ।

ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥

(ਅੰਗ ੫੨੦)

ਇਹ ਭਗਤ ਪ੍ਰਮਾਤਮਾ ਨੂੰ ਭਾਅ ਜਾਂਦੇ ਹਨ ਅਤੇ ਇਹਨਾਂ ਦੇ ਅੰਦਰ ਭਾਵਨਾ ਅੰਕਿਤ ਹੋ ਜਾਂਦੀ ਹੈ, ਇਹ ਭਗਤ ਹਨ।

ਤੂ ਗੁਣਦਾਤਾ ਸਬਦਿ ਪਛਾਤਾ ਗੁਣ ਕਹਿ ਗੁਣੀ ਸਮਾਣੇ॥ ੧॥

ਇਹ ਸੂਝ ਉਹਨਾਂ ਨੂੰ ਸ਼ਬਦ ਤੋਂ ਪ੍ਰਾਪਤ ਹੁੰਦੀ ਹੈ। ਗੁਣਾ ਦਾ ਉਚਾਰਨ ਕਰਦਿਆਂ ਕਰਦਿਆਂ ਉਸ ਗੁਣੀ ਦੇ ਵਿਚ, ਉਸ ਪ੍ਰਭੂ ਦੇ ਵਿਚ ਸਮਾ ਜਾਂਦੇ ਹਨ। ਭਾਵ ਗੁਣਾ ਦਾ ਉਚਾਰਨ ਕਰਦਿਆਂ ਗੁਣਵਾਨ ਬਣ ਜਾਂਦੇ ਹਨ। ਕਿਸੇ ਪਹਿਲਵਾਨ ਦੀ ਮਹਿਮਾ ਗਾਇਨ ਕਰਨ ਨਾਲ ਕੋਈ ਪਹਿਲਵਾਨ ਨਹੀਂ ਹੁੰਦਾ। ਕਿਸੇ ਹੁਕਮਰਾਨ ਦੀ ਮਹਿਮਾ ਗਾਇਨ ਕਰਨ ਨਾਲ ਕੋਈ ਹੁਕਮਰਾਨ ਨਹੀਂ ਹੁੰਦਾ। ਕਿਸੇ ਧਨਵਾਨ ਦੀ ਮਹਿਮਾ ਗਾਇਨ ਕਰਨ ਨਾਲ ਕੋਈ ਧਨਵਾਨ ਨਹੀਂ ਹੁੰਦਾ, ਪਰ ਭਗਵਾਨ ਦੀ ਮਹਿਮਾ ਗਾਇਨ ਕਰਨ ਵਾਲਾ ਭਗਵਾਨ ਹੀ ਹੋ ਜਾਂਦਾ ਹੈ।

ਮਨ ਮੇਰੇ ਹਰਿ ਜੀਉ ਸਦਾ ਸਮਾਲਿ॥

ਹੇ ਮੇਰੇ ਮਨ! ਤੂੰ ਹਰ ਸਮੇਂ ਅਜਿਹੇ ਪੂਰਨ ਪ੍ਰਮਾਤਮਾ ਦੀ ਸੰਭਾਲ ਕਰ, ਯਾਦ ਕਰ, ਹਰ ਦਿਨ ਯਾਦ ਕਰ।

ਅੰਤ ਕਾਲਿ ਤੇਰਾ ਬੇਲੀ ਹੋਵੈ ਸਦਾ ਨਿਬਹੈ ਤੇਰੈ ਨਾਲਿ॥ ਰਹਾਉ॥

ਜਿੰਨੇ ਤੇਰੇ ਸੰਗੀ ਸਾਥੀ ਹਨ, ਜੀਵਨ ਦੇ ਹਨ ਅਤੇ ਜੀਵਨ ਦੇ ਵਿਚ ਵੀ ਉਦੋਂ ਤੱਕ ਸਾਥੀ ਹਨ ਜਦੋਂ ਤੱਕ ਉਹਨਾਂ ਦੇ ਸੁਆਰਥ ਦੀ ਪੂਰਤੀ ਹੋਵੇ। ਗੁਰੂ ਤੇਗ ਬਹਾਦਰ ਮਹਾਰਾਜ ਜੀ ਸਾਫ ਕਹਿੰਦੇ ਹਨ, ਜੇਕਰ ਮਨੁੱਖ ਕਹੇ ਕਿ ਉਹ ਮੇਰਾ ਸਾਥੀ ਹੈ, ਉਹ ਮੇਰਾ ਸਾਥੀ ਹੈ ਤਾਂ ਬਿਲਕੁਲ ਗ਼ਲਤ ਹੈ।

ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ॥

(ਅੰਗ ੧੪੨੮)

ਸਭ ਸੁੱਖ ਦੇ ਸਾਥੀ ਹਨ। ਜਿਸ ਦਿਨ ਤੇਰੇ ਕੋਲੋਂ ਦੁੱਖ ਮਿਲਿਆ, ਉਹਨਾਂ ਨੂੰ ਤੂੰ ਚਿਰਾਗ਼ ਲੈ ਕੇ ਵੀ ਲੱਭੇਂਗਾ ਤਾਂ ਨਜ਼ਰ ਨਹੀਂ ਆਉਣਗੇ। ਪਰ ਇਕ ਪ੍ਰਮਾਤਮਾ ਹੀ ਹੈ ਜਿਸਦਾ ਸਾਡੇ ਨਾਲ ਕੋਈ ਸੁਆਰਥ ਨਹੀਂ। ਜੀਵਨ ਦੇ ਵਿਚ ਤਾਂ ਸਾਥੀ ਹੈ, ਜੀਵਨ ਦੇ ਅੰਤ ਤੋਂ ਬਾਅਦ ਵੀ ਉਹੀ ਬੇਲੀ ਹੈ। ਜੋ ਆਦਿ ਅੰਤ ਦਾ ਰੱਖਵਾਲਾ ਹੈ ਤੂੰ ਉਸਨੂੰ ਬੇਲੀ ਨਾ ਬਣਾਏਂ ਤੇ ਜਿਹੜੇ ਸਭ ਸੁਆਰਥ ਦੇ ਬੇਲੀ ਹਨ, ਉਹਨੂੰ ਨੂੰ ਤੂੰ ਮਿੱਤਰ ਬਣਾਏਂ। ਪ੍ਰਮਾਤਮਾ ਦਾ ਨਾਮ ਤੇਰੀ ਰਸਨਾ 'ਤੇ ਨਾ ਹੋਵੇ, ਹਿਰਦੇ ਵਿਚ ਭਾਵਨਾ ਨਾ ਹੋਵੇ ਤਾਂ ਸਾਹਿਬ ਕਹਿੰਦੇ ਹਨ ਉਹ ਆਦਿ ਅੰਤ ਦਾ ਬੇਲੀ ਹੈ।

ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥

ਸੱਚ ਦੀ ਵਿਚਾਰ ਨੂੰ ਇਹ ਦੁਸ਼ਟ ਚਉਕੜੀ ਨਹੀਂ ਸਮਝਦੀ। ਸਦਾ ਝੂਠ ਬੋਲਦੀ ਹੈ ਅਤੇ ਝੂਠ ਕਮਾਉਂਦੀ ਹੈ। ਕੂੜ ਦੇ ਵਿਚ ਵੀ ਵਿਵਹਾਰ ਅਤੇ ਕੂੜ ਨੂੰ ਵੀ ਸੱਚ ਦੇ ਗਹਿਣੇ ਪੁਆਏ ਜਾ ਸਕਦੇ ਹਨ। ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ-

ਮੁਖਿ ਝੂਠ ਬਿਭੂਖਣ ਸਾਰੰ॥

(ਅੰਗ ੪੭੦)

ਬਿਭੂਖਣ ਕਹਿੰਦੇ ਹਨ ਗਹਿਣਿਆਂ ਨੂੰ। ਜੇਕਰ ਝੂਠ ਨੂੰ ਸ਼ਿੰਗਾਰੀਏ ਨਾ ਤਾਂ ਨਹੀਂ ਚੱਲਦਾ, ਕਿਉਂਕਿ ਝੂਠ ਕਰੂਪ ਬੜਾ ਹੈ। ਬਦਸੂਰਤ ਹੈ।

ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥

ਸਾਹਿਬ ਇਥੇ ਫੁਰਮਾਣ ਕਰਦੇ ਹਨ ਕਿ ਇਸ ਨਿੰਦਾ ਕਰਕੇ ਕਿਸਨੇ ਸੁੱਖ ਪ੍ਰਾਪਤ ਕੀਤਾ ਹੈ। ਹਿੰਸਾ ਵਿਚ ਕਿਸਨੂੰ ਸੁੱਖ ਮਿਲਿਆ ਹੈ? ਕਰਮ ਬਦਲੇ ਜਾ ਸਕਦੇ ਹਨ, ਸੰਸਕਾਰ ਬਦਲੇ ਜਾ ਸਕਦੇ ਹਨ, ਪਰ ਸੁਭਾਅ ਨਹੀਂ ਬਦਲਿਆ ਜਾ ਸਕਦਾ। ਨਿੰਦਾ ਅਜੇ ਕਰਮ ਹੈ, ਇਹ ਮਨੁੱਖ ਅਜੇ ਛੱਡ ਦੇਵੇਗਾ, ਸਤਿਸੰਗ ਵਿਚ ਕਥਾ ਕੀਰਤਨ ਸੁਣ ਕੇ। ਜੇਕਰ ਸੰਸਕਾਰ ਵੀ ਬਣ ਗਏ ਹਨ ਤਾਂ ਮਿੱਟ ਜਾਣਗੇ ਕੀਰਤਨ ਸੁਣ ਕੇ। ਪਰ ਸੁਭਾਅ ਬਣ ਗਿਆ ਹੈ। ਜਿਸਦਾ ਸੁਭਾਅ ਬਣ ਗਿਆ ਹੈ, ਗੁਰੂ ਨਾਨਕ ਦੀ ਪੰਗਤੀ ਮੈਂ ਤੁਹਾਨੂੰ ਸੁਣਾਵਾਂ-

ਅਵਖਧ ਸਭੇ ਕੀਤਿਅਨੁ

ਹੇ ਪ੍ਰਮਾਤਮਾ! ਸਾਰੀਆਂ ਬੀਮਾਰੀਆਂ ਦੀਆਂ ਤੂੰ ਜੜ੍ਹੀ ਬੂਟੀਆਂ ਪੈਦਾ ਕੀਤੀਆਂ ਹਨ, ਪਰ ਪ੍ਰਭੂ! ਹੈਰਾਨੀ ਹੈ ਕਿ ਇਕ ਬੀਮਾਰੀ ਦਾ ਇਲਾਜ ਤੂੰ ਵੀ ਨਹੀਂ ਪੈਦਾ ਕੀਤਾ। ਪੁੱਛਦੇ ਬਾਬਾ ਜੀ ਕੋਲੋਂ ਉਹ ਕਿਹੜਾ ਰੋਗ ਹੈ? ਮੈਂ ਅਰਜ਼ ਕਰਾਂ, ਲਾ ਇਲਾਜ ਕੋਈ.ਰੋਗ ਨਹੀਂ ਹੈ। ਇਹ ਗੱਲ ਵੱਖਰੀ ਹੈ ਕਿ ਜੜ੍ਹੀ ਬੂਟੀ ਦਾ ਪਤਾ ਨਾ ਹੋਵੇ। ਭਾਈ ਗੁਰਦਾਸ ਕਹਿੰਦੇ ਹਨ ਕਿ ਜਿਵੇਂ ਵੈਦ ਤੋਂ ਬਿਨਾਂ ਅਉਸ਼ਦੀ ਦੇ ਗੁਣ ਪ੍ਰਗਟ ਨਹੀਂ ਹੁੰਦੇ, ਉਹੀ ਪ੍ਰਗਟ ਕਰਦਾ ਹੈ। ਹਰ ਰੋਗ ਦਾ ਇਲਾਜ ਹੈ ਪਰ ਸਾਹਿਬ ਕਹਿੰਦੇ ਹਨ ਇਸ ਬੀਮਾਰੀ ਦਾ ਇਲਾਜ ਨਹੀਂ। ਉਹ ਕਿਹੜੀ?

ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ॥

(ਅੰਗ ੩੧੫)

ਕਿਉਂਕਿ ਨਿੰਦਾ ਰੱਸ ਬਣ ਗਈ ਹੈ। ਸਾਹਿਬ ਕਹਿੰਦੇ ਹਨ ਕਿ ਇਸ ਤਰ੍ਹਾਂ ਨਿੰਦਾ ਵਿਚ ਉਹ ਦਿਨ ਰਾਤ ਲੀਨ ਰਹਿ ਕੇ, ਕੂੜ ਬੋਲ ਬੋਲ ਕੇ ਆਪਣਾ ਵਿਵਹਾਰ ਇਸ ਤਰ੍ਹਾਂ ਚਲਾਉਂਦੇ ਹਨ।

ਪ੍ਰਹਿਲਾਦ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ॥ ੨॥

ਜਿਹੜੇ ਭਗਤ ਜਨ ਹਨ, ਦਿਨ ਰਾਤ ਹਰੀ ਦੇ ਗੁਣ ਗਾਉਂਦੇ ਹਨ। ਦਿਨ ਰਾਤ ਪ੍ਰਭੂ ਦੀ ਸੰਭਾਲ ਕਰਦੇ ਹਨ।

ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ॥

ਪਰ ਜਿਹੜੇ ਮਨਮੁਖ ਹਨ ਕੋਸ਼ਿਸ਼ ਉਹਨਾਂ ਦੀ ਹੁੰਦੀ ਹੈ ਕਿ ਅਸੀਂ ਭਲੇ ਹਾਂ, ਅਸੀਂ ਮਹਾਨ ਹਾਂ। ਦੂਜਾ ਤੁੱਛ ਹੈ, ਦੂਜਾ ਕੁਝ ਨਹੀਂ ਹੈ। ਇਸ ਤਰ੍ਹਾਂ ਮਨਮੁਖ ਕੋਲ ਰੱਬੀ ਸਮਝ ਨਹੀਂ ਹੁੰਦੀ।

ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ॥

ਆਪਣਾ ਜਨਮ ਗਵਾ ਲੈਂਦੇ ਹਨ। ਸਾਧੂਆਂ ਦੀ ਨਿੰਦਾ ਕਰਦੇ ਹਨ, ਮਹਾਂਪੁਰਖਾਂ ਦੀ ਨਿੰਦਾ ਕਰਦੇ ਹਨ, ਗੁਰਮੁਖਾਂ ਦੀ ਨਿੰਦਾ ਕਰਦੇ ਹਨ।

ਰਾਮ ਨਾਮੁ ਕਦੇ ਚੇਤਹਿ ਨਾਹੀ ਅੰਤਿ ਗਏ ਪਛੁਤਾਈ॥ ੩॥

ਅਖੀਰ ਨੂੰ ਪਛਤਾਵਾ ਕਰਦੇ ਹਨ, ਕਿਉਂਕਿ ਕਦੀ ਰਾਮ ਨਾਮ ਦਾ ਜੱਪ ਨਹੀਂ ਕਰਦੇ।

ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ॥

ਗੁਰੂ ਨੇ ਜਿਨ੍ਹਾਂ ਨੂੰ ਆਪਣੇ ਨਾਲ ਜੋੜਿਆ ਹੈ, ਆਪਣੀ ਸੇਵਾ ਵਿਚ ਲਾਇਆ ਹੈ, ਉਹਨਾਂ ਦੇ ਜੀਵਨ ਨੂੰ ਸਫਲ ਕਰ ਦਿੱਤਾ ਹੈ। ਭਾਵ ਭਗਤਾਂ ਦਾ ਜੀਵਨ ਸਫਲ ਹੈ, ਸੰਸਾਰ 'ਤੇ ਆਇਆ ਸਫਲ ਹੈ। ਉਹਨਾਂ ਦੀ ਜੀਵਨ-ਯਾਤਰਾ ਸਫਲ ਹੈ।

ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ॥

ਦਿਨ ਰਾਤ ਪ੍ਰਭੂ ਦੇ ਗੀਤ ਗਾਉਂਦੇ ਹਨ। ਅਡੋਲ ਅਵਸਥਾ ਵਿਚ ਰਹਿ ਕੇ, ਨਾਮ ਦੇ ਰੰਗ ਵਿਚ ਰਹਿ ਕੇ ਆਪਣਾ ਜੀਵਨ ਬਤੀਤ ਕਰਦੇ ਹਨ।

ਨਾਨਕ ਦਾਸੁ ਕਹੈ ਬੇਨੰਤੀ ਹਉ ਲਾਗਾ ਤਿਨ ਕੈ ਪਾਏ॥੪॥੫॥

ਧੰਨ ਗੁਰੂ ਅਮਰਦਾਸ ਜੀ ਮਹਾਰਾਜ ਫੁਰਮਾਣ ਕਰਦੇ ਹਨ ਕਿ ਹੇ ਪ੍ਰਭੂ! ਮੇਰੀ ਬੇਨਤੀ ਹੈ ਕਿ ਇਸ ਤਰ੍ਹਾਂ ਦੇ ਭਗਤ ਜੋ ਦਿਨ ਰਾਤ ਸਹਿਜ ਅਵਸਥਾ ਵਿਚ ਰਹਿੰਦੇ ਹਨ, ਨਾਮ ਦੇ ਰੰਗ ਵਿਚ ਰਹਿੰਦੇ ਹਨ, ਮਸਤੀ ਵਿਚ ਰਹਿੰਦੇ ਹਨ, ਬਸ ਮੈਂ ਉਹਨਾਂ ਦੇ ਚਰਨਾਂ ਨਾਲ ਜੁੜਿਆ ਰਹਾਂ। ਉਹਨਾਂ ਦੀ ਚਰਨ ਛੁਹ ਨੂੰ ਪ੍ਰਾਪਤ ਕਰਦਾ ਰਹਾਂ।

ਸਾਹਿਬ ਮਿਹਰ ਕਰਨ। ਅਸੀਂ ਚਾਨਣ ਪੱਖ ਦੇ ਬਣੀਏ ਤੇ ਜ਼ਿੰਦਗੀ ਵਿਚ ਕਦੀ ਹਨੇਰਾ ਆ ਵੀ ਜਾਏ ਤਾਂ ਨਾਮ ਦਾ ਦੀਵਾ ਜਲਾ ਕੇ ਆਪਣੇ ਵਿਚ ਰੌਸ਼ਨੀ ਕਰ ਲਈਏ। ਰਾਤ ਤਾਂ ਰਹੇਗੀ ਪਰ ਹਿਰਦੇ ਦਾ ਦੀਵਾ ਜਲਾ ਕੇ, ਜੱਪ ਕੇ ਆਪਣੇ ਹਿਰਦੇ ਦੇ ਤੱਲ 'ਤੇ ਚਾਨਣਾ ਕੀਤਾ ਜਾ ਸਕਦਾ ਹੈ। ਆਪਣੇ ਦਿਲ ਦਾ ਦੀਵਾ ਜਗਾਉ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸਾਚਾ ਸਾਹਿਬ ਵਿਸਰਿਆ

ਸੋਰਠਿ ਮਹਲਾ ੫ ॥

ਮਾਤ ਗਰਭ ਦੁਖ ਸਾਗਰੋ ਪਿਆਰੇ ਤਹ ਅਪਣਾ ਨਾਮੁ ਜਪਾਇਆ ॥
ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ ਮਾਇਆ ਮੋਹੁ ਵਧਾਇਆ ॥
ਜਿਸ ਨੋ ਕੀਤੋ ਕਰਮੁ ਆਪਿ ਪਿਆਰੇ ਤਿਸੁ ਪੂਰਾ ਗੁਰੂ ਮਿਲਾਇਆ ॥
ਸੋ ਆਰਾਧੇ ਸਾਸਿ ਸਾਸਿ ਪਿਆਰੇ ਰਾਮ ਨਾਮ ਲਿਵ ਲਾਇਆ ॥ ੧ ॥
ਮਨਿ ਤਨਿ ਤੇਰੀ ਟੇਕ ਹੈ ਪਿਆਰੇ ਮਨਿ ਤਨਿ ਤੇਰੀ ਟੇਕ ॥
ਤੁਧੁ ਬਿਨੁ ਅਵਰੁ ਨ ਕਰਨਹਾਰੁ ਪਿਆਰੇ ਅੰਤਰਜਾਮੀ ਏਕ ॥ ਰਹਾਉ ॥
ਕੋਟਿ ਜਨਮ ਭ੍ਰਮਿ ਆਇਆ ਪਿਆਰੇ ਅਨਿਕ ਜੋਨਿ ਦੁਖੁ ਪਾਇ ॥
ਸਾਚਾ ਸਾਹਿਬ ਵਿਸਰਿਆ ਪਿਆਰੇ ਬਹੁਤੀ ਮਿਲੈ ਸਜਾਇ ॥
ਜਿਨ ਭੇਟੈ ਪੂਰਾ ਸਤਿਗੁਰੂ ਪਿਆਰੇ ਸੇ ਲਾਗੇ ਸਾਚੈ ਨਾਇ ॥
ਤਿਨਾ ਪਿਛੈ ਛੁਟੀਐ ਪਿਆਰੇ ਜੋ ਸਾਚੀ ਸਰਣਾਇ ॥ ੨ ॥
ਮਿਠਾ ਕਰਿ ਕੈ ਖਾਇਆ ਪਿਆਰੇ ਤਿਨਿ ਕੀਤਾ ਰੋਗੁ ॥
ਕਉੜਾ ਹੋਇ ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ ॥
ਭੋਗ ਭੁੰਚਾਇ ਭੁਲਾਇਅਨੁ ਪਿਆਰੇ ਉਤਰੈ ਨਹੀ ਵਿਜੋਗੁ ॥
ਜੋ ਗੁਰ ਮੇਲਿ ਉਧਾਰਿਆ ਪਿਆਰੇ ਤਿਨ ਧੁਰੇ ਪਇਆ ਸੰਜੋਗੁ ॥ ੩ ॥
ਮਾਇਆ ਲਾਲਚਿ ਅਟਿਆ ਪਿਆਰੇ ਚਿਤਿ ਨ ਆਵਹਿ ਮੂਲਿ ॥
ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ ਸੇ ਤਨ ਹੋਏ ਧੂੜਿ ॥
ਬਿਲਲਾਟ ਕਰਹਿ ਬਹੁਤੇਰਿਆ ਪਿਆਰੇ ਉਤਰੈ ਨਾਹੀ ਸੂਲੁ ॥
ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨ ਕਾ ਰਹਿਆ ਮੂਲੁ ॥ ੪ ॥
ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ ॥
ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੁੋ ਮੁਹਿ ਕਾਲੈ ਉਠਿ ਜਾਇ ॥

ਮਨਮੁਖਿ ਢੋਈ ਨਹ ਮਿਲੈ ਪਿਆਰੇ ਦਰਗਹ ਮਿਲੈ ਸਜਾਇ॥
ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨਾ ਪੂਰੀ ਪਾਇ॥ ੫॥
ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ॥
ਜੋ ਬੇਮੁਖ ਗੋਬਿੰਦ ਤੇ ਪਿਆਰੇ ਤਿਨ ਕੁਲਿ ਲਾਗੈ ਗਾਲਿ॥
ਹੋਦੀ ਵਸਤੁ ਨ ਜਾਤੀਆ ਪਿਆਰੇ ਕੂੜੁ ਨ ਚਲੀ ਨਾਲਿ॥
ਸਤਿਗੁਰੁ ਜਿਨਾ ਮਿਲਾਇਓਨੁ ਪਿਆਰੇ ਸਾਚਾ ਨਾਮੁ ਸਮਾਲਿ॥ ੬॥
ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ॥
ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ॥
ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ॥
ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ ਸੇਈ ਸਦਾ ਖਰੇ॥ ੭॥
ਸੰਮ੍ਰਥ ਪੁਰਖੁ ਦਇਆਲ ਦੇਉ ਪਿਆਰੇ ਭਗਤਾ ਤਿਸ ਕਾ ਤਾਣੁ॥
ਤਿਸੁ ਸਰਣਾਈ ਢਹਿ ਪਏ ਪਿਆਰੇ ਜਿ ਅੰਤਰਜਾਮੀ ਜਾਣੁ॥
ਹਲਤੁ ਪਲਤੁ ਸਵਾਰਿਆ ਪਿਆਰੇ ਮਸਤਕਿ ਸਚੁ ਨੀਸਾਣੁ॥
ਸੋ ਪ੍ਰਭੁ ਕਦੇ ਨ ਵੀਸਰੈ ਪਿਆਰੇ ਨਾਨਕ ਸਦ ਕੁਰਬਾਣੁ॥ ੮॥ ੨॥

(ਅੰਗ ੬੪੧)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਨਮਾਨ ਯੋਗ ਗੁਰੂ ਰੂਪ ਸਾਧਸੰਗਤਿ ਜੀਉ!

ਰਹਾਉ ਦੀ ਪੰਗਤੀ

ਮਨਿ ਤਨਿ ਤੇਰੀ ਟੇਕ

ਇਸਦੇ ਆਲੇ ਦੁਆਰੇ ਅੱਠ ਪਦੇ ਹਨ। ਇਹ ਖ਼ਿਆਲ ਸਤਿਗੁਰੂ ਮਹਾਰਾਜ ਦੀ ਦ੍ਰਿਸ਼ਟੀ ਵਿਚ ਇੰਨਾ ਪ੍ਰਬਲ ਸੀ ਕਿ ਇਕ ਪਦੇ ਨਾਲ ਪੂਰਾ ਕਰਨਾ ਮੁਨਾਸਿਬ ਨਹੀਂ ਸੀ। ਇਕ ਕਮਜ਼ੋਰ ਮਨੁੱਖ ਪ੍ਰਮਾਤਮਾ ਦੀ ਟੇਕ ਇਸ ਵਾਸਤੇ ਪਕੜਦਾ ਹੈ, ਕਿਉਂਕਿ ਉਸ ਕੋਲ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਆਸਰਾ ਹੈ ਨਹੀਂ। ਉਹ ਆਪਣੀ ਵਾਸ਼ਨਾ ਦੀ ਪੂਰਤੀ ਲਈ, ਇੱਛਾਵਾਂ ਦੀ ਪੂਰਤੀ ਲਈ ਪ੍ਰਮਾਤਮਾ ਨੂੰ ਆਧਾਰ ਬਣਾਉਂਦਾ ਹੈ। ਪ੍ਰਮਾਤਮਾ ਨੂੰ ਆਧਾਰ ਬਣਾਉਂਦਾ ਹੈ ਪ੍ਰਮਾਤਮਾ ਕਰਕੇ ਨਹੀਂ। ਪ੍ਰਮਾਤਮਾ ਨੂੰ ਟੇਕ ਬਣਾਉਂਦਾ ਹੈ ਪ੍ਰਮਾਤਮਾ ਦੀ ਮਹਿਮਾ ਕਰਕੇ ਨਹੀਂ ਸਗੋਂ ਆਪਣੀ ਖ਼ਾਹਿਸ਼ ਦੀ ਪੂਰਤੀ ਕਰਕੇ।

ਇਕ ਤਾਕਤਵਾਰ ਮਨੁੱਖ ਪ੍ਰਮਾਤਮਾ ਨੂੰ ਇਨਕਾਰ ਕਰ ਦਿੰਦਾ ਹੈ। ਕਿਉਂ? ਉਹ ਵੀ

ਆਪਣੀਆਂ ਖ਼ਾਹਿਸ਼ਾਂ ਦੀ ਪੂਰਤੀ ਲਈ ਇਨਕਾਰ ਕਰਦਾ ਹੈ। ਕਿਉਂ ਇਨਕਾਰ ਕਰਦਾ ਹੈ? ਪ੍ਰਮਾਤਮਾ ਨਿਰਵੈਰ ਹੈ, ਪ੍ਰਮਾਤਮਾ ਦਿਆਲੂ ਹੈ। ਉਸ ਦੀਆਂ ਕੁਝ ਖ਼ਾਹਿਸ਼ਾਂ ਅਜਿਹੀਆਂ ਹਨ ਜੋ ਨਿਰਵੈਰਤਾ ਨਾਲ ਨਹੀਂ ਪੂਰੀਆਂ ਹੋ ਸਕਦੀਆਂ। ਉਹ ਪ੍ਰਮਾਤਮਾ ਨੂੰ ਤਾਂ ਆਪਣੇ ਰਸਤੇ ਵਿਚ ਰੁਕਾਵਟ ਸਮਝਦੇ ਹਨ। ਉਸ ਦੀਆਂ ਕੁਝ ਖ਼ਾਹਿਸ਼ਾਂ ਅਜਿਹੀਆਂ ਹਨ ਕਿ ਦਇਆ ਨਾਲ ਪੂਰਤੀ ਨਹੀਂ ਹੋ ਸਕਦੀ। ਉਸ ਦਇਆਲੂ ਨੂੰ ਰਸਤੇ ਦੀ ਰੁਕਾਵਟ ਸਮਝਦਾ ਹੈ। ਉਸ ਦੀਆਂ ਕੁਝ ਵਾਸ਼ਨਾਵਾਂ ਅਜਿਹੀਆਂ ਹਨ ਜੋ ਪ੍ਰਮਾਤਮਾ ਕਰਕੇ ਪੂਰੀਆਂ ਨਹੀਂ ਹੋ ਸਕਦੀਆਂ। ਕਿਉਂ? ਪ੍ਰਮਾਤਮਾ ਤਾਂ ਸੰਤੁਸ਼ਟ ਹੈ। ਜੇਕਰ ਉਹ ਸੰਤੋਖ ਧਾਰਨ ਕਰ ਲਵੇ ਤਾਂ ਉਸ ਦੀਆਂ ਵਾਸ਼ਨਾਵਾਂ ਨੇ, ਉਸ ਦੀਆਂ ਇੱਛਾਵਾਂ ਨੇ, ਫਿਰ ਉਸ ਕੋਲ ਤਾਕਤ ਹੈ।

ਜੇਕਰ ਹਿਟਲਰ ਪ੍ਰਮਾਤਮਾ ਨੂੰ ਮੰਨ ਲੈਂਦਾ ਤਾਂਕੀ ਉਹ ਢਾਈ ਕਰੋੜ ਬੰਦਿਆਂ ਦਾ ਕਤਲ ਕਰ ਸਕਦਾ ਸੀ? ਚੰਗੇਜ਼ ਖ਼ਾਂ ਜੇਕਰ ਪ੍ਰਮਾਤਮਾ ਨੂੰ ਸਾਹਮਣੇ ਰੱਖਦਾ ਤਾਂ ਕੀ ਉਹ ਬਸਤੀਆਂ ਨੂੰ ਉਜਾੜ ਸਕਦਾ ਸੀ? ਜੇਕਰ ਔਰੰਗਜ਼ੇਬ ਖ਼ੁਦਾ ਨੂੰ ਸਾਹਮਣੇ ਰੱਖਦਾ ਤਾਂ ਕੀ ਆਪਣੇ ਭਰਾਵਾਂ ਦਾ ਕਤਲ ਕਰ ਸਕਦਾ ਸੀ? ਆਪਣੀ ਭੈਣ ਨੂੰ ਜੇਲ੍ਹ ਵਿਚ ਰੱਖ ਸਕਦਾ ਸੀ? ਇਕ ਤਾਕਤਵਰ ਮਨੁੱਖ ਪ੍ਰਮਾਤਮਾ ਨੂੰ ਇਨਕਾਰ ਕਰ ਦਿੰਦਾ ਹੈ। ਉਸ ਦੀਆਂ ਜਿਹੜੀਆਂ ਵਾਸ਼ਨਾਵਾਂ ਹਨ, ਇੱਛਾਵਾਂ ਹਨ, ਜੇਕਰ ਪ੍ਰਮਾਤਮਾ ਹੈ ਤਾਂ ਫਿਰ ਪੂਰੀਆਂ ਨਹੀਂ ਕਰ ਸਕਦਾ। ਦਇਆ ਰਸਤਾ ਰੋਕੇਗੀ, ਸੰਤੋਖ ਰਸਤਾ ਰੋਕੇਗਾ ਤਾਂ ਪ੍ਰਮਾਤਮਾ ਨੇ ਰੋਕਿਆ ਹੈ। ਪ੍ਰਮਾਤਮਾ ਨਿਰਵੈਰ ਹੈ, ਪ੍ਰਮਾਤਮਾ ਸੰਤੁਸ਼ਟ ਹੈ, ਪ੍ਰਮਾਤਮਾ ਦਇਆਲੂ ਹੈ। ਰੱਬ ਦੇ ਗੁਣਾ ਨੇ ਰਸਤਾ ਰੋਕਿਆ ਹੈ। ਫਿਰ ਹੁੰਦਾ ਕੀ ਹੈ? ਧਰਮ ਕਮਜ਼ੋਰ ਮਨੁੱਖਾਂ ਕੋਲ ਰਹਿ ਜਾਂਦਾ ਹੈ। ਕਮਜ਼ੋਰ ਮਨੁੱਖ ਸਮਝਦਾ ਹੈ ਕਿ ਮੇਰੀ ਵਾਸ਼ਨਾ ਪ੍ਰਮਾਤਮਾ ਤੋਂ ਬਿਨਾਂ ਪੂਰੀ ਹੋ ਹੀ ਨਹੀਂ ਸਕਦੀ। ਧਨ ਦਾ ਬੱਲ ਵੀ ਨਹੀਂ, ਬਾਹੂ ਬੱਲ ਵੀ ਨਹੀਂ, ਪ੍ਰਭੁੱਤਾ ਦਾ ਬੱਲ ਵੀ ਨਹੀਂ ਤਾਂ ਵਾਸ਼ਨਾ ਦੀ ਪੂਰਤੀ ਕਿਵੇਂ ਕਰਾਂ।

ਇਕ ਕਮਜ਼ੋਰ ਮਨੁੱਖ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਪ੍ਰਮਾਤਮਾ ਨੂੰ ਮੰਨਦਾ ਹੈ। ਇਕ ਤਾਕਤਵਰ ਮਨੁੱਖ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਪ੍ਰਮਾਤਮਾ ਨੂੰ ਇਨਕਾਰ ਕਰ ਦਿੰਦਾ ਹੈ। ਇਕ ਦਾ ਮੰਨਣਾ ਮਜਬੂਰੀ ਹੈ, ਇਕ ਦਾ ਨਾ ਮੰਨਣਾ ਵੀ ਮਜਬੂਰੀ ਹੈ। ਪ੍ਰਮਾਤਮਾ ਦੀ ਗੱਲ ਨਹੀਂ, ਇੱਛਾਵਾਂ ਦੀ ਗੱਲ ਹੈ। ਇਹੀ ਕਾਰਨ ਹੈ ਕਿ ਸ਼ਕਤੀ ਸੰਪੰਨ ਮਨੁੱਖ ਧਾਰਮਿਕ ਸਾਧਨਾ ਕਰਦੇ ਨਹੀਂ ਮਿਲਣਗੇ। ਧਰਮ ਸਿਰਫ਼ ਕਮਜ਼ੋਰ ਲੋਕਾਂ ਕੋਲ ਰਹਿ ਜਾਂਦਾ ਹੈ ਤੇ ਫਿਰ ਦੇਖਿਆ ਗਿਆ ਹੈ ਕਿ ਬਹੁਤਾ ਚੱਲਦਾ ਨਹੀਂ।

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜ਼ਫ਼ਰਨਾਮੇ ਦੀ ਬਾਣੀ ਵਿਚ ਕਹਿੰਦੇ ਹਨ ਕਿ ਫੇਰਦਾ ਹੋਵੇਂਗਾ ਤੂੰ ਤਸਬੀ, ਖ਼ੁਦਾ ਲਈ ਨਹੀਂ, ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਲਈ। ਪੜ੍ਹਦਾ ਹੋਵੇਂਗਾ ਤੂੰ ਨਿਮਾਜ਼, ਖ਼ੁਦਾ ਲਈ ਨਹੀਂ। ਰੱਖਦਾ ਹੋਵੇਂਗਾ ਤੂੰ ਰੋਜ਼ੇ, ਖ਼ੁਦਾ ਲਈ ਨਹੀਂ। ਤੂੰ ਖ਼ੁਦਾ ਪ੍ਰਸਤ ਨਹੀਂ। ਜੇਕਰ ਤੂੰ ਪ੍ਰਮਾਤਮਾ ਨੂੰ ਜਾਣਦਾ ਤੇ ਪਹਿਚਾਣਦਾ ਤਾਂ ਉਹ

ਤਾਂ ਦਇਆ ਸੀ। ਫਿਰ ਤੂੰ ਤਿੰਨ ਭਰਾਵਾਂ ਦਾ ਕਤਲ ਨਹੀਂ ਕਰ ਸਕਦਾ ਸੀ। ਜੇਕਰ ਤੂੰ ਪ੍ਰਮਾਤਮਾ ਨੂੰ ਜਾਣਦਾ ਤੇ ਪਹਿਚਾਣਦਾ ਤਾਂ ਆਪਣੇ ਬੁੱਢੇ ਪਿਉ ਨੂੰ ਜੇਲ੍ਹ ਵਿਚ ਤੜਪਾ ਤੜਪਾ ਕੇ ਨਹੀਂ ਮਾਰਨਾ ਸੀ। ਤੂੰ ਨਹੀਂ ਜਾਣਦਾ। ਖ਼ੁਦਾ ਸ਼ਨਾਸ ਮਨੁੱਖ ਕਦੀ ਕਿਸੇ ਦੇ ਦਿਲ ਨੂੰ ਖ਼ਰਾਸ਼ ਨਹੀਂ ਪਹੁੰਚਾਉਂਦਾ। ਜੇਕਰ ਹਰਨਾਖਸ਼ ਵਰਗਾ ਮਨੁੱਖ ਨਿਰੰਕਾਰ ਨੂੰ ਮੰਨੇ ਤਾਂ ਜਿਹੜੇ ਜਿਹੜੇ ਉਸਨੇ ਜ਼ੁਲਮ ਢਾਏ ਅਤੇ ਖ਼ਾਸ ਕਰਕੇ ਆਪਣੇ ਹੀ ਬੱਚੇ 'ਤੇ, ਕੀ ਉਹ ਢਾਅ ਸਕਦਾ ਸੀ? ਤੇਰਾ ਅੰਮ੍ਰਿਤ ਵੇਲੇ ਉੱਠਣਾ ਪਾਖੰਡ ਹੈ। ਇਕ ਨਹੀਂ ਤੂੰ ਹਜ਼ਾਰ ਕਸਮਾਂ ਵੀ ਕੁਰਾਨ ਦੀਆਂ ਖਾਵੇਂ ਤਾਂ ਹੋ ਸਕਦਾ ਹੈ ਕੋਈ ਭਾਰਤਵਾਸੀ ਭਰੋਸਾ ਕਰ ਲਵੇ, ਮੈਂ ਨਹੀਂ ਕਰ ਸਕਦਾ। ਤੂੰ ਝੂਠਾ, ਤੇਰੀ ਕੁਰਾਨ ਦੀ ਤਲਾਵਤ ਝੂਠੀ, ਇਸ ਲਈ ਤੇਰੀ ਕੁਰਾਨ ਦੀ ਕਸਮ ਵੀ ਝੂਠੀ।

ਆਪਣੇ ਸੁਆਰਥ ਲਈ ਪ੍ਰਮਾਤਮਾ ਦੀ ਲੋੜ ਹੈ, ਧਰਮ ਦੀ ਲੋੜ ਹੈ। ਰਹਾਉ ਦੀ ਪੰਗਤੀ ਵਿਚ ਸਤਿਗੁਰੂ ਇਹੀ ਕਹਿ ਰਹੇ ਹਨ ਕਿ ਹੇ ਪ੍ਰਭੂ! ਮੈਨੂੰ ਤਾਂ ਸਿਰਫ਼ ਤੇਰੀ ਟੇਕ ਹੈ। ਮੈਂ ਮਨ ਅਤੇ ਤਨ ਕਰਕੇ ਸਿਰਫ਼ ਤੇਰਾ ਆਸਰਾ ਪਕੜਦਾ ਹਾਂ। ਕਿਤੇ ਮਨੁੱਖ ਦਿਲੋਂ ਇਕ ਵਾਰੀ ਪ੍ਰਮਾਤਮਾ ਨੂੰ ਆਧਾਰ ਬਣਾ ਲਵੇ, ਜ਼ਿੰਦਗੀ ਵਿਚ ਕਦੇ ਬੇਆਸਰਾ ਨਹੀਂ ਹੁੰਦਾ। ਕਿਉਂਕਿ ਬਾਕੀ ਜਿਹੜੇ ਜਿਹੜੇ ਆਸਰੇ ਪਕੜੇਗਾ, ਅੱਜ ਹਨ, ਕੱਲ ਨਹੀਂ ਹਨ। ਅੱਜ ਸੰਬੰਧੀ ਹਨ, ਕੱਲ ਕੋਈ ਨਹੀਂ। ਪਰ ਪ੍ਰਮਾਤਮਾ ਤਾਂ ਹੈ ਸੋ ਹੈ। ਅਜਿਹਾ ਜਿਹੜਾ ਪ੍ਰਮਾਤਮਾ ਨਿਰੰਕਾਰ ਦਿਆਲੂ ਹੈ, ਉਸ ਸਮਰੱਥ 'ਤੇ ਭਰੋਸਾ ਨਹੀਂ ਬੱਝਦਾ, ਕਮਜ਼ੋਰਾਂ 'ਤੇ ਭਰੋਸਾ ਬੱਝ ਜਾਂਦਾ ਹੈ। ਫਿਰ ਦਿਲੋਂ ਮਨੁੱਖ ਉਸਦਾ ਆਧਾਰ ਨਹੀਂ ਪਕੜਦਾ। ਗੁਰੂ ਅਰਜਨ ਦੇਵ ਜੀ ਮਹਾਰਾਜ ਅੱਠ ਪਦਿਆਂ ਵਿਚ ਸਾਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ। ਆਪ ਸਰਵਨ ਕਰੋ।

ਸੋਰਠਿ ਮਹਲਾ ੫ ॥

ਮਾਤ ਗਰਭ ਦੁਖ ਸਾਗਰੋ ਪਿਆਰੇ ਤਹ ਅਪਣਾ ਨਾਮੁ ਜਪਾਇਆ॥

ਵਿਗਿਆਨ ਅਜਿਹਾ ਤਾਂ ਮੰਨਦਾ ਹੈ ਕਿ ਗਰਭ ਦੁੱਖ ਹੈ। ਦੂਜੀ ਗੱਲ ਅਜੇ ਵਿਗਿਆਨ ਨੇ ਨਹੀਂ ਮੰਨੀ ਕਿ ਉਸ ਗਰਭ ਦੇ ਵਿਚ ਬੱਚਾ ਸਿਮਰਨ ਕਰਦਾ ਹੈ।

ਮਾਤ ਗਰਭ ਮਹਿ ਆਪਨ ਸਿਮਰਨੁ ਦੇਹ ਤਹ ਤੁਮ ਰਾਖਨਹਾਰੇ॥
ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ॥

(ਅੰਗ ੬੧੩)

ਫਿਰ ਪ੍ਰਭੂ ਆਪਣਾ ਸਿਮਰਨ ਦਿੰਦਾ ਹੈ। ਉਹ ਸਿਮਰਨ ਦਾ ਸਦਕਾ ਬਚਦਾ ਹੈ। ਉਹ ਅਚੇਤ ਹੈ, ਜਿਸਦੀ ਅਜੇ ਬੁੱਧ ਕੰਮ ਨਹੀਂ ਕਰਦੀ। ਉਹ ਅਚੇਤ ਹੈ, ਜਿਸਦੇ ਅਜੇ ਗਿਆਨ-ਇੰਦਰੇ ਕੰਮ ਨਹੀਂ ਕਰਦੇ। ਉਹ ਅਚੇਤ ਹੈ, ਜਿਸਦੇ ਲਈ ਅਜੇ ਉਹ ਸਾਰੇ ਬੈਰੂਨੀ ਦਰਵਾਜ਼ੇ ਬੰਦ ਹਨ। ਇਹ ਉਸਦਾ ਚਿੰਤਨ ਕਰਦਾ ਹੈ। ਅਜਿਹਾ ਵਿਗਿਆਨ ਨੇ ਨਹੀਂ ਮੰਨਿਆ। ਭਾਰਤ

ਦੇ ਸਾਰੇ ਹੀ ਸੰਤਾਂ ਨੇ ਮੰਨਿਆ ਹੈ ਕਿ ਗਰਭ ਕਾਲ ਦਾ ਬੱਚਾ ਬ੍ਰਹਮ ਗਿਆਨੀ ਹੈ। ਚਾਹੇ ਦੁਸ਼ਟ ਮਾਂ ਦੀ ਗੋਦ ਵਿਚ ਹੈ, ਚਾਹੇ ਭਗਤ ਮਾਂ ਦੀ ਗੋਦ ਵਿਚ ਹੈ, ਬ੍ਰਹਮ ਗਿਆਨੀ ਹੈ। ਇਹ ਪ੍ਰਮਾਤਮਾ ਦੀ ਮਰਜ਼ੀ ਹੈ, ਉਸਦੀ ਰਹਿਮਤ ਹੈ।

ਇਕ ਬ੍ਰਹਮ ਗਿਆਨੀ ਨਾਮ ਜੱਪਦਿਆਂ ਜੱਪਦਿਆਂ ਵਿਚਾਰਾਂ ਤੋਂ ਰਹਿਤ ਹੋ ਜਾਂਦਾ ਹੈ, ਇਸ ਲਈ ਬੱਚਾ ਵੀ ਵਿਚਾਰਾਂ ਤੋਂ ਰਹਿਤ ਹੈ। ਇਕ ਬ੍ਰਹਮ ਗਿਆਨੀ ਸਮਾਧੀਲੀਨ ਮਨੁੱਖ ਹੈ, ਉਸਦਾ ਮਨ ਬਾਹਰ ਨਹੀਂ ਭਟਕਦਾ। ਬੱਚੇ ਦਾ ਮਨ ਵੀ ਬਾਹਰ ਨਹੀਂ ਭਟਕਦਾ। ਬੱਚੇ ਦੇ ਗਿਆਨ-ਇੰਦਰਿਆਂ ਦੇ ਦਰਵਾਜ਼ੇ ਬੰਦ ਹਨ। ਇਕ ਦਰਵਾਜ਼ਾ ਅਜਿਹਾ ਹੈ ਉਸਨੂੰ ਦਸਮ ਦੁਆਰ ਕਹਿੰਦੇ ਹਨ। ਜਿਹੜੇ ਨੌਂ ਦਰਵਾਜ਼ੇ ਹਨ, ਉਨ੍ਹਾਂ ਬਾਰੇ ਗੁਰੂ ਅਮਰਦਾਸ ਜੀ ਕਹਿੰਦੇ ਹਨ-

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ॥

(ਅੰਗ ੯੨੨)

ਇਹ ਜਿਹੜੇ ਨੌਂ ਦੇ ਨੌਂ ਦੁਆਰੇ ਹਨ, ਖੁੱਲ੍ਹੇ ਹਨ। ਜੀਵਨ ਭਰ ਮਨ ਇਹਨਾਂ ਦਰਵਾਜ਼ਿਆਂ ਦੇ ਰਾਹੀਂ ਬਾਹਰ ਭਟਕਦਾ ਹੈ। ਇਕ ਦਰਵਾਜ਼ਾ ਅਨੰਤ ਜਨਮਾਂ ਤੋਂ ਬੰਦ ਹੈ। ਉਸਨੂੰ ਦਸਮ ਦੁਆਰ ਕਹਿੰਦੇ ਹਨ। ਪਰ ਦਸਵਾਂ ਗੁਪਤ ਰਖਾਇਆ ਹੈ ਮਸਤਕ ਦੇ ਅੰਦਰ। ਭਗਤ ਕਬੀਰ ਕੁਝ ਹੋਰ ਵੀ ਕਹਿੰਦੇ ਹਨ-

ਦਰਮਾਦੇ ਠਾਢੇ ਦਰਬਾਰਿ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲਿ ਕਿਵਾਰ॥

(ਅੰਗ ੮੫੬)

ਹੇ ਪ੍ਰਭੂ! ਮੈਂ ਇਹ ਨੌਂ ਦਰਵਾਜ਼ੇ ਬੰਦ ਕਰ ਦਿੱਤੇ ਹਨ। ਆ ਗਿਆ ਹਾਂ ਦਸਵੇਂ 'ਤੇ। ਹੁਣ ਤੂੰ ਬਖਸ਼ਿਸ਼ ਕਰਕੇ ਇਸਨੂੰ ਖੋਲ੍ਹ ਦੇ। ਨੌਂ ਦਰਵਾਜ਼ੇ ਪ੍ਰਕਿਰਤੀ ਨੇ ਖੋਲ੍ਹ ਰੱਖੇ ਹਨ, ਦਸਵਾਂ ਦਰਵਾਜ਼ਾ ਪ੍ਰਮਾਤਮਾ ਖੋਲ੍ਹੇਗਾ। ਨੌਂ ਦਰਵਾਜ਼ੇ ਜਨਮ ਤੋਂ ਹੀ ਖੁੱਲ੍ਹੇ ਹਨ, ਦਸਵਾਂ ਹੋ ਸਕਦਾ ਹੈ ਮਰਨ ਤੋਂ ਬਾਅਦ ਵੀ ਨਾ ਖੁੱਲ੍ਹੇ। ਇਸ ਵਾਸਤੇ ਕਬੀਰ ਕਹਿੰਦੇ ਹਨ ਹੇ ਪ੍ਰਭੂ! ਮੈਂ ਯਤਨ ਕਰਕੇ, ਸਾਧਨਾ ਕਰਕੇ, ਜੱਪ ਤੱਪ ਕਰਕੇ ਨੌਂ ਦਰਵਾਜ਼ੇ ਬੰਦ ਕਰ ਲਏ ਹਨ। ਇਸ ਤੋਂ ਕਿਤੇ ਇਹ ਨਾ ਸਮਝ ਲੈਣਾ ਕਿ ਕਬੀਰ ਨੇ ਕੰਨਾਂ ਵਿਚ ਰੂੰ ਪਾ ਲਈ ਤੇ ਅੱਖਾਂ ਬੰਦ ਕਰ ਲਈਆਂ ਹੋਣਗੀਆਂ ਤੇ ਮੋਨ ਧਾਰਨ ਕਰ ਲਿਆ ਹੋਵੇਗਾ, ਚੁੱਪ ਕਰ ਗਿਆ ਹੋਵੇਗਾ। ਦੇਖਦੀਆਂ ਹਨ ਅੱਖਾਂ, ਪਰ ਇਹਨਾਂ ਦੇ ਰਾਹੀਂ ਮਨ ਬਾਹਰ ਭਟਕਦਾ ਨਹੀਂ, ਵਾਸ਼ਨਾ ਕਰਕੇ ਭਟਕਦਾ ਹੈ।

ਜਦੋਂ ਪਰਾਇਆ ਰੂਪ ਮੁਤਾਸਰ ਕਰੇ, ਪਰਾਇਆ ਧਨ ਮੁਤਾਸਰ ਕਰੇ ਤਾਂ ਅੱਖਾਂ ਦੇ ਰਾਹੀਂ ਮਨ ਬਾਹਰ ਜਾਂਦਾ ਹੈ। ਜਦੋਂ ਨਿੰਦਾ ਉਸਤਤ ਮੁਤਾਸਰ ਕਰੇ ਤਾਂ ਕੰਨਾਂ ਦੇ ਰਾਹੀਂ ਮਨ

ਬਾਹਰ ਜਾਂਦਾ ਹੈ। ਕੁਝ ਬੋਲ ਅਜਿਹੇ ਹਨ ਜੋ ਕੰਨਾਂ ਦੇ ਰਾਹੀਂ ਸੁਣੀਏ ਤਾਂ ਮਨ ਦਸਵੇਂ ਦੁਆਰ ਦੀ ਤਰਫ ਜਾਂਦਾ ਹੈ। ਕੁਝ ਬੋਲ ਅਜਿਹੇ ਹਨ ਜੋ ਬੋਲਦਿਆਂ ਬੋਲਦਿਆਂ ਮਨ ਵਿਕਾਰੀ ਹੋ ਜਾਂਦਾ ਹੈ, ਬਾਹਰ ਭਟਕਦਾ ਹੈ। ਕੁਝ ਅਜਿਹੇ ਬੋਲ ਹਨ ਜੋ ਬੋਲਦਿਆਂ ਬੋਲਦਿਆਂ ਮਨ ਭਗਤ ਹੋ ਜਾਂਦਾ ਹੈ, ਦਸਵੇਂ ਦੁਆਰ 'ਤੇ ਪਹੁੰਚ ਜਾਂਦਾ ਹੈ।

ਬਾਬਾ ਬੋਲਨਾ ਕਿਆ ਕਹੀਐ॥ ਜੈਸੇ ਰਾਮ ਨਾਮ ਰਵਿ ਰਹੀਐ॥

(ਅੰਗ ੮੭੦)

ਇਹ ਜੋ ਇੰਦਰੇ ਹਨ, ਦਸਵਾਂ ਤਾਂ ਗੁਪਤ ਹੈ, ਇਹ ਨੌਂ ਤਾਂ ਪ੍ਰਕਿਰਤੀ ਨੇ ਖੋਲ੍ਹ ਕੇ ਰੱਖੇ ਹਨ। ਧਰਤੀ ਦੀ ਗੋਦ ਵਿਚ ਆਉਂਦਿਆਂ ਇਹ ਦਰਵਾਜ਼ੇ ਨੌਂ ਦੇ ਨੌਂ ਖੁੱਲ੍ਹ ਜਾਂਦੇ ਹਨ। ਮਾਤਾ ਦੇ ਗਰਭ ਵਿਚ ਇਹ ਨੌਂ ਦੇ ਨੌਂ ਦਰਵਾਜ਼ੇ ਬੰਦ ਸਨ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ, ਗੁਰੂ ਰਾਮਦਾਸ ਜੀ ਮਹਾਰਾਜ, ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਚਾਰ ਚਾਰ ਪਹਿਰੇ ਲਿਖੇ ਹਨ ਸ੍ਰੀ ਰਾਗ ਵਿਚ। ਉਸਦੇ ਵਿਚ ਸਪੱਸ਼ਟ ਕਰਦੇ ਹਨ ਕਿ ਰਾਤ ਦੇ ਪਹਿਲੇ ਪਹਿਰੇ ਵਿਚ ਇਹ ਮਨੁੱਖ, ਇਹ ਜੀਵ ਸੁੱਤਾ ਹੋਇਆ ਨਹੀਂ ਸੀ। ਜਾਗਿਆ ਹੋਇਆ ਸੀ।

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥

(ਅੰਗ ੭੪)

ਜੀਵ ਜਿਸ ਦਿਨ ਗਰਭ ਵਿਚ ਆਇਆ, ਉਹੀ ਇਸਦਾ ਜਨਮ ਦਿਹਾੜਾ ਹੈ। ਹਰ ਮਨੁੱਖ ਨੂੰ ਆਪਣੇ ਜਨਮ ਦੇ ਨਾਲ ਜੋ ਇਸਨੇ ਨਿਸ਼ਚਿਤ ਤਾਰੀਖ਼ ਲਿਖ ਰੱਖੀ ਹੈ, ਉਸਦੇ ਨਾਲ ਨੌਂ ਦੱਸ ਮਹੀਨੇ ਹੋਰ ਜੋੜਨੇ ਪੈਣਗੇ। ਕਦੋਂ ਸਾਡਾ ਜਨਮ ਹੋਇਆ ਸੀ? ਚੋਟੀ ਦਾ ਸਾਇੰਟਿਸਟ ਵੀ ਹੋਵੇ, ਨਹੀਂ ਦੱਸ ਸਕਦਾ। ਕਦੋਂ ਇਸ ਜੀਵ ਨੇ ਮਾਂ ਦੇ ਗਰਭ ਵਿਚ ਪ੍ਰਵੇਸ਼ ਕੀਤਾ ਸੀ? ਪ੍ਰਮਾਤਮਾ ਜਾਣੇ। ਕਦੋਂ ਸਾਡਾ ਮਰਨ ਹੋਵੇਗਾ? ਪ੍ਰਮਾਤਮਾ ਜਾਣੇ। ਹੋਇਆ ਸੀ ਜਨਮ, ਕਦੋਂ ਹੋਇਆ? ਪ੍ਰਭੂ ਜਾਣੇ। ਹੋਵੇਗਾ ਮਰਨ, ਕਿਸ ਦਿਨ ਹੋਵੇਗਾ? ਪ੍ਰਭੂ ਜਾਣੇ। ਇਸਨੂੰ ਜਾਣਨਾ ਵੀ ਸਾਡੇ ਵੱਸ ਵਿਚ ਨਹੀਂ ਹੈ। ਮਾਂ ਦੇ ਗਰਭ ਤੋਂ ਧਰਤੀ ਦੀ ਗੋਦ ਵਿਚ ਆ ਗਿਆ ਹੈ, ਉਸਨੂੰ ਅਸੀਂ ਜਨਮ ਦਿਨ ਮੰਨਦੇ ਹਾਂ। ਉਹ ਗਿਣਤੀ ਵਾਸਤੇ ਸਾਰੇ ਆਸਰੇ ਮੌਜੂਦ ਹਨ। ਧਰਮ ਆਦਿ ਕਾਲ ਤੋਂ ਉਹੀ ਜਨਮ ਦਿਹਾੜਾ ਮੰਨਦਾ ਹੈ ਜਿਸ ਦਿਨ ਜੀਵ ਦਾ ਗਰਭ ਵਿਚ ਪ੍ਰਵੇਸ਼ ਹੈ। ਢਾਂਚਾ ਜਿਵੇਂ ਅੰਦਰ ਤਿਆਰ ਹੁੰਦਾ ਹੈ ਜੀਵ ਅੰਦਰ ਪ੍ਰਵੇਸ਼ ਕਰਦਾ ਹੈ। ਕਿਹੜੇ ਗਰਭ ਦੇ ਵਿਚ ਕਿਹੜੀ ਮਾਂ ਨੂੰ ਉਹ ਚੁਣਦਾ ਹੈ, ਜਿਸਦੇ ਨਾਲ ਉਸਦੇ ਸੰਸਕਾਰ ਦਾ ਮੇਲ ਮਿਲਦਾ ਹੈ, ਜਿਸਦੇ ਨਾਲ ਉਸਦੇ ਸੰਸਕਾਰ ਦਾ ਸੰਜੋਗ ਜੁੜਦਾ ਹੈ।

ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥

(ਅੰਗ ੭੪)

ਭਾਵੇਂ ਉਲਟਾ ਹੀ ਲਟਕਿਆ ਹੋਇਆ ਸੀ ਗਰਭ ਵਿਚ, ਪਰ ਪ੍ਰਾਰਥਨਾ ਦੇ ਵਿਚ ਸੀ।

ਵਾਸ਼ਨਾ ਨਹੀਂ ਸੀ, ਅਰਦਾਸ ਸੀ। ਗਿਲੇ ਨਹੀਂ ਸਨ, ਸ਼ੁਕਰਾਨਾ ਸੀ। ਗੁਰਬਾਣੀ 'ਤੇ ਵਿਸ਼ਵਾਸ ਆ ਗਿਆ, ਪ੍ਰਮਾਤਮਾ 'ਤੇ ਵਿਸ਼ਵਾਸ ਆ ਗਿਆ। ਧੰਨ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪ੍ਰਮਾਤਮਾ ਦਾ ਪ੍ਰਕਾਸ਼ ਹੈ।

ਪੋਥੀ ਪਰਮੇਸਰ ਕਾ ਥਾਨੁ॥ (ਅੰਗ ੧੨੨੬)

ਸਾਇੰਸ ਨੇ ਅਜਿਹਾ ਨਹੀਂ ਮੰਨਿਆ। ਸਾਇੰਸ ਤਾਂ ਪ੍ਰਮਾਤਮਾ ਨੂੰ ਵੀ ਨਹੀਂ ਮੰਨਦੀ। ਭਾਵੇਂ ਉਲਟਾ ਸੀ ਤਨ ਕਰਕੇ ਪਰ ਸੁਰਤ ਸਿੱਧੀ ਸੀ।

ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ॥
ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ॥

(ਅੰਗ ੭੪)

ਇਹ ਜ਼ਿੰਦਗੀ ਦੀ ਰਾਤ ਦਾ ਪਹਿਲਾ ਪਹਿਰ ਹੈ। ਆਮ ਲੋਕੀਂ ਪਹਿਲੇ ਪਹਿਰ ਵਿਚ ਸੌਂਦੇ ਨਹੀਂ, ਜਾਗੇ ਹੁੰਦੇ ਹਨ। ਪਹਿਲੇ ਪਹਿਰ ਵਿਚ ਪ੍ਰਮਾਤਮਾ ਨੇ ਇਸ ਜੀਵ ਨੂੰ ਜਗਾ ਕੇ ਰੱਖਿਆ ਹੋਇਆ ਹੈ। ਇਹ ਸਿਮਰਨ ਵਿਚ ਹੈ, ਭੁੱਲਿਆ ਹੋਇਆ ਨਹੀਂ ਹੈ। ਇਹ ਜਣਨੀਆਂ ਹਨ- ਇਕ ਧਰਤੀ ਮਾਂ, ਇਕ ਜਣਨੀ ਮਾਂ।

ਮਾਤਾ ਧਰਤਿ ਮਹਤੁ॥ (ਅੰਗ ੮)

ਇਸਦੀ ਵੀ ਮਹਿਮਾ ਆਪਣੀ ਹੈ। ਹੁਣ ਧਰਤੀ ਮਾਂ ਦੀ ਗੋਦ ਵਿਚ ਆ ਗਿਆ। ਇਸ ਮਾਂ ਦੀ ਗੋਦ ਵਿਚ ਆਉਂਦਿਆਂ ਮਹਾਰਾਜ ਕਹਿੰਦੇ ਹਨ-

ਦੂਜੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ॥

(ਅੰਗ ੭੫)

ਧਿਆਨ ਟੁੱਟ ਗਿਆ। ਲਿਵ ਟੁੱਟ ਗਈ।

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥

(ਅੰਗ ੯੨੧)

ਗਰਭ ਦੇ ਵਿਚ ਬ੍ਰਹਮ ਗਿਆਨ ਸੀ, ਸਮਾਧੀ ਸੀ, ਪ੍ਰਮਾਤਮਾ ਦੀ ਬਖ਼ਸ਼ਿਸ਼ ਸੀ। ਹੁਣ ਜੀਵਨ ਭਰ ਆਪਣੇ ਪਤਿਤ ਸੰਸਕਾਰਾਂ ਨੂੰ ਇਕ ਪਾਸੇ ਕਰਕੇ ਉਸਦੀ ਰਹਿਮਤ ਲੱਭਣੀ ਪਏਗੀ।

ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ॥
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ॥

ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ॥

(ਅੰਗ ੭੫)

ਘਰ ਦੇ ਵਿਚ ਲੋਕੀਂ ਲੱਡੂ ਪਏ ਵੰਡਦੇ ਹਨ, ਵਧਾਈਆਂ ਪਏ ਦਿੰਦੇ ਹਨ ਕਿ ਮੁੰਡੇ ਦਾ ਜਨਮ ਹੋਇਆ, ਪਰ ਭਾਈ ਗੁਰਦਾਸ ਕਹਿੰਦੇ ਹਨ ਕਿ ਉਸਨੂੰ ਵੀ ਤਾਂ ਪੁੱਛੋ। ਉਹ ਤਾਂ ਧਰਤੀ ਦੀ ਗੋਦ ਵਿਚ ਆਉਂਦਿਆਂ ਜ਼ਾਰੋ ਜ਼ਾਰ ਰੋ ਰਿਹਾ ਹੈ। ਉਹ ਤਾਂ ਰੋ ਰਿਹਾ ਹੈ, ਅਤੇ ਤੁਸੀਂ ਲੱਡੂ ਵੰਡ ਰਹੇ ਹੋ। ਤੁਸੀਂ ਮੁਬਾਰਕਾਂ ਦੇ ਰਹੇ ਹੋ। ਸਾਰਾ ਪਰਿਵਾਰ ਖ਼ੁਸ਼ੀਆਂ ਪਿਆ ਮਨਾਉਂਦਾ ਹੈ, ਪਰ ਉਹ ਆਪਣਾ ਦੁੱਖ ਪਿਆ ਰੋ ਰਿਹਾ ਹੈ। ਉਸਨੂੰ ਕੀ ਦੁੱਖ ਹੈ? ਲਿਵ ਟੁੱਟ ਗਈ। ਨੌਂ ਦਰਵਾਜ਼ੇ ਖੁੱਲ੍ਹ ਗਏ, ਇਹਨਾਂ ਦੇ ਰਾਹੀਂ ਮਨ ਬਾਹਰ ਜਾਂਦਾ ਹੈ। ਨੌਂ ਖੁੱਲ੍ਹ ਗਏ, ਦਸਵਾਂ ਬੰਦ ਹੋ ਗਿਆ। ਪਹਿਲਾਂ ਦਸਵਾਂ ਖੁੱਲ੍ਹਾ ਸੀ, ਨੌਂ ਬੰਦ ਸਨ। ਉਹ ਜੋ ਨੌਂ ਬੰਦ ਸਨ ਤੇ ਦਸਵਾਂ ਖੁੱਲ੍ਹਾ ਹੋਇਆ ਸੀ, ਉਸਦੀ ਰਹਿਮਤ ਸੀ ਤਾਂਕਿ ਜੀਵਨ ਭਰ ਇਸੇ ਅਨੁਭਵ ਨੂੰ ਲੱਭੇ ਤੇ ਇਸੇ ਅਨੁਭਵ ਨੂੰ ਚੇਤੇ ਕਰੇ।

ਇਹ ਜੋ ਮਨੁੱਖ ਦੇ ਪ੍ਰਾਣਾਂ ਵਿਚ ਪਿਆਸ ਹੈ ਸ਼ਾਂਤੀ ਦੀ, ਸ਼ਾਂਤੀ ਮਨੁੱਖ ਦੇਖ ਚੁੱਕਿਆ ਹੈ। ਇਹ ਜੋ ਪਰਮ ਰੱਜ ਦੀ ਪ੍ਰਾਣਾਂ ਵਿਚ ਪਿਆਸ ਹੈ, ਅਜਿਹਾ ਦੇਖ ਚੁੱਕਿਆ ਹੈ। ਭੁੱਲ ਗਿਆ ਹੈ। ਇਹ ਗੁਰਬਾਣੀ ਚੇਤੇ ਕਰਨ ਦਾ ਸਮਾਂ ਹੈ। ਜਿਸਨੂੰ ਚੇਤੇ ਆ ਗਿਆ। ਕਾਰਨ ਵੀ ਹੈ ਇਕ। ਕਿਉਂ ਨਹੀਂ ਚੇਤੇ ਆਉਂਦਾ? ਧਰਤੀ ਦੀ ਗੋਦ ਵਿਚ ਆਇਆ, ਲਿਵ ਟੁੱਟੀ ਤੇ ਰੋਇਆ। ਸਹਿਜੇ ਸਹਿਜੇ ਰੋਣੇ ਹੋਰ ਵੱਧ ਗਏ। ਕਿਹੜੇ? ਰਿਜ਼ਕ ਦੇ ਰੋਣੇ, ਮਾਂ ਦੀ ਖ਼ਾਤਰ ਰੋਣਾ, ਪਿਉ ਦੀ ਖ਼ਾਤਰ ਰੋਣਾ, ਖੇਡਾਂ ਵਾਸਤੇ ਰੋਣਾ, ਖਿਡੌਣਿਆਂ ਵਾਸਤੇ ਰੋਣਾ, ਰੋਜ਼ਗਾਰ ਵਾਸਤੇ ਰੋਣਾ, ਫਿਰ ਧੀਆਂ ਪੁੱਤਰਾਂ ਦੇ ਰੋਣੇ, ਕਾਰੋਬਾਰ ਦੇ ਰੋਣੇ। ਹਜ਼ਾਰਾਂ ਰੋਣੇ ਇਕੱਠੇ ਹੋ ਗਏ ਕਿ ਪਹਿਲਾ ਰੋਣਾ ਤਾਂ ਭੁੱਲ ਹੀ ਗਿਆ। ਕਦੀ ਕਦਾਈਂ ਕਥਾ ਸੁਣਦਿਆਂ, ਮੰਤਰ ਦਾ ਜੱਪ ਕਰਦਿਆਂ ਇਹਨਾਂ ਸਾਰਿਆਂ ਰੋਣਿਆਂ ਨੂੰ ਇਕ ਪਾਸੇ ਕਰਦਾ ਹੈ ਪਰ ਉਹ ਰੋਣਾ ਫਿਰ ਪ੍ਰਗਟ ਹੋ ਜਾਂਦਾ ਹੈ।

ਹਉ ਰਹਿ ਨਾ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥

(ਅੰਗ ੯੪)

ਉਹ ਰੋਣਾ ਜੇਕਰ ਜੀਵਨ ਵਿਚ ਕਿਸੇ ਨੇ ਪ੍ਰਗਟ ਕਰ ਲਿਆ ਹੈ ਤਾਂ ਉਹ ਦਸਮ ਦੁਆਰ 'ਤੇ ਪਹੁੰਚ ਗਿਆ। ਇਥੇ ਹੀ ਆ ਕੇ ਕਬੀਰ ਫ਼ਰਿਆਦ ਪਏ ਕਰਦੇ ਹਨ-

ਦਰਮਾਦੇ ਠਾਢੇ ਦਰਬਾਰਿ॥

ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ॥

(ਅੰਗ ੮੫੬)

ਹੇ ਪ੍ਰਭੂ! ਜਿਵੇਂ ਤੇਰੀ ਰਹਿਮਤ ਨੇ ਪਹਿਲੇ ਨੌਂ ਦਰਵਾਜ਼ੇ ਬੰਦ ਕੀਤੇ ਸਨ, ਦਸਵਾਂ ਖੋਲ੍ਹ

ਕੇ ਰੱਖਿਆ ਸੀ, ਸਾਧਨਾ ਕਰਕੇ, ਸਤਿਸੰਗ ਕਰਕੇ ਮੈਂ ਦਸਮ ਦੁਆਰ ਤੱਕ ਤਾਂ ਪਹੁੰਚ ਗਿਆ ਹਾਂ। ਹੁਣ ਤੂੰ ਫਿਰ ਰਹਿਮਤ ਕਰ, ਇਸਨੂੰ ਖੋਲ੍ਹ। ਇਸ ਦਰਵਾਜ਼ੇ ਨੂੰ ਜਿਹੜਾ ਖੋਲ੍ਹਣ ਵਿਚ ਸਫਲ ਹੋ ਜਾਂਦਾ ਹੈ, ਮੁਕਤ ਹੋ ਜਾਂਦਾ ਹੈ। ਜੀਵਨ ਭਰ ਉਹੀ ਮਨੁੱਖ ਤਲਾਸ਼ ਕਰ ਰਿਹਾ ਹੈ ਜੋ ਗਰਭ ਕਾਲ ਵਿਚ ਬਖ਼ਸ਼ਿਸ਼ ਕਰਕੇ ਪ੍ਰਮਾਤਮਾ ਨੇ ਝੋਲੀ ਵਿਚ ਦਾਤ ਪਾਈ ਸੀ। ਅਜਿਹਾ ਮੇਰੇ ਪਾਤਿਸ਼ਾਹ ਇਸ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿਚ ਫੁਰਮਾਣ ਕਰਦੇ ਹਨ। ਆਪ ਸਰਵਨ ਕਰੋ।

ਸੋਰਠਿ ਮਹਲਾ ੫ ॥

ਮਾਤ ਗਰਭ ਦੁਖ ਸਾਗਰੋ ਪਿਆਰੇ ਤਹ ਅਪਣਾ ਨਾਮੁ ਜਪਾਇਆ ॥

ਮਾਤਾ ਦਾ ਗਰਭ ਭਾਵੇਂ ਦੁੱਖਾਂ ਦਾ ਸਾਗਰ ਹੈ। ਜਿਵੇਂ ਸਾਗਰ ਦੀਆਂ ਲਹਿਰਾਂ ਨਹੀਂ ਗਿਣੀਆਂ ਜਾ ਸਕਦੀਆਂ, ਇਸ ਗਰਭ ਕਾਲ ਦੇ ਦੁੱਖਾਂ ਨੂੰ ਗਿਣਨਾ ਬੜਾ ਔਖਾ ਹੈ। ਪਰ ਤੂੰ ਆਪਣਾ ਨਾਮ ਜਪਾਇਆ, ਪੂਰੀ ਇਕਾਗਰਤਾ ਦਿੱਤੀ, ਤੂੰ ਪ੍ਰਾਰਥਨਾ ਦਿੱਤੀ। ਇੰਨੇ ਦੁੱਖਾਂ ਵਿਚ ਸੁੱਖ ਬਣਿਆ ਰਿਹਾ। ਇੰਨੇ ਕਲੇਸ਼ ਵਿਚ ਆਨੰਦ ਬਣਿਆ ਰਿਹਾ। ਉਸ ਕੁੰਭੀ ਨਰਕ ਵਿਚ ਸਵਰਗ ਬਣਿਆ ਰਿਹਾ। ਸਿਮਰਨ ਕਰਕੇ, ਤੇਰੇ ਨਾਮ ਕਰਕੇ।

ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ ਮਾਇਆ ਮੋਹੁ ਵਧਾਇਆ ॥

ਤੂੰ ਜਿਵੇਂ ਹੀ ਗਰਭ ਕਾਲ ਤੋਂ ਬਾਹਰ ਆਇਆ ਧਰਤੀ ਦੀ ਗੋਦ ਵਿਚ ਤਾਂ ਜ਼ਹਿਰ ਫੈਲ ਗਈ ਇਸਦੇ ਉੱਤੇ। ਅੰਦਰ ਗਰਭ ਵਿਚ ਗੁਣਵਾਨ ਸੀ, ਹੁਣ ਔਗੁਣ ਪਕੜਨੇ ਸ਼ੁਰੂ ਹੋ ਗਏ। ਹੁਣ ਮਾਇਆ ਦਾ ਪ੍ਰਭਾਵ ਪੈ ਗਿਆ। ਮਾਇਆ ਨੂੰ ਇਕ ਪੰਗਤੀ ਵਿਚ ਜਿਸ ਢੰਗ ਨਾਲ ਗੁਰੂ ਅਮਰਦਾਸ ਜੀ ਮਹਾਰਾਜ ਨੇ ਬਿਆਨ ਕਰ ਦਿੱਤਾ ਹੈ, ਮੈਂ ਅਜਿਹਾ ਸਮਝਦਾ ਹਾਂ, ਇਸ ਤੋਂ ਹੋਰ ਕੋਈ ਚੰਗੀ ਵਿਆਖਿਆ ਨਹੀਂ ਹੋ ਸਕਦੀ। ਕਹਿੰਦੇ ਹਨ ਇਹ ਮਾਇਆ ਹੈ, ਇਸਨੂੰ ਮਾਇਆ ਜਾਣੋ।

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥

(ਅੰਗ ੯੨੧)

ਬਸ ਹਰ ਉਸ ਵਸਤੂ ਨੂੰ ਮਾਇਆ ਸਮਝੋ ਜਿਸਨੂੰ ਵੇਖ ਕੇ, ਅਪਣਾ ਕੇ ਗੁਰੂ ਭੁੱਲੇ। ਕਿਉਂਕਿ ਮੈਂ ਅਪੰਗ ਸੀ। ਮੇਰੇ ਹੱਥ ਕੰਮ ਨਹੀਂ ਕਰਦੇ ਸਨ। ਮੇਰੇ ਪੈਰ ਚੱਲਦੇ ਨਹੀਂ ਸਨ। ਮੈਂ ਮਾਂ ਦੇ ਪੈਰਾਂ ਨਾਲ ਚੱਲਦਾ ਰਿਹਾ। ਮੈਂ ਪਿਉ ਦੇ ਹੱਥਾਂ ਨਾਲ ਖਾਂਦਾ ਰਿਹਾ। ਇਹ ਤੇਰੀ ਮੇਹਰ ਸੀ, ਤੂੰ ਮਾਂ ਬਾਪ ਬਣਕੇ ਮੇਰੀ ਪਾਲਣਾ ਕੀਤੀ। ਮੈਂ ਬੁੱਢਾ ਹੋ ਗਿਆ।

ਬਿਰਧਿ ਭਇਆ ਊਪਰਿ ਸਾਕ ਸੈਨ ॥
ਮੁਖਿ ਅਪਿਆਉ ਬੈਠ ਕਉ ਦੈਨ ॥

(ਅੰਗ ੨੬੬)

ਮਾਤ ਪਿਤਾ ਸੁਤ ਬੰਧਪ ਭਾਈ॥

(ਅੰਗ ੮੦੫)

ਹੁਣ ਤੂੰ ਸੁੱਤ ਬਣ ਕੇ, ਪੁੱਤ ਬਣ ਕੇ, ਪੋਤਰਾ ਬਣ ਕੇ ਮੇਰੇ ਮੂੰਹ ਵਿਚ ਅੰਨ ਪਾਣੀ ਪਾ ਰਿਹਾ ਹੈਂ। ਇਹ ਪੋਤਰਾ ਕੋਈ ਮਾਇਆ ਨਹੀਂ। ਪੋਤਰੇ ਕਰਕੇ ਵੀ ਪ੍ਰਮਾਤਮਾ ਯਾਦ ਆਉਂਦਾ ਹੈ। ਇਹ ਪੁੱਤਰ ਕੋਈ ਮਾਇਆ ਨਹੀਂ, ਪੁੱਤਰ ਕਰਕੇ ਰੱਬ ਚੇਤੇ ਆਇਆ ਹੈ। ਇਹ ਮਾਂ ਬਾਪ ਕੋਈ ਮਾਇਆ ਨਹੀਂ, ਮਾਂ ਬਾਪ ਕਰਕੇ ਪ੍ਰਮਾਤਮਾ ਚੇਤੇ ਆਇਆ ਹੈ। ਇਹ ਧਨ, ਸਾਜ਼ੋ ਸਾਮਾਨ ਕੋਈ ਮਾਇਆ ਨਹੀਂ ਜੇਕਰ ਇਸ ਕਰਕੇ ਪ੍ਰਭੂ ਚੇਤੇ ਆਵੇ। ਪਰ ਧਨ ਨੇ ਭੁੱਲਾ ਦਿੱਤਾ ਹੈ ਤਾਂ ਧਨ ਮਾਇਆ ਹੈ। ਪੁੱਤਰ ਵਿਚ ਅਜਿਹਾ ਫਸਿਆ, ਪ੍ਰਮਾਤਮਾ ਭੁੱਲ ਗਿਆ ਤਾਂ ਪੁੱਤਰ ਮਾਇਆ ਹੈ, ਧਨ ਮਾਇਆ ਹੈ, ਮਿੱਤਰ ਮਾਇਆ ਹੈ, ਪਤਨੀ ਮਾਇਆ ਹੈ, ਪਤੀ ਮਾਇਆ ਹੈ। ਹਰ ਉਸ ਵਸਤੂ ਨੂੰ ਮਾਇਆ ਜਾਣੋ, ਜਿਸ ਕਰਕੇ ਪ੍ਰਭੂ ਭੁੱਲੇ। ਜਿਹੜੀ ਜਿਹੜੀ ਘਟਨਾ, ਜਿਹੜੀ ਜਿਹੜੀ ਵਸਤੂ, ਜਿਹੜਾ ਜਿਹੜਾ ਰਿਸ਼ਤਾ ਪ੍ਰਮਾਤਮਾ ਨੂੰ ਭੁੱਲਾ ਦੇਵੇ, ਸਮਝ ਲੈਣਾ ਮਾਇਆ ਹੈ। ਜੇਕਰ ਪ੍ਰਮਾਤਮਾ ਚੇਤੇ ਹੈ ਤਾਂ ਕੁਝ ਵੀ ਮਾਇਆ ਨਹੀਂ।

ਜਨਕ ਲਈ ਸਿੰਘਾਸਣ ਵੀ ਮਾਇਆ ਨਹੀਂ ਹੈ। ਪਰਿਵਾਰ ਵੀ ਮਾਇਆ ਨਹੀਂ। ਪਰਿਵਾਰ ਵਿਚ ਬੈਠਿਆਂ ਵੀ ਉਹ ਨਿਰੰਕਾਰ ਨੂੰ ਚੇਤੇ ਕਰਦਾ ਹੈ। ਸੋਨੇ ਦੇ ਸਿੰਘਾਸਣ 'ਤੇ ਬੈਠ ਕੇ ਵੀ ਉਹ ਧਰਮ ਨਾਲ ਜੁੜਿਆ ਹੋਇਆ ਹੈ। ਰਾਜਾ ਹੁੰਦਿਆਂ ਹੋਇਆਂ ਉਹ ਜੋਗੀ ਹੈ। ਭਾਈ ਗੁਰਦਾਸ ਨੂੰ ਕਹਿਣਾ ਪਿਆ-

ਭਗਤ ਵੱਡਾ ਰਾਜਾ ਜਨਕ ਹੈ ਗੁਰਮੁਖ ਮਾਇਆ ਵਿਚ ਉਦਾਸੀ।

ਪਰ ਜਿਵੇਂ ਹੀ ਧਰਤੀ ਦੀ ਗੋਦ ਵਿਚ ਆਇਆ ਗਰਭ ਨੂੰ ਤਿਆਗ ਕੇ ਤਾਂ ਇਥੇ ਜ਼ਹਿਰ ਸੀ। ਇੰਦਰੀਆਂ ਦੇ ਰਾਹੀਂ ਮਨ ਭਟਕਿਆ। ਜਿੰਨਾ ਮਨ ਭਟਕਿਆ, ਉੱਨਾ ਦੁੱਖੀ। ਤ੍ਰਿਸ਼ਨਾ ਨੇ ਥਕਾਇਆ, ਵਾਸ਼ਨਾਵਾਂ ਨੇ ਦੌੜਾਇਆ ਅਤੇ ਕਈ ਜਨਮਾਂ ਤੋਂ ਵਾਸ਼ਨਾਵਾਂ ਦੌੜਾ ਰਹੀਆਂ ਹਨ। ਇਸ ਤਰ੍ਹਾਂ ਜ਼ਹਿਰ ਫੈਲੀ ਅਤੇ ਇਹ ਜੀਵ ਜ਼ਹਿਰੀਲਾ ਹੋ ਗਿਆ। ਇਸ ਤਰ੍ਹਾਂ ਮਾਇਆ ਨੇ ਆਪਣਾ ਅਮਰ ਵਰਤਾਇਆ।

ਜਿਸ ਨੋ ਕੀਤੋ ਕਰਮੁ ਆਪਿ ਪਿਆਰੇ ਤਿਸੁ ਪੂਰਾ ਗੁਰੂ ਮਿਲਾਇਆ॥

ਜਿਸ ਉੱਤੇ ਉਸਦੇ ਪੂਰਬਲੇ ਸੰਸਕਾਰਾਂ ਦੇ ਮੁਤਾਬਿਕ ਕਰਮ ਹੋ ਜਾਂਦਾ ਹੈ, ਬਖ਼ਸ਼ਿਸ਼ ਹੋ ਜਾਂਦੀ ਹੈ, ਉਸ ਨੂੰ ਫਿਰ ਪੂਰੇ ਗੁਰਦੇਵ ਦਾ ਮਿਲਾਪ ਹੋ ਜਾਂਦਾ ਹੈ। ਜਿਸਦੇ ਰਾਹੀਂ ਉਹ ਫਿਰ ਖੋਈ ਹੋਈ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਸੋ ਆਰਾਧੇ ਸਾਸਿ ਸਾਸਿ ਪਿਆਰੇ ਰਾਮ ਨਾਮ ਲਿਵ ਲਾਇਆ॥੧॥

ਪਰ ਗੁਰੂ ਦੇ ਮਿਲਾਪ ਦੇ ਸਦਕਾ ਉਹ ਆਪਣੀ ਲਿਵ ਦੀ ਡੋਰੀ ਫਿਰ ਉਸ ਰਾਮ ਨਾਲ ਜੋੜਦਾ ਹੈ ਜੋ ਮਾਤਾ ਦੇ ਗਰਭ ਵਿਚ ਜੁੜੀ ਹੋਈ ਸੀ। ਉਸ ਗਰਭ ਕਾਲ ਵਿਚ ਜਿਹੜੀ

ਉਸਦੀ ਅਵਸਥਾ ਬਣੀ ਹੋਈ ਸੀ, ਉਸ ਤਰ੍ਹਾਂ ਦੀ ਪੁਰਾਣੀ ਅਵਸਥਾ ਨੂੰ ਉਹ ਫਿਰ ਪ੍ਰਾਪਤ ਕਰ ਲੈਂਦਾ ਹੈ।

ਮਨਿ ਤਨਿ ਤੇਰੀ ਟੇਕ ਹੈ ਪਿਆਰੇ ਮਨਿ ਤਨਿ ਤੇਰੀ ਟੇਕ॥

ਇਸ ਵਾਸਤੇ, ਹੇ ਪ੍ਰਭੂ! ਇਹ ਮਰਕਜ਼ੀ ਖ਼ਿਆਲ ਹੈ। ਮੇਰੇ ਮਨ ਨੂੰ, ਮੇਰੇ ਤਨ ਨੂੰ ਕੇਵਲ ਤੇਰਾ ਹੀ ਆਸਰਾ ਹੈ। ਉਥੇ ਤੇਰੇ ਆਸਰੇ 'ਤੇ ਆਨੰਦ ਮਾਣਦੇ ਰਹੇ। ਇਸ ਸੰਸਾਰ ਵਿਚ ਮਾਇਆ ਵਿਚ ਵੀ ਤੇਰਾ ਹੀ ਆਸਰਾ ਹੈ। ਤੇਰੇ ਹੀ ਆਸਰੇ ਨੂੰ ਪਕੜਿਆ ਹੈ। ਕੇਵਲ ਤੇਰੀ ਟੇਕ ਨੂੰ ਪਕੜਿਆ ਹੈ।

ਤੁਧੁ ਬਿਨੁ ਅਵਰੁ ਨ ਕਰਨਹਾਰੁ ਪਿਆਰੇ ਅੰਤਰਜਾਮੀ ਏਕ॥ ਰਹਾਉ॥

ਹੋਰ ਟੇਕ ਕਿਉਂ ਨਹੀਂ ਪਕੜੀ? ਸਮਝ ਆ ਗਈ ਹੈ ਪੂਰੇ ਗੁਰਦੇਵ ਤੋਂ, ਤੈਥੋਂ ਬਿਨਾਂ ਹੋਰ ਕੋਈ ਕਰਤਾ ਨਹੀਂ ਹੈ। ਤੂੰ ਹੀ ਕਾਰਨ ਹੈਂ, ਤੂੰ ਹੀ ਰੱਖਵਾਲਾ ਹੈਂ ਅਤੇ ਤੂੰ ਹੀ ਘਟ-ਘਟ ਦੀ ਜਾਣਨ ਵਾਲਾ ਹੈਂ।

ਕੋਟਿ ਜਨਮ ਭ੍ਰਮਿ ਆਇਆ ਪਿਆਰੇ ਅਨਿਕ ਜੋਨਿ ਦੁਖੁ ਪਾਇ॥

ਪਤਾ ਨਹੀਂ ਕਿੰਨੇ ਜਨਮ ਭਟਕਣਾ ਰਹੀ? ਕਰੋੜਾਂ ਜੂਨੀਆਂ ਵਿਚ ਭਟਕਣਾ ਰਹੀ। ਕਿੰਨੇ ਜਨਮ ਤੱਕ ਪੱਥਰ, ਬਨਸਪਤੀ, ਪਸ਼ੂ, ਪੰਛੀ ਰਹੇ। ਮਨੁੱਖ ਹੋ ਕੇ ਅਚੇਤ ਰਹੇ, ਬੱਝੇ ਹੋਏ ਰਹੇ। ਆਮ ਹਾਲਤ ਮਨੁੱਖ ਦੀ ਅਜਿਹੀ ਹੈ ਕਿ ਮਨੁੱਖ ਮਰ ਕੇ ਫਿਰ ਮਨੁੱਖ ਹੀ ਬਣਦਾ ਹੈ। ਕਿਉਂ? ਦਾਨ ਵੀ ਕਰਦੇ ਹਨ। ਬੇਈਮਾਨੀ ਵੀ ਕਰਦੇ ਹਨ। ਇਕ ਕਦਮ ਅੱਗੇ, ਇਕ ਕਦਮ ਪਿੱਛੇ। ਸਤਿਸੰਗ ਵੀ ਕਰਦੇ ਹਨ, ਕੁਸੰਗ ਵੀ ਕਰਦੇ ਹਨ, ਸ਼ਰਧਾ ਵੀ ਰੱਖਦੇ ਹਨ, ਸ਼ੱਕ ਵੀ ਕਰਦੇ ਹਨ। ਫਿਰ ਇਹ ਉਥੇ ਦੇ ਉਥੇ ਹੀ ਰਹਿੰਦੇ ਹਨ। ਕਦੀ ਕਦੀ ਅਜਿਹਾ ਹੈ, ਸ਼ਰਧਾ ਬਿਲਕੁਲ ਨਹੀਂ, ਸ਼ੱਕ ਹੀ ਸ਼ੱਕ ਹੈ। ਦਾਨ ਕੁਝ ਵੀ ਨਹੀਂ ਹੈ, ਬੇਈਮਾਨੀ ਹੀ ਬੇਈਮਾਨੀ ਹੈ। ਸਤਿਸੰਗ ਬਿਲਕੁਲ ਨਹੀਂ ਹੈ, ਕੁਸੰਗਤ ਹੀ ਕੁਸੰਗਤ ਹੈ। ਇਸ ਤਰ੍ਹਾਂ ਦੇ ਲੋਕ ਪਿੱਛੇ ਮੁੜ ਜਾਂਦੇ ਹਨ। ਸਾਹਿਬ ਇਥੇ ਕਹਿੰਦੇ ਹਨ ਕਿ ਕਰੋੜਾਂ ਜੂਨੀਆਂ ਵਿਚ ਤੂੰ ਭਟਕਦਾ ਰਿਹਾ ਪਰ ਖ਼ੁਸ਼ਕਿਸਮਤੀ ਹੈ ਕਿ ਇਹ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ। ਧੀ, ਪੁੱਤਰ, ਦਾਨ, ਪਾਨ ਤਾਂ ਹਰ ਜੂਨ ਵਿਚ ਚੱਲਦਾ ਰਿਹਾ, ਪ੍ਰਮਾਤਮਾ ਦਾ ਮਿਲਣ ਕੇਵਲ ਮਨੁੱਖਾ ਦੇਹੀ ਵਿਚ ਹੀ ਹੈ। ਇਸ ਵਾਸਤੇ ਦੁਰਲੱਭ ਹੈ। ਇਹ ਤੈਨੂੰ ਦੁਰਲਭ ਦੇਹੀ ਪ੍ਰਾਪਤ ਹੋਈ।

ਸਾਚਾ ਸਾਹਿਬੁ ਵਿਸਰਿਆ ਪਿਆਰੇ ਬਹੁਤੀ ਮਿਲੈ ਸਜਾਇ॥

ਅਜਿਹਾ ਮਹਾਨ ਸੱਚਾ ਸਾਹਿਬ ਮਾਲਕ ਉਹ ਵਿਸਰ ਗਿਆ। ਗਰਭ ਕਾਲ ਵਿਚ ਚੇਤੇ ਸੀ। ਇਸ ਮਾਇਆ ਦੀ ਅਗਨ ਵਿਚ ਚੇਤੇ ਨਾ ਰਿਹਾ। ਇਸ ਤਰ੍ਹਾਂ ਫਿਰ ਦੁੱਖ ਸਹੇੜਨ ਲੱਗ ਪਿਆ ਜਦੋਂ ਕਿ ਸੰਸਾਰ ਵਿਚ ਦੁੱਖ ਨਹੀਂ ਹੋ ਸਕਦਾ ਸੀ। ਜੇ ਗਰਭ ਸਾਗਰ ਵਿਚ ਆਨੰਦ ਸੀ ਤਾਂ ਸੰਸਾਰ ਸਾਗਰ ਵਿਚ ਵੀ ਆਨੰਦ ਹੋ ਸਕਦਾ ਹੈ। ਗਰਭ ਸਾਗਰ ਵਿਚ ਪ੍ਰਮਾਤਮਾ ਦਾ

ਮਿਲਣਾ ਸੀ ਤਾਂ ਸੰਸਾਰ ਸਾਗਰ ਵਿਚ ਵੀ ਪ੍ਰਭੂ ਦਾ ਮਿਲਣਾ ਹੋ ਸਕਦਾ ਹੈ। ਪਰ ਕੀਤਾ ਕੀ ਜਾਏ ਇਹਨਾਂ ਨੌਂ ਗਿਆਨ-ਇੰਦਰਿਆਂ ਵਿਚ ਮਨ ਇੰਨਾ ਬਾਹਰ ਭਟਕਿਆ ਕਿ ਘਰ ਆਉਣਾ ਹੀ ਭੁੱਲ ਗਿਆ। ਤਾਂ ਹੀ ਆਵਾਜ਼ਾਂ ਪਈ ਮਾਰਦੀ ਹੈ ਗੁਰਬਾਣੀ-

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥ (ਅੰਗ ੪੫੧)

ਮੇਰੇ ਮਨ! ਤੂੰ ਘਰ ਆ ਤਾਂ ਸਹੀ, ਸਾਰੇ ਸੁੱਖ, ਸਾਰੇ ਆਨੰਦ ਘਰ ਦੇ ਵਿਚ ਹੀ ਹਨ, ਪਰ ਇਹ ਘਰ ਭੁੱਲ ਹੀ ਗਿਆ। ਸਤਿਸੰਗ, ਕਥਾ ਕੀਰਤਨ ਉਸ ਮਨੁੱਖ ਦਾ ਸੁਣਿਆ ਹੋਇਆ ਸਫਲ ਸਮਝ ਲੈਣਾ, ਜਿਸਨੂੰ ਘਰ ਚੇਤੇ ਆ ਜਾਏ। ਮਹਾਨ ਹੈ ਉਹ ਮਨੁੱਖ ਜੋ ਘਰ ਪਹੁੰਚ ਗਿਆ ਹੈ।

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

(ਅੰਗ ੮੫੩)

ਜਿਥੋਂ ਆਉਣਾ ਹੋਇਆ ਸੀ, ਉਥੇ ਪਹੁੰਚ ਗਿਆ।

ਜਿਨ ਭੇਟੈ ਪੂਰਾ ਸਤਿਗੁਰੂ ਪਿਆਰੇ ਸੇ ਲਾਗੇ ਸਾਚੈ ਨਾਇ॥

ਜਿਨ੍ਹਾਂ ਨੂੰ ਭੇਟ ਨਸੀਬ ਹੋ ਜਾਂਦੀ ਹੈ ਪੂਰੇ ਗੁਰਦੇਵ ਦੀ, ਉਹ ਫਿਰ ਸੱਚੇ ਨਾਮ ਵਿਚ ਆਪਣੀ ਸੁਰਤ ਜੋੜਦੇ ਹਨ।

ਤਿਨਾ ਪਿਛੈ ਛੁਟੀਐ ਪਿਆਰੇ ਜੋ ਸਾਚੀ ਸਰਣਾਇ॥ ੨॥

ਜੋ ਸੱਚ ਦੀ ਸ਼ਰਨ ਵਿਚ ਹਨ ਤੇ ਮੁਕਤ ਹਨ ਉਹਨਾਂ ਦੇ ਪਿੱਛੇ ਚੱਲਣ ਵਾਲਿਆਂ ਦੇ ਵੀ ਬੰਧਨ ਛੁੱਟ ਜਾਂਦੇ ਹਨ। ਉਹ ਵੀ ਮੁਕਤ ਹੋ ਜਾਂਦੇ ਹਨ। ਉਹਨਾਂ ਨੂੰ ਵੀ ਉਸੇ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ।

ਮਿਠਾ ਕਰਿ ਕੈ ਖਾਇਆ ਪਿਆਰੇ ਤਿਨਿ ਤਨਿ ਕੀਤਾ ਰੋਗੁ॥

ਭੁੱਲਿਆ ਕਿਉਂ? ਪ੍ਰਮਾਤਮਾ ਨੇ ਮਾਇਆ ਵਿਚ ਵੀ ਮਿਠਾਸ ਪਾਈ। ਇੰਦਰਿਆਂ ਦਾ ਵੀ ਰੱਸ ਹੈ, ਪਰ ਸਾਰੇ ਰੱਸ ਇਕ ਦਿਨ ਬੇਰੱਸ ਹੋ ਜਾਂਦੇ ਹਨ ਪ੍ਰਕਿਰਤਿਕ ਰੂਪ ਵਿਚ। ਕਦੋਂ? ਜਦੋਂ ਇਹਨਾਂ ਰੱਸਾਂ ਵਿਚ ਲੀਨ ਹੋਇਆ ਮਨੁੱਖ ਰੋਗਾਂ ਨੂੰ ਜਾ ਅੱਪੜਦਾ ਹੈ।

ਭੋਗੀਂ ਤਾ ਰੋਗੀਂ॥

ਗੁਰੂ ਅਰਜਨ ਦੇਵ ਜੀ।

ਅਸਾਧ ਰੋਗੁ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ॥

(ਅੰਗ ੧੦੦੧)

ਇੰਨੇ ਭਿਆਨਕ ਰੋਗ ਪੈਦਾ ਹੋ ਗਏ ਹਨ, ਇਲਾਜ ਹੀ ਕੋਈ ਨਹੀਂ। ਦਵਾਈ ਹੀ ਕੋਈ ਨਹੀਂ। ਇਹ ਰੋਗ ਕੀ ਹਨ? ਆਹਾਰਿਕ ਰੋਗ। ਗ਼ਲਤ ਦੇਖਦੇ ਰਹੇ, ਗ਼ਲਤ ਸੁਣਦੇ ਰਹੇ,

ਗ਼ਲਤ ਖਾਂਦੇ ਰਹੇ, ਗ਼ਲਤ ਪੀਂਦੇ ਰਹੇ। ਸਾਡੇ ਘਰ ਕੋਈ ਗੰਦਗੀ ਸੁੱਟ ਦੇਵੇ, ਅਸੀਂ ਝਗੜਾ ਕਰਾਂਗੇ ਕਿ ਗੰਦਗੀ ਵਾਲੀ ਥਾਂ 'ਤੇ ਸੁੱਟ, ਸਾਡੇ ਘਰ ਕਿਉਂ ਸੁੱਟਦਾ ਹੈਂ। ਪਰ ਕੋਈ ਗੰਦੀ ਗੱਲ ਕਰੇ, ਅਸੀਂ ਆਪਣੇ ਕੰਨ ਖੋਲ੍ਹ ਦਿੰਦੇ ਹਾਂ। ਗੰਦੇ ਦ੍ਰਿਸ਼ ਦੇਖਣ ਲਈ ਆਪਣੀਆਂ ਅੱਖਾਂ ਖੋਲ ਦਿੰਦੇ ਹਾਂ। ਗੰਦੀਆਂ ਗੱਲਾਂ ਲਈ ਜ਼ਬਾਨ ਚਲਾਉਣ ਲਈ ਰਾਜ਼ੀ ਹੋ ਜਾਂਦੇ ਹਾਂ। ਪਤਾ ਨਹੀਂ ਕਿੰਨੀ ਗੰਦਗੀ ਅੰਦਰ ਚਲੀ ਜਾਂਦੀ ਹੈ। ਕਬੀਰ ਤਾਂ ਕਹਿ ਰਹੇ ਹਨ-

ਮੂੰਦਿ ਲੀਏ ਦਰਵਾਜੇ॥

(ਅੰਗ ੬੫੬)

ਹਰ ਗੰਦਗੀ ਲਈ ਮੈਂ ਇਹ ਦਰਵਾਜ਼ੇ ਬੰਦ ਕਰ ਦਿੱਤੇ ਹਨ। ਨਹੀਂ ਮੈਂ ਨਿੰਦਾ ਉਸਤਤ ਸੁਣਦਾ ਨਹੀਂ ਮੈਂ ਬਿਖੇ ਨਾਦ ਸੁਣਦਾ। ਨਹੀਂ ਮੈਂ ਵਾਸ਼ਨਾ ਕਰਕੇ ਕਿਸੇ ਦਾ ਧਨ ਤੇ ਕਿਸੇ ਦਾ ਰੂਪ ਦੇਖਦਾ।

ਵਾਜੀਅਲੇ ਅਨਹਦ ਵਾਜੇ॥

ਪਰ ਕਿਉਂਕਿ ਮਾਇਆ ਵਿਚ ਰੱਸ ਹੈ। ਇਸ ਰੱਸ ਕਰਕੇ ਮਨੁੱਖ ਸੇਵਨ ਕਰਦਾ ਹੈ। ਮਿੱਠਾ ਕਰਕੇ ਖਾਂਦਾ ਹੈ। ਮਹਾਰਾਜ ਕਹਿੰਦੇ ਹਨ, ਫਿਰ ਅੰਜਾਮ ਕੀ ਹੁੰਦਾ ਹੈ? ਕੁਝੱਤਨ, ਰੋਗ। ਇਸਨੂੰ ਆਯੁਰਵੈਦ ਆਚਾਰੀਆ ਵੀ ਮੰਨਦੇ ਹਨ ਆਹਾਰ ਰੋਗ, ਆਹਾਰ ਚਿਕਿਤਸਾ। ਕਹਿੰਦਾ ਰੋਗ ਕੀ ਹੈ? ਆਹਾਰ ਰੋਗ। ਅਉਸ਼ਧੀ ਕੀ ਹੈ? ਆਹਾਰ ਅਉਸ਼ਧੀ, ਆਹਾਰ ਚਿਕਿਤਸਾ। ਖਾਣਾ ਪੀਣਾ ਰੋਗ ਹੈ, ਖਾਣਾ ਪੀਣਾ ਦਵਾਈ ਹੈ। 90% ਰੋਗ ਆਹਾਰਿਕ ਹੁੰਦੇ ਹਨ, 10% ਮਾਨਸਿਕ ਹੁੰਦੇ ਹਨ। ਆਹਾਰ ਰੋਗ ਦਾ ਕੀ ਇਲਾਜ ਹੈ? ਆਹਾਰ ਹੀ ਇਲਾਜ ਹੈ। ਕੁਝ ਖਾਧਾ ਹੈ ਉਸ ਨਾਲ ਰੋਗ ਪੈਦਾ ਹੋਏ ਹਨ, ਹੁਣ ਉਸਤੋਂ ਵਿਪਰੀਤ ਕੁਝ ਖਾਵਾਂਗੇ ਜੋ ਵੈਦ, ਡਾਕਟਰ ਜਾਣਦੇ ਹਨ, ਇਲਾਜ ਹੋ ਜਾਵੇਗਾ। ਕਰਮ ਰੋਗ ਦਾ ਇਲਾਜ ਨਹੀਂ ਹੁੰਦਾ। ਕੱਲ ਤੱਕ ਨਿੰਦਾ ਉਸਤਤ ਨੂੰ ਕੰਨਾਂ ਦੇ ਰਾਹੀਂ ਆਉਣ ਦਿੱਤਾ ਸੀ ਤੇ ਜੇ ਅੱਜ ਪ੍ਰਭੂ ਦੇ ਨਾਮ ਨੂੰ ਕੰਨਾਂ ਦੇ ਰਾਹੀਂ ਅੰਦਰ ਲਿਜਾਣਾ ਸ਼ੁਰੂ ਕਰੀਏ ਤਾਂ ਸਾਰੀ ਗੰਦਗੀ ਨਿਕਲ ਜਾਏਗੀ। ਪਰਾਇਆ ਰੋਗ ਤੇ ਪਰਾਇਆ ਧਨ ਵਾਸ਼ਨਾ ਦੇ ਰਾਹੀਂ ਅੰਦਰ ਲੈ ਜਾਂਦੇ ਰਹੇ, ਪਰ ਹੁਣ ਨਿਰਮਲ ਦ੍ਰਿਸ਼ਟੀ ਦੇ ਰਾਹੀਂ, ਪਵਿੱਤਰ ਦ੍ਰਿਸ਼ਟੀ ਦੇ ਰਾਹੀਂ ਸਾਰੇ ਜਗਤ ਨੂੰ ਨਿਰੰਕਾਰ ਦਾ ਰੂਪ ਜਾਣ ਕੇ ਵੇਖਣ ਲੱਗ ਪਏ। ਯਕੀਨ ਜਾਣੋ, ਬੇਸ਼ੁਮਾਰ ਰੋਗ ਨਿਕਲ ਜਾਣਗੇ। ਕੋਈ ਵੀ ਅਉਸ਼ਧੀ ਕਿਸੇ ਇਕ ਰੋਗ ਨੂੰ ਦੂਰ ਕਰੇਗੀ, ਪਰ ਪ੍ਰਭੂ ਦਾ ਨਾਮ ਸਾਰੇ ਰੋਗਾਂ ਨੂੰ ਦੂਰ ਕਰਦਾ ਹੈ।

ਸਰਬ ਰੋਗ ਕਾ ਅਉਖਦੁ ਨਾਮੁ॥

(ਅੰਗ ੨੭੪)

ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥

(ਅੰਗ ੨੮੮)

ਦਵਾਈਆਂ ਤੂੰ ਬਹੁਤ ਖਾਧੀਆਂ ਹਨ, ਸੰਜਮ ਵੀ ਰੱਖਿਆ ਹੈ। ਰੋਗ ਗਏ ਨਹੀਂ ਤਾਂ ਸਮਝ ਲੈਣਾ ਇਹ ਕਰਮ ਰੋਗ ਹੈ। ਤੇਰੇ ਕੀਤੇ ਉਪਾਵਾਂ ਨਾਲ ਨਹੀਂ ਗਿਆ, ਪਰ ਜੇ ਕਿਧਰੇ ਹੁਣ ਤੂੰ ਪ੍ਰਭੂ ਦਾ ਨਾਮ ਜੱਪੇਂ ਤਾਂ ਕਰਮ ਰੋਗ ਵੀ ਚਲਾ ਜਾਏਗਾ।

ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥

ਇਹ ਗੱਲ ਪੂਰਨ ਤੌਰ 'ਤੇ ਸੱਚ ਹੈ ਪਰ ਸ਼ਰਤ ਹੈ ਕਿ ਵਿਸ਼ਵਾਸ ਹੋਣਾ ਚਾਹੀਦਾ ਹੈ। ਨਾਮ ਜੱਪਦਿਆਂ ਜੱਪਦਿਆਂ ਸਾਰੀ ਅੰਦਰੋਂ ਗੰਦਗੀ ਨਿਕਲ ਜਾਂਦੀ ਹੈ। ਮਨ ਤੇ ਤਨ ਸਵੱਸਥ ਹੋ ਜਾਂਦਾ ਹੈ। ਖਾਧਾ ਮਿੱਠਾ ਕਰਕੇ ਪਰ ਕੌੜਾ ਹੋ ਕੇ ਸਾਹਮਣੇ ਪ੍ਰਗਟ ਹੋਇਆ।

ਕਉੜਾ ਹੋਇ ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ॥

ਅਨੇਕਾਂ ਤਰ੍ਹਾਂ ਦੇ ਵਿਯੋਗ ਵਿਛੋੜਿਆਂ ਨੂੰ ਜਨਮ ਦਿੱਤਾ ਇਸ ਕੁੜੱਤਣ ਨੇ, ਪਰ ਮਿੱਠਾ ਕਰਕੇ ਸੇਵਨ ਕੀਤਾ ਸੀ। ਇਹਨਾਂ ਸਾਰਿਆਂ ਨੇ ਦੁੱਖ ਨੂੰ ਵੀ ਜਨਮ ਦਿੱਤਾ, ਰੋਗ ਨੂੰ ਵੀ ਜਨਮ ਦਿੱਤਾ।

ਭੋਗ ਭੁੰਚਾਇ ਭੁਲਾਇਅਨੁ ਪਿਆਰੇ ਉਤਰੈ ਨਹੀ ਵਿਜੋਗ॥

ਇਹ ਵਿਛੋੜੇ ਦਾ ਦੁੱਖ ਇਸਦਾ ਲਹਿੰਦਾ ਹੀ ਨਹੀਂ, ਕਿਉਂਕਿ ਤਰ੍ਹਾਂ ਤਰ੍ਹਾਂ ਦੇ ਜਿਹੜੇ ਭੋਗ ਹਨ, ਪ੍ਰਮਾਤਮਾ ਨੇ ਆਪ ਹੀ ਬਣਾਏ ਹਨ। ਇਸੇ ਵਿਚ ਮਨੁੱਖ ਗ਼ਲਤਾਨ ਹੋ ਗਿਆ ਤੇ ਹੁਣ ਵਿਛੋੜੇ ਦਾ ਦੁੱਖ ਮਿੱਟਦਾ ਨਹੀਂ, ਪ੍ਰਭੂ ਦਾ ਮਿਲਾਪ ਹੁੰਦਾ ਹੀ ਨਹੀਂ। ਇਹ ਭੋਗ, ਇਹ ਰੱਸ, ਇਹ ਇੰਦਰਿਆਂ ਦੇ ਰੱਸ ਭਟਕਾਈ ਫਿਰਦੇ ਹਨ।

ਜੋ ਗੁਰ ਮੇਲਿ ਉਧਾਰਿਆ ਪਿਆਰੇ ਤਿਨ ਧੁਰੇ ਪਇਆ ਸੰਜੋਗੁ॥੩॥

ਜਿਨ੍ਹਾਂ ਦੇ ਕੋਈ ਪੂਰਬਲੇ ਸੰਯੋਗ ਸਨ, ਉਹਨਾਂ ਨੂੰ ਗੁਰੂ ਦਾ ਮਿਲਾਪ ਹੋਇਆ। ਉਹਨਾਂ ਦਾ ਦਸਵਾਂ ਦੁਆਰ ਖੁੱਲ੍ਹ ਗਿਆ। ਅਨਾਹਦ ਦਾ ਨਾਦ ਵੱਜ ਗਿਆ।

ਮਾਇਆ ਲਾਲਚਿ ਅਟਿਆ ਪਿਆਰੇ ਚਿਤਿ ਨ ਆਵਹਿ ਮੂਲਿ॥

ਮਾਇਆ ਦਾ ਲੋਭ, ਇਕ ਮਾਇਆ ਦੀ ਲੋੜ, ਲੋੜ ਨਹੀਂ ਭਟਕਾਉਂਦੀ। ਲੋੜਾਂ ਦੀ ਤਾਂ ਸੀਮਾ ਹੈ। ਕਿੰਨੀ ਕੁ ਲੋੜ ਹੋਵੇਗੀ? ਪਸ਼ੂ ਦੀਆਂ ਲੋੜਾਂ ਨਾਲੋਂ ਮਨੁੱਖ ਦੀਆਂ ਲੋੜਾਂ ਜ਼ਿਆਦਾ ਨਹੀਂ ਹਨ। ਪਸ਼ੂ ਲੋੜਾਂ ਵਿਚ ਜਿਉਂਦੇ ਹਨ। ਮਨੁੱਖ ਲੋੜਾਂ ਦੇ ਨਾਲ ਨਾਲ ਖ਼ਾਹਿਸ਼ਾਂ ਵਾਸ਼ਨਾਵਾਂ ਵਿਚ ਜਿਉਂਦਾ ਹੈ। ਪਸ਼ੂ ਦੀਆਂ ਸਿਰਫ਼ ਲੋੜਾਂ ਹਨ, ਸੁੱਖੀ ਹੈ। ਮਨੁੱਖ ਦੀਆਂ ਲੋੜਾਂ ਦੇ ਨਾਲ ਨਾਲ ਲੋਭ ਹੈ। ਪ੍ਰਭੁੱਤਾ ਦਾ ਲੋਭ, ਧਨ ਦਾ ਲੋਭ, ਰੂਪ ਦਾ ਲੋਭ ਤੇ ਲੋਭ ਦੀ ਕੋਈ ਸੀਮਾ ਨਹੀਂ। ਭੁੱਖ ਦੀ ਤਾਂ ਸੀਮਾ ਹੈ। ਦੋ ਰੋਟੀਆਂ ਖਾ ਲਏਗਾ, ਚਾਰ ਖਾ ਲਏਗਾ, ਅੱਠ ਖਾ ਲਏਗਾ। ਪਰ ਸੁਆਦ ਦੀ ਸ ਮਾ ਕੋਈ ਨਹੀਂ। ਲੋੜਾਂ ਦੀ ਸੀਮਾ ਹੈ। ਲੋਭ ਦੀ ਸੀਮਾ ਨਹੀਂ ਹੈ ਤਾਂ ਲਾਲਚ ਦਾ ਅਟਿਆ ਹੋਇਆ, ਲਾਲਚ ਦਾ ਫੱਸਿਆ ਹੋਇਆ ਇਹ ਭੋਗ ਵਿਚ ਫੱਸਦਾ

ਹੈ ਅਤੇ ਇਸ ਤਰ੍ਹਾਂ ਵਿਯੋਗ ਦਾ ਇਹ ਦੁੱਖ ਸਹਾਰਦਾ ਹੈ। ਇਸ ਤਰ੍ਹਾਂ ਜਨਮ ਦਰ ਜਨਮ ਭਟਕਦਾ ਹੈ।

ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ ਸੇ ਤਨ ਹੋਏ ਧੂੜਿ॥

ਜਿਨ੍ਹਾਂ ਨੂੰ ਪ੍ਰਭੂ ਤੂੰ ਭੁੱਲ ਜਾਂਦਾ ਹੈਂ, ਇਹ ਜੀਂਵਦਾ ਜਾਗਦਾ ਤਨ ਵੀ ਉਹਨਾਂ ਦਾ ਧੂੜ ਦੀ ਤਰ੍ਹਾਂ ਹੁੰਦਾ ਹੈ ਭਾਵ ਕੁਝ ਵੀ ਨਹੀਂ। ਮਹਾਨ ਜ਼ਿੰਦਗੀ ਉਹਨਾਂ ਦੀ ਧੂੜ ਦੀ ਤਰ੍ਹਾਂ ਹੁੰਦੀ ਹੈ।

ਬਿਲਲਾਟ ਕਰਹਿ ਬਹੁਤੇਰਿਆ ਪਿਆਰੇ ਉਤਰੈ ਨਾਹੀ ਸੂਲੁ॥

ਬਿਲਲਾਉਂਦੇ ਹਨ, ਚਿਲਾਉਂਦੇ ਹਨ, ਵਿਆਕੁਲ ਹੁੰਦੇ ਹਨ। ਦੁੱਖਾਂ ਦੇ ਸੂਲ ਉਹਨਾਂ ਦੇ ਨਿਕਲਦੇ ਨਹੀਂ। ਇਹ ਸੂਲ ਚੁਭਦੇ ਹੀ ਰਹਿੰਦੇ ਹਨ।

ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨ ਕਾ ਰਹਿਆ ਮੂਲੁ ॥੪॥

ਜਿਨ੍ਹਾਂ ਨੂੰ ਗੁਰੂ ਦਾ ਮਿਲਾਪ ਹੋਇਆ, ਉਹਨਾਂ ਨੇ ਆਪਣੇ ਆਪ ਨੂੰ ਸਵਾਰ ਲਿਆ ਅਤੇ ਉਹਨਾਂ ਨੇ ਮੂਲ ਤੱਤ ਦੀ ਪ੍ਰਾਪਤੀ ਕਰ ਲਈ ਭਾਵ ਪਰਮ ਆਨੰਦ ਦੀ ਪ੍ਰਾਪਤੀ ਕਰ ਲਈ।

ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ॥

ਜਿਥੋਂ ਤੱਕ ਵੱਸ ਚਲੇ ਮਹਾਰਾਜ ਕਹਿੰਦੇ ਹਨ ਕਿ ਸਾਕਤ ਦਾ ਸੰਗ ਨਾ ਕਰੋ। ਸਾਕਤ ਸ਼ਕਤੀ ਦਾ ਉਪਾਸ਼ਕ ਹੈ, ਭਗਤ ਭਗਵਾਨ ਦਾ ਉਪਾਸ਼ਕ ਹੈ। ਸਾਕਤ ਦੇ ਅੱਖਰੀ ਅਰਥ ਇਹੀ ਹਨ। ਜਿਸਦੀ ਜ਼ਿੰਦਗੀ ਦਾ ਲਕਸ਼ ਧਨ ਹੈ, ਧਰਮ ਨਹੀਂ। ਜਿਸਦੀ ਜ਼ਿੰਦਗੀ ਦਾ ਲਕਸ਼ ਪ੍ਰਭੁੱਤਾ ਹੈ, ਪ੍ਰਭੂ ਨਹੀਂ। ਜਿਸ ਦੀ ਜ਼ਿੰਦਗੀ ਦਾ ਲਕਸ਼ ਕਾਮ ਹੈ, ਰਾਮ ਨਹੀਂ। ਜਿਸਦੀ ਜ਼ਿੰਦਗੀ ਦਾ ਲਕਸ਼ ਰਾਮ ਹੈ, ਸਾਧਨ ਕਾਮ ਹੋ ਸਕਦਾ ਹੈ। ਜਿਸਦੀ ਜ਼ਿੰਦਗੀ ਦਾ ਲਕਸ਼ ਪ੍ਰਭੂ ਹੈ, ਪ੍ਰਭੁੱਤਾ ਇਕ ਸਾਧਨ ਹੋ ਸਕਦੀ ਹੈ। ਜਿਸਦੀ ਜ਼ਿੰਦਗੀ ਦਾ ਲਕਸ਼ ਤਾਂ ਧਰਮ ਹੈ, ਧਨ ਇਕ ਸਾਧਨ ਹੋ ਸਕਦਾ ਹੈ। ਜੋ ਧਨ ਨੂੰ ਤੇ ਸੰਸਾਰ ਨੂੰ ਸਾਧਨ ਦੀ ਤਰ੍ਹਾਂ ਲੈਂਦਾ ਹੈ, ਭਗਤ ਹੈ। ਪਰ ਜੋ ਸੰਸਾਰ ਨੂੰ ਲਕਸ਼ ਸਮਝ ਲੈਂਦਾ ਹੈ ਤੇ ਨਿਰੰਕਾਰ ਨੂੰ ਸਾਧਨ ਸਮਝਦਾ ਹੈ ਜਾਂ ਨਿਰੰਕਾਰ ਨੂੰ ਮੰਨਦਾ ਨਹੀਂ, ਉਸਨੂੰ ਕਹਿੰਦੇ ਹਨ ਸਾਕਤ। ਸਾਹਿਬ ਕਹਿੰਦੇ ਹਨ ਕਿ ਭੁੱਲ ਕੇ ਵੀ ਸਾਕਤ ਦੀ ਸੰਗਤ ਨਾ ਕਰੀਂ, ਨਹੀਂ ਤਾਂ ਤੂੰ ਵੀ ਸ਼ਕਤੀ ਦਾ ਉਪਾਸ਼ਕ ਹੋ ਜਾਵੇਂਗਾ। ਸ਼ਾਂਤੀ ਦਾ ਉਪਾਸ਼ਕ ਨਹੀਂ ਹੋਵੇਂਗਾ। ਭਗਵਾਨ ਦੇ ਪਿੱਛੇ ਦੌੜਨ ਵਾਲਾ ਮਨੁੱਖ ਇਕ ਦਿਨ ਸੰਸਾਰ ਵਿਚ ਸਭ ਤੋਂ ਅੱਗੇ ਹੋ ਜਾਂਦਾ ਹੈ। ਸ਼ਕਤੀ ਦੇ ਪਿੱਛੇ ਦੌੜਨ ਵਾਲਾ ਮਨੁੱਖ ਸਦਾ ਹੀ ਪਿਛੇ ਰਹਿੰਦਾ ਹੈ।

ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥

(ਅੰਗ ੯੫੮)

ਭਗਤ ਸਿਖਰ 'ਤੇ ਹੁੰਦਾ ਹੈ।

ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੋ ਮੁਹਿ ਕਾਲੈ ਉਠਿ ਜਾਇ॥

ਜਿਸਨੂੰ ਮਿਲਦਿਆਂ ਪ੍ਰਭੂ ਭੁੱਲਦਾ ਹੋਵੇ, ਬਸ ਇਹਨਾਂ ਦੇ ਨੇੜੇ ਨਹੀਂ ਜਾਣਾ ਚਾਹੀਦਾ। ਇਕ ਪਾਸੇ ਹੋ ਜਾਣਾ ਚਾਹੀਦਾ ਹੈ।

ਮਨਮੁਖਿ ਢੋਈ ਨਹ ਮਿਲੈ ਪਿਆਰੇ ਦਰਗਾਹ ਮਿਲੈ ਸਜਾਇ॥

ਮਨ ਦੇ ਅਧੀਨ ਚੱਲਣ ਵਾਲੇ ਨੂੰ ਦਰਗਾਹ ਵਿਚ ਅਸਥਾਨ ਨਹੀਂ ਮਿਲਦਾ ਸਗੋਂ ਸਜ਼ਾ ਮਿਲਦੀ ਹੈ।

ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨਾ ਪੂਰੀ ਪਾਇ॥ ੫॥

ਜਿਨ੍ਹਾਂ ਨੂੰ ਗੁਰੂ ਦਾ ਮਿਲਾਪ ਹੋਇਆ ਹੈ, ਜਿਨ੍ਹਾਂ ਨੇ ਗੁਰੂ ਦੁਆਰਾ ਆਪਣੇ ਆਪ ਨੂੰ ਸਵਾਰ ਲਿਆ ਹੈ, ਉਹਨਾਂ ਦੀ ਦਰਗਾਹ ਵਿਚ ਗੱਲ ਰਹਿ ਜਾਂਦੀ ਹੈ।

ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ॥

ਜੇਕਰ ਲਕਸ਼ ਪਦਾਰਥ ਹੈ, ਸੰਸਾਰ ਹੈ ਤੇ ਕਰੇ ਧਾਰਮਿਕ ਸਾਧਨਾ, ਭਾਵੇਂ ਕਿੰਨਾ ਸੰਜਮ ਰੱਖੇ, ਕਿੰਨੇ ਉਪਰਾਲੇ ਕਰੇ, ਇਕ ਵੀ ਨਾਲ ਨਹੀਂ ਚੱਲੇਗਾ, ਮਨ ਸੋਗੀ ਰਹੇਗਾ।

ਜੋ ਬੇਮੁਖ ਗੋਬਿੰਦ ਤੇ ਪਿਆਰੇ ਤਿਨ ਕੁਲਿ ਲਾਗੈ ਗਾਲਿ॥

ਜਿਹੜੇ ਬੇਮੁੱਖ ਹਨ, ਪ੍ਰਮਾਤਮਾ ਤੋਂ ਉਲਟ ਚੱਲਦੇ ਹਨ, ਉਹ ਆਪਣੀ ਕੁਲ ਨੂੰ ਵੀ ਕਲੰਕਿਤ ਕਰਦੇ ਹਨ।

ਹੋਦੀ ਵਸਤੁ ਨ ਜਾਤੀਆ ਪਿਆਰੇ ਕੂੜੁ ਨ ਚਲੀ ਨਾਲਿ॥

ਪਰੀਪੂਰਨ ਪ੍ਰਮਾਤਮਾ ਉਸਨੂੰ ਤਾਂ ਨਹੀਂ ਜਾਣਿਆ ਪਰ ਜਿਸਨੂੰ ਜਾਣਿਆ ਸਦੀਵੀ ਕਰਕੇ ਜਾਣਿਆ ਹੈ, ਉਹ ਨਾਲ ਚੱਲੀ ਨਹੀਂ।

ਸਤਿਗੁਰੁ ਜਿਨਾ ਮਿਲਾਇਓਨੁ ਪਿਆਰੇ ਸਾਚਾ ਨਾਮੁ ਸਮਾਲਿ॥ ੬॥

ਜਿਨ੍ਹਾਂ ਨੂੰ ਸਤਿਗੁਰੂ ਦਾ ਮਿਲਾਪ ਹੋ ਜਾਂਦਾ ਹੈ ਅਤੇ ਸੱਚੇ ਨਾਮ ਦੀ ਸੰਭਾਲ ਕਰਨੀ ਆ ਜਾਂਦੀ ਹੈ।

ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ॥

ਜਿਸ ਉਪਰ ਆਪਣੀ ਮਿਹਰ ਕਰਦਾ ਹੈ, ਉਸ ਨੂੰ ਸੰਤੋਖ ਤੇ ਗਿਆਨ ਪ੍ਰਾਪਤ ਹੋ ਜਾਂਦਾ ਹੈ।

ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ॥

ਅੰਮ੍ਰਿਤ ਨਾਲ ਉਹਨਾਂ ਦੇ ਹਿਰਦੇ ਭਰ ਜਾਂਦੇ ਹਨ, ਕਿਉਂਕਿ ਦਿਨ ਰਾਤ ਉਹ ਪ੍ਰਭੂ

ਦੀ ਕੀਰਤੀ ਸੁਣਦੇ ਹਨ।

ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ॥

ਇਹ ਜੋ ਦੁੱਖਾਂ ਦਾ ਸਾਗਰ ਹੈ ਸੰਸਾਰ, ਮਾਤ ਗਰਭ ਜੋ ਦੁੱਖਾਂ ਦਾ ਸਾਗਰ ਸੀ, ਪ੍ਰਭੂ ਦੇ ਸਿਮਰਨ ਕਰਕੇ ਬਚੇ ਹੋਏ ਸਨ। ਇਹ ਸਿਮਰਨ ਪ੍ਰਭੂ ਨੇ ਆਪ ਝੋਲੀ ਵਿਚ ਪਾਇਆ ਸੀ। ਗੁਰੂ ਦੇ ਮਿਲਾਪ ਸਦਕਾ ਇਸ ਦੁੱਖਾਂ ਦੇ ਸਾਗਰ ਤੋਂ ਵੀ ਬੱਚ ਗਏ ਅਤੇ ਪਰਮ ਪੱਦ ਦੀ ਪ੍ਰਾਪਤੀ ਹੋ ਗਈ।

ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ ਸੇਈ ਸਦਾ ਖਰੇ॥੭॥

ਉਹ ਹੀ ਸਦਾ ਖਰੇ ਹਨ ਜਿਨ੍ਹਾਂ ਨੂੰ ਉਹ ਭਾਅ ਜਾਂਦਾ ਹੈ। ਜਿਹੜੇ ਉਸਦੇ ਭਾਣੇ ਵਿਚ ਹਨ ਤੇ ਜਿਹੜੇ ਉਸਨੂੰ ਪਿਆਰੇ ਲੱਗਦੇ ਹਨ। ਜਿਨ੍ਹਾਂ ਨੂੰ ਉਹ ਅਪਣਾ ਲੈਂਦਾ ਹੈ ਬਸ ਉਹ ਖਰੇ ਹਨ, ਉਹ ਖੋਟੇ ਨਹੀਂ ਹਨ।

ਸੰਮ੍ਰਥ ਪੁਰਖੁ ਦਇਆਲ ਦੇਉ ਪਿਆਰੇ ਭਗਤਾ ਤਿਸ ਕਾ ਤਾਣੁ॥

ਹੇ ਪਰੀਪੂਰਨ ਪ੍ਰਮਾਤਮਾ! ਅਜਿਹੀ ਮੱਤ ਦੇ, ਅਜਿਹੀ ਸੂਝ ਬੂਝ ਦੇ, ਕਿਉਂਕਿ ਭਗਤਾਂ ਨੂੰ ਤੇਰਾ ਹੀ ਤਾਣ ਹੈ।

ਤਿਸੁ ਸਰਣਾਈ ਢਹਿ ਪਏ ਪਿਆਰੇ ਜਿ ਅੰਤਰਜਾਮੀ ਜਾਣੁ॥

ਉਸਦੀ ਸ਼ਰਨ ਹੀ ਆ ਪਏ ਹਾਂ ਜਿਹੜਾ ਅੰਦਰ ਦੀ ਜਾਣਨ ਵਾਲਾ ਹੈ, ਘਟ ਘਟ ਦੀ ਜਾਣਨ ਵਾਲਾ ਹੈ।

ਹਲਤੁ ਪਲਤੁ ਸਵਾਰਿਆ ਪਿਆਰੇ ਮਸਤਕਿ ਸਚੁ ਨੀਸਾਣੁ॥

ਉਸ ਪਰੀਪੂਰਨ ਪ੍ਰਮਾਤਮਾ ਨੇ ਬਖ਼ਸ਼ਿਸ਼ ਦਾ ਨਿਸ਼ਾਨ ਮਸਤਕ 'ਤੇ ਲਗਾ ਦਿੱਤਾ ਹੈ। ਲੋਕ ਪਰਲੋਕ ਸੁਹੇਲਾ ਕਰ ਦਿੱਤਾ ਹੈ। ਭਾਵ ਸੰਸਾਰ 'ਤੇ ਆਉਣਾ ਸਫਲ ਹੋ ਗਿਆ ਹੈ।

ਸੋ ਪ੍ਰਭੁ ਕਦੇ ਨ ਵੀਸਰੈ ਪਿਆਰੇ ਨਾਨਕ ਸਦ ਕੁਰਬਾਣੁ॥੮॥੨॥

ਅਜਿਹਾ ਪਰੀਪੂਰਨ ਪ੍ਰਮਾਤਮਾ ਮਾਤਾ ਦੇ ਗਰਭ, ਜੋ ਵਾਸਤਵਿਕ ਵਿਚ ਦੁੱਖ ਸਾਗਰ ਹੈ, ਉਸਦੇ ਵਿਚ ਰੱਖਿਆ ਕਰਦਾ ਹੈ ਤੇ ਜਿਸਦਾ ਜੱਪ, ਜਿਸਦਾ ਸਿਮਰਨ ਸੰਸਾਰ ਸਾਗਰ ਵਿਚ ਰੱਖਿਆ ਕਰਦਾ ਹੈ, ਅਜਿਹੇ ਪ੍ਰਭੂ ਨੂੰ ਕਿਉਂ ਭੁੱਲੀਏ। ਉਸਤੋਂ ਸਦਕੇ ਜਾਂਦੇ ਹਾਂ ਅਸੀਂ ਜੋ ਸੰਸਾਰ ਸਾਗਰ ਤੋਂ ਵੀ ਪਾਰ ਕਰ ਦਿੰਦਾ ਹੈ ਅਤੇ ਗਰਭ ਦੁੱਖਾਂ ਦਾ ਸਾਗਰ ਹੈ, ਉਸਦੇ ਵਿਚ ਵੀ ਰੱਖਿਆ ਕਰਦਾ ਹੈ।

ਸਤਿਗੁਰੂ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸੰਪਾਦਕ



ਮਨਜਿੰਦਰ ਸਿੰਘ

ਵਿਸ਼ੇਸ਼ ਧੰਨਵਾਦ:

ਗੁ: ਸ੍ਰੀ ਗੁਰੂ ਸਿੰਘ ਸਭਾ ਬੈਂਕਾਕ ਤੇ

ਸਾਧ ਸੰਗਤ ਬੈਂਕਾਕ ਤੇ ਥਾਈਲੈਂਡ

ISBN 81-7601-832-5

9788176018326